# ਵਤਨ

(ਈ-ਅੰਕ 4)
ਸਤੰਬਰ/ਅਕਤੂਬਰ 2007

ਸੰਪਾਦਕ: ਸੁਖਵੰਤ ਹੁੰਦਲ, ਸਾਧੂ ਬਿਨਿੰਗ

ਸਹਿਯੋਗੀ: ਹਰਪ੍ਰੀਤ ਸੇਖਾ, ਪਾਲ ਬਿਨਿੰਗ



(1907 – 1931)

"ਜਦ ਤੱਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ, ਤੇ ਸਮਾਜ ਦਾ ਵਰਤਮਾਨ ਢਾਂਚਾ ਖਤਮ ਖਤਮ ਕਰਕੇ ਉਸ ਦੇ ਥਾਂ ਸਮਾਜ ਖੁਸ਼ਹਾਲੀ 'ਤੇ ਆਧਾਰਤ ਨਵਾਂ ਸਮਾਜਕ ਢਾਂਚਾ ਨਹੀਂ ਉਸਰ ਜਾਂਦਾ, ਜਦ ਤੱਕ ਹਰ ਕਿਸਮ ਦੀ ਲੁੱਟ ਖਸੁਟ ਅਸੰਭਵ ਬਣਾ ਕੇ ਮਨੁੱਖਤਾ 'ਤੇ ਅਸਲ ਅਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਤਦ ਤੱਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ।...

ਸਾਮਰਾਜੀ ਤੇ ਸਰਮਾਏਦਾਰੀ ਲੁੱਟ ਕੁਝ ਦਿਨਾਂ ਦੀ ਖੇਡ ਹੈ। ਇਹ ਜੰਗ ਨਾ ਅਸਾਂ ਤੋਂ ਸ਼ੁਰੂ ਹੋਇਆ ਹੈ ਤੇ ਨਾ ਹੀ ਸਾਡੇ ਜੀਵਨ ਨਾਲ ਖਤਮ ਹੋਵੇਗਾ। ਇਹ ਤਾਂ ਇਤਿਹਾਸਕ ਕਾਰਨਾਂ ਤੇ ਆਲੇ-ਦੁਆਲੇ ਪਸਰੇ ਹਾਲਾਤ ਦਾ ਜ਼ਰੂਰੀ ਨਤੀਜਾ ਹੈ।"

*– ਭਗਤ ਸਿੰਘ ਵਲੋਂ ਗਵਰਨਰ ਪੰਜਾਬ ਨੂੰ ਲਿਖੇ ਖੱਤ ਵਿੱਚੋਂ।*

(ਭਾਰਤ ਦੀ ਅਜ਼ਾਦੀ ਦੀ ਲੜਾਈ ਦੇ ਸਿਰਮੌਰ ਸ਼ਹੀਦ ਅਤੇ ਚਿੰਤਕ ਭਗਤ ਸਿੰਘ ਦੀ ਕੁਰਬਾਨੀ ਅਤੇ ਵਿਚਾਰ ਅੱਜ ਵੀ ਕ੍ਰੋੜਾਂ ਲੋਕਾਂ ਲਈ ਰਾਹ-ਰੁਸ਼ਨਾਉਣ ਵਾਲੇ ਹਨ। ਵਤਨ ਦਾ ਇਹ ਅੰਕ ਉਹਨਾਂ ਦੇ ਸੌਵੇਂ ਜਨਮ ਨੂੰ ਸਮਰਪਿਤ ਹੈ। ਉਹਨਾਂ ਦੀ ਯਾਦ ਵਿੱਚ ਅਸੀਂ ਉਹਨਾਂ ਦਾ ਮਸ਼ਹੂਰ ਲੇਖ "ਮੈਂ ਨਾਸਤਕ ਕਿਉਂ ਹਾਂ", ਹਿੰਦੂ ਕੱਟੜਪੰਥੀਆਂ ਵਲੋਂ ਭਗਤ ਸਿੰਘ ਦੇ ਵਿਚਾਰਾਂ ਨੂੰ ਤੋੜ ਮਰੋੜ ਕੇ ਪੇਸ਼ ਕਰਨ ਦੇ ਜੁਆਬ ਵਿੱਚ ਕਿਸ਼ੋਰ ਜਾਮਦਾਰ ਦਾ ਖੁਲ੍ਹਾ ਖੱਤ ਅਤੇ ਹੋਰ ਸਮੱਗਰੀ ਪਾਠਕਾਂ ਲਈ ਪੇਸ਼ ਕਰ ਰਹੇ ਹਾਂ ।– ਸੰਪਾਦਕ)

# ਇਸ ਅੰਕ ਵਿੱਚ


| | | | ਸਫਾ |
|---|---|---|---|
| ਸੰਪਰਕ | | | 5 |
| ਲੇਖ | | | |
| | ਭਗਤ ਸਿੰਘ ਦੀ ਜਨਮ ਸ਼ਤਾਬਦੀ | ਸਾਧੂ ਬਿਨਿੰਗ | 3 |
| | ਮੈਂ ਨਾਸਤਕ ਕਿਉਂ ਹਾਂ | ਸ਼ਹੀਦ ਭਗਤ ਸਿੰਘ | 7 |
| | ਭਗਤ ਸਿੰਘ ਦਾ ਭਗਵਾਂਕਰਨ | ਕਿਸ਼ੋਰ ਜਾਮਦਾਰ | |
| ਕਵਿਤਾਵਾਂ | | | |
| | | ਸਾਧੂ ਬਿਨਿੰਗ | 24 |
| | | ਚਰਨਜੀਤ ਸਿੰਘ ਪੰਨੂ | 26 |
| | | ਸਾਥੀ ਲੁਧਿਆਣਵੀ | 28 |
| ਲੜੀਵਾਰ ਨਾਵਲ | ਧਰਤੀ ਧਨ ਨਾ ਆਪਣਾ | ਜਗਦੀਸ਼ ਚੰਦਰ | 30 |
| ਸਥਾਈ ਕਾਲਮ | ਪਰਦਾ ਜੋ ਉੱਠ ਗਿਆ<br>ਅਮਰੀਕੀ ਹਮਲੇ ਤੋਂ<br>ਛੇ ਸਾਲਾਂ ਬਾਅਦ | ਸੁਖਵੰਤ ਹੁੰਦਲ | 50 |
| | ਪੁਸਤਕ ਰੀਵੀਊ<br>ਬਲਦੇ ਸਿਵਿਆਂ ਦਾ ਸੇਕ–<br>ਸਾਮਰਾਜੀ ਮਗਰਮੱਛ ਦੇ<br>ਜਬਾੜੇ ਵਿੱਚ ਮੇਖ਼ ਗੱਡਣ<br>ਦਾ ਯਤਨ | ਡਾ: ਰਜਿੰਦਰਪਾਲ ਸਿੰਘ | 58 |
| ਪੁਸਤਕ ਸੂਚੀ | ਕਨੇਡਾ ਦਾ ਪੰਜਾਬੀ ਸਾਹਿਤ – ਵਾਰਤਿਕ ਅਤੇ ਹੋਰ ਕਿਤਾਬਾਂ | | 64 |


---


## ਕਾਪੀਰਾਇਟ ਨੋਟਿਸ

ਜਿਹੜੀਆਂ ਲਿਖਤਾਂ ਦੇ ਅੰਤ ਵਿੱਚ ਇਹ ਨੋਟਿਸ ਦਿੱਤਾ ਗਿਆ ਹੈ ਕਿ "ਇਸ ਲਿਖਤ ਦੇ ਕਾਪੀਰਾਈਟ ਲੇਖਕ ਦੇ ਹਨ", ਉਸ ਲਿਖਤ ਨੂੰ **ਕਿਸੇ ਹੋਰ ਜਗ੍ਹਾ ਛਾਪਣ ਤੋਂ ਪਹਿਲਾਂ ਲੇਖਕ ਕੋਲੋਂ ਇਜਾਜ਼ਤ ਲੈਣੀ ਜ਼ਰੂਰੀ ਹੈ।**

ਵਤਨ ਵਿਚ ਛਪੀਆਂ ਬਾਕੀ ਲਿਖਤਾਂ ਨੂੰ ਦੂਸਰੀਆਂ ਪ੍ਰਕਾਸ਼ਨਾਵਾਂ ਵਿੱਚ ਛਾਪਿਆ ਜਾ ਸਕਦਾ ਹੈ, ਪਰ ਛਾਪਣ ਸਮੇਂ ਵਤਨ ਦਾ ਹਵਾਲਾ ਦੇਣਾ ਜ਼ਰੂਰੀ ਹੈ। – **ਅਦਾਰਾ ਵਤਨ**

# ਭਗਤ ਸਿੰਘ ਦੀ ਜਨਮ ਸ਼ਤਾਬਦੀ

## ਸਾਧੂ ਬਿਨਿੰਗ



ਬਰਤਾਨਵੀਂ ਸਾਮਰਾਜ ਤੋਂ ਭਾਰਤ ਨੂੰ ਆਜ਼ਾਦ ਕਰਾਉਣ ਦੀ ਲੜਾਈ ਦੇ ਸਭ ਤੋਂ ਬਹਾਦਰ ਯੋਧੇ ਅਤੇ ਆਪਣੇ ਸਮੇਂ ਦੇ ਸਭ ਤੋਂ ਵੱਧ ਅਗਾਂਵਧੂ ਚਿੰਤਕ ਸ਼ਹੀਦ ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਹੋਇਆ ਸੀ। ਇਹ ਸਾਰਾ ਸਾਲ ਹੀ, ਖਾਸ ਤੌਰ ’ਤੇ ਸਤੰਬਰ ਦੇ ਮਹੀਨੇ ਦੌਰਾਨ, ਭਗਤ ਸਿੰਘ ਦੀ ਜਨਮ ਸ਼ਤਾਬਦੀ ਨਾਲ ਸਬੰਧਤ ਸਰਗਮੀਆਂ ਹੁੰਦੀਆਂ ਰਹੀਆਂ ਹਨ। ਵੈਨਕੂਵਰ ਤੇ ਆਸ ਪਾਸ ਦੇ ਇਲਾਕਿਆਂ ਵਿਚ ਵੀ ਲੋਕਾਂ ਅਤੇ ਪੰਜਾਬੀ ਮੀਡੀਏ ਨੇ ਇਸ ਪਾਸੇ ਵਲ ਬਣਦਾ ਧਿਆਨ ਦਿੱਤਾ ਹੈ ਅਤੇ ਭਾਰਤ ਦੇ ਸਭ ਤੋਂ ਹਰਮਨ ਪਿਆਰੇ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਕੁਰਬਾਨੀਆਂ ਨੂੰ ਡੂੰਘੇ ਪਿਆਰ ਤੇ ਸਤਿਕਾਰ ਨਾਲ ਯਾਦ ਕੀਤਾ ਹੈ।

ਇਸ ਸਮੇਂ ਵੈਨਕੂਵਰ ਦਾ ਪੰਜਾਬੀ/ਭਾਰਤੀ ਭਾਈਚਾਰਾ ਦੂਜੀਆਂ ਥਾਵਾਂ ਦੇ ਮੁਕਾਬਲੇ ਇਕ ਦੋ ਗੱਲਾਂ ਵਾਧੂ ਵੀ ਕਰ ਗਿਆ ਹੈ। ਵੈਨਕੂਵਰ ਨਾਲ ਲਗਦੇ ਸ਼ਹਿਰ ਬਰਨਬੀ ਦੇ ਮੇਅਰ ਡੈਰਿਕ ਕੌਰਿਗਨ ਵਲੋਂ ਸਤੰਬਰ 27 ਦਾ ਦਿਨ ਭਗਤ ਸਿੰਘ ਨੂੰ ਸਮਰਪੱਤ ਕੀਤਾ ਗਿਆ। ਇਸ ਕੰਮ ਲਈ ਪੰਜਾਬੀ ਪਿਛੋਕੜ ਦੇ ਸਿਟੀ ਕਾਉਂਸਲਰ ਸਾਵ ਧਾਲੀਵਾਲ ਅਤੇ ਬਰਨਬੀ ਸਿਟੀ ਕਾਉਂਸਲ ਵਧਾਈ ਦੀ ਹੱਕਦਾਰ ਹੈ। ਬਰਨਬੀ ਵਲੋਂ ਚੁੱਕੇ ਇਸ ਹੌਸਲੇ ਵਾਲੇ ਕਦਮ ਤੋਂ ਬਾਅਦ ਬੀ ਸੀ ਸਰਕਾਰ ਵਿਚਲੀ ਵਿਰੋਧੀ ਪਾਰਟੀ ਐਨ ਡੀ ਪੀ ਵਲੋਂ ਵੀ ਭਗਤ ਸਿੰਘ ਦੀ ਯਾਦ ਵਿਚ ਇਕ ਬਿਆਨ ਦਿੱਤਾ ਗਿਆ। ਅਤੇ ਫੇਰ ਸਰਕਾਰ ਚਲਾ ਰਹੀ ਲਿਬਰਲ ਪਾਰਟੀ ਨੇ ਵੀ ਆਪਣੀ ਵਲੋਂ ਭਗਤ ਸਿੰਘ ਦੀ ਯਾਦ ਵਿਚ ਬਿਆਨ ਜ਼ਾਰੀ ਕੀਤਾ। ਇਸ ਕੰਮ ਲਈ ਦੋਵਾਂ ਪਾਰਟੀਆਂ ਵਿਚਲੇ ਪੰਜਾਬੀ/ਭਾਰਤੀ ਪਿਛੋਕੜ ਦੇ ਵਿਧਾਇਕ ਅਤੇ ਖਾਸ ਕਰ ਹੈਰੀ ਬੈਂਸ (ਐਨ ਡੀ ਪੀ) ਅਤੇ ਡੇਵ ਹੇਅਰ (ਲਿਬਰਲ) ਵਧਾਈ ਦੇ ਪਾਤਰ ਹਨ। ਇਸ ਵਿਚ ਤਾਂ ਕਿਸੇ ਨੂੰ ਕੋਈ ਸ਼ੱਕ ਨਹੀਂ ਕਿ ਭਗਤ ਸਿੰਘ ਨੂੰ ਯਾਦ ਕਰਨ ਨਾਲ ਹੀ ਇਹ ਪਾਰਟੀਆਂ ਭਗਤ ਸਿੰਘ ਦੇ ਸੁਪਨਿਆਂ ਵਾਲਾ ਸਮਾਜ ਸਿਰਜਣ ਵਲ ਰੁਚਿਤ ਹੋ ਜਾਣ, ਪਰ ਇਨ੍ਹਾਂ

ਵਲੋਂ ਬਰਤਾਨਵੀ ਸਾਮਰਾਜ ਦੇ ਇਕ ਬਹੁਤ ਵੱਡੇ ਤੇ ਸਾਮਰਾਜ ਵਿਰੋਧੀ ਨੂੰ ਸਰਕਾਰੀ ਮਾਨਤਾ ਦੇਣੀ ਆਪਣੇ ਆਪ ਵਿੱਚ ਕੋਈ ਛੋਟੀ ਗੱਲ ਨਹੀਂ। ਯਾਦ ਰਹੇ ਕਿ ਕਨੇਡਾ ਦੇ ਹਰ ਸਰਕਾਰੀ ਦਫਤਰ ਵਿਚ ਅਜੇ ਵੀ ਬਰਤਾਨਵੀਂ ਰਾਣੀ ਦੀ ਤਸਵੀਰ ਸਜੀ ਹੋਈ ਹੈ ਤੇ ਇਸ ਸੂਬੇ ਦਾ ਨਾਂ ਅਜੇ ਵੀ ਬ੍ਰਿਟਿਸ਼ ਕੋਲੰਬੀਆ ਹੈ।

ਇਸੇ ਹੀ ਸੰਦਰਭ ਵਿਚ 28 ਸਤੰਬਰ ਵਾਲੇ ਦਿਨ ਬਰਨਬੀ ਵਿਚ ਸ਼ਹੀਦ ਭਗਤ ਸਿੰਘ ਦੀ ਯਾਦ ਵਿਚ ਹੋਏ ਇੱਕ ਨਿਵੇਕਲੇ ਪ੍ਰੋਗਰਾਮ ਦਾ ਜ਼ਿਕਰ ਵੀ ਏਥੇ ਕੁਥਾਵਾਂ ਨਹੀਂ। ਇਹ ਪ੍ਰੋਗਰਾਮ ਨੌਜਵਾਨ ਪੀੜ੍ਹੀ ਵਲੋਂ ਆਯੋਜਿਤ ਕੀਤਾ ਗਿਆ ਸੀ। ਇਸ ਨੂੰ ਆਯੋਜਿਤ ਕਰਨ ਵਾਲੇ ਹਰਸ਼ਾ ਵਾਲੀਆਂ ਅਤੇ ਹਰਜਾਪ ਗਰੇਵਾਲ ਅਤੇ ਉਨ੍ਹਾਂ ਦੇ ਸਾਥੀ ਅਸਲੀ ਅਰਥਾਂ ਵਿਚ ਭਗਤ ਸਿੰਘ ਦੀ ਸੋਚ ’ਤੇ ਪਹਿਰਾ ਦੇਣ ਵਾਲੇ ਨੌਜਵਾਨ ਲੋਕ ਹਨ ਜੋ ਕਨੇਡਾ ਵਿਚਲੇ ਪੰਜਾਬੀ/ਭਾਰਤੀ ਭਾਈਚਾਰੇ ਦੀ ਅਗਾਂਹਵਧੂ ਸਗਰਮੀਆਂ ਦੀ ਮਾਣਮੱਤੀ ਰਵਾਇਤ ਨੂੰ ਅੱਗੇ ਤੋਰ ਰਹੇ ਹਨ। ਪ੍ਰੋਗਰਾਮ ਵਿਚ ਇਕ-ਦੋ ਵਿਅਕਤੀਆਂ ਤੋਂ ਬਿਨਾਂ ਬਾਕੀ ਸਾਰੇ ਬੁਲਾਰੇ ਨੌਜਵਾਨ ਪੀੜ੍ਹੀ ਦੇ ਅਤੇ ਬਾਹਰ ਦੇ ਹੀ ਜੰਮਪਲ ਸਨ। ਇਸ ਪ੍ਰੋਗਰਾਮ ਵਿਚ ਭਗਤ ਸਿੰਘ ਦੇ ਵਿਚਾਰਾਂ ਨੂੰ ਵੱਖਰੇ ਵੱਖਰੇ ਲੋਕਾਂ ਵਲੋਂ ਪੜ੍ਹ ਕੇ ਪੇਸ਼ ਕੀਤਾ ਗਿਆ ਅਤੇ ਕੁਝ ਬੁਲਾਰਿਆਂ ਵਲੋਂ ਉਨ੍ਹਾਂ ਦੇ ਵਿਚਾਰਾਂ ਬਾਰੇ ਸੰਜੀਦਾ ਗੱਲਬਾਤ ਕੀਤੀ ਗਈ। ਇਨ੍ਹਾਂ ਬੁਲਾਰਿਆਂ ਵਿਚ ਸ਼ਾਮਲ ਡਾਕਟਰ ਸੁਨੇਰਾ ਥੋਬਾਨੀ ਦਾ ਜ਼ਿਕਰ ਜ਼ਰੂਰੀ ਹੈ। ਸੁਨੇਰਾ ਦਾ ਪਿਛੋਕੜ ਭਾਰਤੀ ਹੈ ਤੇ ਪੈਦਾਇਸ਼ ਅਫਰੀਕਾ ਦੀ। ਉਹ ਔਰਤਾਂ ਅਤੇ ਮਜ਼ਲੂਮਾਂ ਦੇ ਹੱਕਾਂ ਲਈ ਆਵਾਜ਼ ਉਠਾਉਣ ਵਾਲੀ ਨਿਧੜਕ ਔਰਤ ਹੈ ਜੋ ਇਸ ਵੇਲੇ ਯੂ ਬੀ ਸੀ ਵਿਚ ਪੜ੍ਹਾ ਰਹੀ ਹੈ। ਅਮਰੀਕਾ ਵਲੋਂ ਇਰਾਕ ਵਿਚ ਛੇੜੀ ਜੰਗ ਵਿਰੁੱਧ ਬੋਲਣ ਵਾਲੀ ਕਨੇਡਾ ਵਿਚ ਉਹ ਸਭ ਤੋਂ ਉੱਚੀ ਆਵਾਜ਼ ਸੀ ਜਿਸ ਬਦਲੇ ਉਹਨੂੰ ਬਹੁਤ ਸਾਰੇ ਨਸਲਵਾਦੀ ਲੋਕਾਂ ਦੀ ਨਫਰਤ ਦਾ ਸ਼ਿਕਾਰ ਹੋਣਾ ਪਿਆ। ਸੁਨੇਰਾ ਨੇ ‘ਭਗਤ ਸਿੰਘ ਦੀ ਸੋਚ ਦਾ ਅਜੋਕੇ ਸਮੇਂ ਕੀ ਮਹੱਤਵ ਹੈ’ ਸਬੰਧੀ ਬਹੁਤ ਹੀ ਖੋਜ ਭਰਪੂਰ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਭਗਤ ਸਿੰਘ ਦੀ ਵਿਚਾਰਧਾਰਾ ਸਿਰਫ ਭਾਰਤੀਆਂ ਲਈ ਹੀ ਨਹੀਂ ਸਮੁੱਚੇ ਮਨੁੱਖੀ ਸਮਾਜ ਲਈ ਮਹੱਤਤਾ ਰੱਖਦੀ ਹੈ।

ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਸਮੇਂ ਜਿੱਥੇ ਬਹੁਤ ਕੁਝ ਵਧੀਆ ਹੋਇਆ ਹੈ ਤੇ ਹੋ ਰਿਹਾ ਹੈ, ਉੱਥੇ ਧਾਰਮਿਕ ਹਲਕਿਆਂ ਵਲੋਂ ਉਹੀ ਪੁਰਾਣਾ ਰਾਗ ਵੀ ਗਾਇਆ ਜਾ ਰਿਹਾ ਹੈ ਕਿ ਭਗਤ ਸਿੰਘ ਇਕ ਧਾਰਮਿਕ ਵਿਰਤੀਆਂ ਵਾਲਾ ਸਿੱਖ ਨੌਜਵਾਨ ਸੀ। ਹੈ ਤਾਂ ਇਹ ਵੀ ਇਕ ਤਰ੍ਹਾਂ ਭਗਤ ਸਿੰਘ ਦੀ ਸਿਫਤ ਦੀ ਹੀ ਗੱਲ, ਪਰ ਬਾਵਜੂਦ ਇਸ ਦੇ ਕਿ ਭਗਤ ਸਿੰਘ ਨੇ ਖੁਦ ਆਪਣੇ ਆਖਰੀ ਦਿਨਾਂ ਵਿਚ ਇਸ ਸਬੰਧੀ ਬਹੁਤ ਹੀ ਮਹੱਤਵਪੂਰਨ ਤੇ ਦੁਨੀਆਂ ਦੇ ਵੱਡੇ ਚਿੰਤਕਾਂ ਦੇ ਬਰਾਬਰ ਰੱਖਿਆ ਜਾਣ ਵਾਲਾ ਦਸਤਾਵੇਜ ‘ਮੈਂ ਨਾਸਤਿਕ ਕਿਉਂ ਹਾਂ’ ਲਿਖਿਆ, ਇਹ ਲੋਕ ਮੰਨਣ ਨੂੰ ਤਿਆਰ ਨਹੀਂ ਕਿ ਭਗਤ ਸਿੰਘ ਇਕ ਤਰਕਵਾਦੀ ਸੋਚ ਵਾਲਾ ਵਿਅਕਤੀ ਸੀ ਜਿਸ ਨੇ ਆਪਣੇ ਛੋਟੇ ਜਿਹੇ ਜੀਵਨ ਦੌਰਾਨ ਆਪਣੇ ਵਿਚਾਰਾਂ ਵਿਚ ਆਈਆਂ ਤਬਦੀਲੀਆਂ ਦਾ ਖੁੱਲ੍ਹ ਕੇ ਜ਼ਿਕਰ ਕੀਤਾ ਹੈ। ਉਨ੍ਹਾਂ ਦਾ ਲਿਖਿਆ ਪੜ੍ਹਨ ਬਾਅਦ ਸਮਝ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਭਗਤ ਸਿੰਘ ਦੀ ਸੋਚ ਬਾਰੇ ਕੋਈ ਸ਼ੱਕ ਨਹੀਂ ਰਹਿਣੀ ਚਾਹੀਦੀ। ਪਰ ਹੁਣ ਤਾਂ ਹਿੰਦੂਆਂ ਵਲੋਂ ਵੀ ਭਗਤ ਸਿੰਘ ਨੂੰ ਹਿੰਦੂ ਸਾਬਤ ਕਰਨ ਦੀ ਦੌੜ ਲੱਗੀ ਹੋਈ ਹੈ।



ਇਹ ਕਹਿਣਾ ਤਾਂ ਸ਼ਾਇਦ ਜਾਇਜ਼ ਨਾ ਹੋਵੇ ਕਿ ਭਗਤ ਸਿੰਘ ਨੂੰ ਸਿੱਖ ਜਾਂ ਹਿੰਦੂ ਸਾਬਤ ਕਰਨ ਵਾਲਾ ਹਰ ਵਿਅਕਤੀ ਹੀ ਕਿਸੇ ਹੋਰ ਮਕਸਦ ਲਈ ਬਦਮਾਸ਼ੀ ਨਾਲ ਇਹ ਕਰ ਰਿਹਾ ਹੈ, ਪਰ ਇਕ ਗੱਲ ਸਾਫ ਹੈ ਕਿ ਇਸ ਸਭ ਕੁਝ ਦਾ ਸਿੱਧੇ ਤੌਰ 'ਤੇ ਫਾਇਦਾ ਉਨ੍ਹਾਂ ਲੋਕਾਂ ਜਾਂ ਸ਼ਕਤੀਆਂ ਨੂੰ ਹੈ ਜੋ ਭਗਤ ਸਿੰਘ ਦੀ ਸੋਚ ਤੋਂ ਹਮੇਸ਼ਾਂ ਭੈਭੀਤ ਹਨ। ਉਨ੍ਹਾਂ ਨੂੰ ਇਹ ਡਰ ਹੈ, ਤੇ ਉਨ੍ਹਾਂ ਦਾ ਡਰ ਹੈ ਵੀ ਜਾਇਜ਼, ਕਿ ਜੇ ਕਿਤੇ ਲੋਕ ਸੱਚ ਮੁੱਚ ਭਗਤ ਸਿੰਘ ਦੀ ਸੋਚ ਨੂੰ ਸਮਝ ਕੇ ਅਪਨਾਉਣ ਵਲ ਤੁਰ ਪਏ ਤਾਂ ਉਨ੍ਹਾਂ ਦੀਆਂ ਕੁਰਸੀਆਂ ਤੇ ਸਰਦਾਰੀਆਂ ਬਹੁਤਾ ਚਿਰ ਕਾਇਮ ਨਹੀਂ ਰਹਿ ਸਕਣਗੀਆਂ। ਉਨ੍ਹਾਂ ਲਈ ਇਹ ਬਹੁਤ ਹੀ ਜ਼ਰੂਰੀ ਹੈ ਕਿ ਭਗਤ ਸਿੰਘ ਦੀ ਸੋਚ ਜਿੰਨੀ ਵੱਧ ਤੋਂ ਵੱਧ ਗੰਧਲੀ ਰਹੇ ਚੰਗੀ ਗੱਲ ਹੈ। ਤੇ ਇਸ ਕਿਸਮ ਦੇ ਖਤਰੇ ਨੂੰ ਟਾਲ੍ਹਣ ਲਈ ਧਰਮ ਤੋਂ ਵੱਧ ਲਾਹੇਵੰਦ ਹੋਰ ਕੋਈ ਚੀਜ਼ ਨਹੀਂ ਹੁੰਦੀ। ਸੋ ਸ਼ਹੀਦ ਭਗਤ ਸਿੰਘ ਦੇ ਨਿਹਾਇਤ ਹੀ ਸਾਫ ਸੁਥਰੇ ਤੇ ਮਨੁੱਖਤਾ ਲਈ ਰਾਹ ਦਰਸਾਉਂਦੇ ਵਿਚਾਰਾਂ ਨੂੰ ਧਰਮ ਵਿਚ ਰਲਗੱਡ ਕਰਕੇ ਗੰਧਲਾਉਣਾ ਸੱਤਾ 'ਤੇ ਕਾਬਜ ਸ਼ਕਤੀਆਂ ਦੀ ਲੋੜ ਹੈ। ਭਗਤ ਸਿੰਘ ਦੀ ਸੋਚ ਨਾਲ ਨੇੜਤਾ ਰੱਖਣ ਵਾਲੇ ਹਰ ਵਿਅਕਤੀ ਲਈ ਜ਼ਰੂਰੀ ਹੈ ਕਿ ਉਹ ਇਸ ਕਿਸਮ ਦੀਆਂ ਕੋਸ਼ਸ਼ਾਂ ਨੂੰ ਕਾਮਯਾਬ ਨਾ ਹੋਣ ਦੇਣ।

***

---


**ਸੰਪਰਕ**

| | | |
|---|---|---|
| **ਸੁਖਵੰਤ ਹੁੰਦਲ** | shundal@sfu.ca | **604-595-5767** |
| **ਸਾਧੂ ਬਿਨਿੰਗ** | sadhu.binning@gmail.com | **604-437-9014** |
| **ਹਰਪ੍ਰੀਤ ਸੇਖਾ** | hsekha@hotmail.com | **604-599-4986** |
| **ਪਾਲ ਬਿਨਿੰਗ** | paulbinning67@gmail.com | **778-889-8255** |


---

## ਕਨੇਡਾ ਦੇ ਇਕ ਸ਼ਹਿਰ ਬਰਨਬੀ ਦੇ ਮੇਅਰ ਵਲੋਂ ਸ਼ਹੀਦ ਭਗਤ ਸਿੰਘ ਦੀ ਸ਼ਤਾਬਦੀ ਨੂੰ ਮਨਾਉਣ ਲਈ 27 ਸਤੰਬਰ 2007 ਨੂੰ ਜਾਰੀ ਕੀਤਾ ਗਿਆ ਘੋਸ਼ਨਾ ਪੱਤਰ।

---

# "SHAHEED BHAGAT SINGH"

**WHEREAS** September 27, 2007 marks the birth centenary of Sardar Bhagat Singh; and

**WHEREAS** Sardar Bhagat Singh was one of the most prominent personalities of the freedom movement in India; and

**WHEREAS** Sardar Bhagat Singh, as a young man of twenty-four, was sentenced to death for his beliefs and actions to establish a free and just society; and

**WHEREAS** Sardar Bhagat Singh, upon his execution, was immortalized as Shaheed – a martyr; and

**WHEREAS** Canadians of Indian and Pakistani heritage are proudly celebrating the Shaheed Bhagat Singh centenary this month.

NOW THEREFORE I, DEREK R. CORRIGAN, MAYOR OF BURNABY,

DO HEREBY PROCLAIM SEPTEMBER 27, 2007 AS

# "SHAHEED BHAGAT SINGH DAY"

**IN THE CITY OF BURNABY.**

**Derek R Corrigan, Mayor**

---

ਲੇਖ

# ਮੈਂ ਨਾਸਤਕ ਕਿਉਂ ਹਾਂ?

## ਸ਼ਹੀਦ ਭਗਤ ਸਿੰਘ

*(ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ*
*-ਸੰਪਾਦਕ ਜਗਮੋਹਨ ਸਿੰਘ, ਸਫਾ 342-352)*



***ਭਗਤ ਸਿੰਘ ਦੀ ਹੱਥ ਲਿਖਤ***

ਨਵੀਂ ਸਮੱਸਿਆ ਖੜ੍ਹੀ ਹੋ ਗਈ ਹੈ: ਕੀ ਸਰਬ ਸ਼ਕਤੀਮਾਨ, ਸਰਬ ਵਿਆਪਕ ਤੇ ਸਰਬ ਹਿਤਕਾਰੀ ਰੱਬ ਦੀ ਹੋਂਦ ਵਿਚ ਮੇਰਾ ਅਵਿਸ਼ਵਾਸ ਮੇਰੇ ਅਹੰਕਾਰ ਕਰਕੇ ਹੈ? ਮੈਨੂੰ ਕਦੇ ਚਿੱਤ ਚੇਤਾ ਵੀ ਨਹੀਂ ਸੀ ਕਿ ਮੈਨੂੰ ਕਿਸੇ ਵੇਲੇ ਇਹੋ ਜਿਹੀ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ। ਆਪਣੇ ਕੁਝ ਦੋਸਤਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਾ ਕਿ ਮੇਰੇ ਕੁਝ ਦੋਸਤਾਂ (ਜੇ ਦੋਸਤੀ ਦਾ ਇਹ ਦਾਅਵਾ ਗਲਤ ਨਾ ਹੋਵੇ) ਨੇ ਮੇਰੇ ਨਾਲ ਥੋੜ੍ਹੇ ਜਿਹੇ ਮੇਲ ਜੋਲ ਮਗਰੋਂ (ਭਾਈ ਰਣਧੀਰ ਸਿੰਘ ਵਲ ਇਸ਼ਾਰਾ) ਹੀ ਇਹ ਸਿੱਟਾ ਕੱਢ ਲਿਆ ਕਿ ਮੇਰਾ ਰੱਬ ਦੀ ਹੋਂਦ ਤੋਂ ਮੁਨਕਰ ਹੋਣਾ ਮੇਰੀ ਹਿਮਾਕਤ ਹੈ ਅਤੇ ਇਹ ਵੀ ਕਿ ਮੇਰਾ ਅਹੰਕਾਰ ਹੀ ਮੇਰੇ ਅਵਿਸ਼ਵਾਸ਼ ਦਾ ਕਾਰਨ ਹੈ। ਫਿਰ ਵੀ ਸਮੱਸਿਆ ਤਾਂ ਗੰਭੀਰ ਹੀ ਹੈ। ਇਨ੍ਹਾਂ ਇਨਸਾਨੀ ਵਰਤਾਰਿਆਂ ਤੋਂ ਉੱਪਰ ਹੋਣ ਦਾ ਮੈਂ ਦਾਅਵਾ ਨਹੀਂ ਕਰਦਾ। ਮੈਂ ਵੀ ਆਖਰ ਇਨਸਾਨ ਹਾਂ। ਇਸ ਤੋਂ ਵੱਧ ਕੁਝ ਨਹੀਂ। ਤੇ ਨਾ ਹੀ ਕੋਈ ਇਸ ਤੋਂ ਵੱਧ ਹੋਣ ਦਾ ਦਾਅਵਾ ਕਰ ਸਕਦਾ ਹੈ। ਮੇਰੇ ਵਿਚ ਵੀ ਇਕ ਕਮਜ਼ੋਰੀ ਹੈ। ਅਹੰਕਾਰ (ਵੈਨਿਟੀ) ਮੇਰੇ ਸੁਭਾਅ ਦਾ ਵੀ ਅੰਗ ਹੈ। ਮੈਂ ਆਪਣੇ ਸਾਥੀਆਂ ਵਿਚ ਤਾਨਾਸ਼ਾਹ ਕਰਕੇ ਜਾਣਿਆਂ ਜਾਂਦਾ ਸਾਂ। ਇੱਥੋਂ ਤੱਕ ਕਿ ਮੇਰਾ ਦੋਸਤ ਬੀ ਕੇ ਦੱਤ ਕਦੀ ਕਦੀ ਮੈਨੂੰ ਤਾਨਾਸ਼ਾਹ ਕਹਿੰਦਾ ਹੁੰਦਾ ਸੀ। ਕਈ ਮੌਕਿਆਂ ਉੱਤੇ ਮੈਨੂੰ ਹੈਂਕੜਬਾਜ਼ ਵੀ ਕਿਹਾ ਗਿਆ। ਕੁਝ ਦੋਸਤ ਪੂਰੀ ਗੰਭੀਰਤਾ ਨਾਲ ਮੇਰੇ ਉੱਤੇ ਦੋਸ਼ ਲਾਉਂਦੇ ਰਹੇ ਕਿ ਮੈਂ ਦੂਜਿਆਂ ’ਤੇ ਆਪਣੀ ਰਾਏ ਮੜ੍ਹਦਾ ਹਾਂ ਅਤੇ ਆਪਣੀ ਗੱਲ ਮੰਨਵਾ ਲੈਂਦਾ ਹਾਂ। ਮੈਂ ਇਨਕਾਰ ਨਹੀਂ ਕਰਦਾ ਕਿ ਇਹ ਗੱਲ ਕਿਸੇ ਹੱਦ ਤੱਕ ਸਹੀ ਹੈ। ਇਸ ਨੂੰ ਅਹੰਵਾਦ (ਈਗੋਟਿਜ਼ਮ) ਵੀ ਕਿਹਾ ਜਾ ਸਕਦਾ ਹੈ। ਜਿੱਥੋਂ ਤੱਕ ਸਮਾਜ ਦੀਆਂ ਰੂੜ੍ਹੀਵਾਦੀ ਰਵਾਇਤਾਂ ਦੇ ਵਿਰੋਧ ਦਾ ਸਵਾਲ ਹੈ, ਮੈਂ ਅਹੰਕਾਰੀ ਹਾਂ, ਪਰ ਇਹ ਜਾਤੀ ਗੱਲ ਨਹੀਂ। ਇਹ ਆਪਣੇ ਵਿਚਾਰਾਂ ’ਤੇ ਮਾਣ ਵਾਲੀ ਗੱਲ ਹੈ, ਇਸ ਨੂੰ ਅਹੰਕਾਰ ਨਹੀਂ ਕਿਹਾ ਜਾ ਸਕਦਾ। ਅਭਿਮਾਨ, ਜਾਂ ਕਹਿ ਲਓ ਅਹੰਕਾਰ ਕਿਸੇ ਮਨੁੱਖ ਵਿਚ ਲੋੜੋਂ

ਵੱਧ ਆਪਣੇ ਆਪ ਮਾਣ ਦਾ ਪ੍ਰਗਟਾਵਾ ਹੁੰਦਾ ਹੈ। ਕੀ ਮੈਂ ਬੇਲੋੜੇ ਮਾਣ ਕਰਕੇ ਨਾਸਤਕ ਬਣਿਆਂ ਹਾਂ ਜਾਂ ਇਸ ਵਿਸ਼ੇ ਬਾਰੇ ਡੂੰਘਾ ਮੁਤਾਲਿਆ ਕਰਨ ਮਗਰੋਂ ਅਤੇ ਗੰਭੀਰ ਸੋਚ ਵਿਚਾਰ ਮਗਰੋਂ ਨਾਸਤਕ ਬਣਿਆਂ ਹਾਂ? – ਇਹ ਸਵਾਲ ਹੈ, ਜਿਸ ਬਾਰੇ ਮੈਂ ਇੱਥੇ ਚਰਚਾ ਕਰਨਾ ਚਾਹੁੰਦਾ ਹਾਂ। ਸਭ ਤੋਂ ਪਹਿਲੇ ਇਹ ਨਬੇੜਾ ਕਰ ਲਈਏ ਕਿ ਅਭਿਮਾਨ (ਈਗੋਟਿਜ਼ਮ) ਤੇ ਅਹੰਕਾਰ (ਵੈਨਿਟੀ) ਦੋ ਅਲੱਗ-ਅਲੱਗ ਗੱਲਾਂ ਹੁੰਦੀਆਂ ਹਨ।

ਮੈਨੂੰ ਇਸ ਗੱਲ ਦੀ ਹੁਣ ਤੱਕ ਸਮਝ ਨਹੀਂ ਆਈ ਕਿ ਬੇਲੋੜਾ ਮਾਣ ਜਾਂ ਫੋਕਾ ਅਭਿਮਾਨ ਮਨੁੱਖ ਲਈ ਆਸਤਕਤਾ ਦੇ ਰਾਹ ਦਾ ਰੋੜਾ ਕਿਵੇਂ ਬਣ ਸਕਦੇ ਹਨ। ਮੈਂ ਕਿਸੇ ਸੱਚੀ-ਮੁੱਚੀ ਦੇ ਵਿਅਕਤੀ ਦੀ ਮਹਾਨਤਾ ਤੋਂ ਮੁਨਕਰ ਹੋ ਸਕਦਾ ਹਾਂ, ਬਸ਼ਰਤੇ ਕਿ ਮੈਨੂੰ ਐਵੇਂ ਰਾਹ ਜਾਂਦੇ ਹੀ ਸ਼ੁਹਰਤ ਹੱਥ ਲੱਗ ਗਈ ਹੋਵੇ ਜਾਂ ਮਹਾਨ ਹੋਣ ਲਈ ਸੱਚੀ-ਮੁੱਚੀ ਲੋੜੀਦੇਂ ਗੁਣ ਹੀ ਮੇਰੇ ਵਿਚ ਨਾ ਹੋਣ। ਇਹ ਗੱਲ ਸਮਝ ਪੈਂਦੀ ਹੈ, ਪਰ ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਆਸਤਕ ਆਪਣੇ ਅਹੰਕਾਰ ਕਰਕੇ ਨਾਸਤਕ ਹੋ ਜਾਵੇ। ਸਿਰਫ ਦੋ ਗੱਲਾਂ ਹੋ ਸਕਦੀਆਂ ਹਨ: ਜਾਂ ਤਾਂ ਮਨੁੱਖ ਖੁਦ ਨੂੰ ਖੁਦਾ ਦਾ ਰਕੀਬ ਸਮਝਣਾ ਸ਼ੁਰੂ ਕਰ ਦੇਵੇ ਜਾਂ ਫਿਰ ਖੁਦ ਹੀ ਖੁਦਾ ਬਣ ਬੈਠੇ। ਦੋਹਾਂ ਹਾਲਤਾਂ ਵਿਚ ਉਹ ਸਹੀ ਨਾਸਤਕ ਨਹੀਂ ਹੋ ਸਕਦਾ। ਪਹਿਲੀ ਸੂਰਤ ਵਿਚ ਉਹ ਰਕੀਬ ਦੀ ਹੋਂਦ ਤੋਂ ਮੁਨਕਰ ਨਹੀਂ ਹੁੰਦਾ। ਦੂਸਰੀ ਸੂਰਤ ਵਿਚ ਵੀ ਉਹ ਸੁਚੇਤ ਸਤਾ (ਬੀਇੰਗ) ਦੀ ਹੋਂਦ ਨੂੰ ਮੰਨਦਾ ਹੈ, ਜੋ ਪਰਦੇ ਪਿਛਿਓਂ ਸਾਰੀ ਪ੍ਰਕ੍ਰਿਤੀ ਨੂੰ ਚਲਾ ਰਹੀ ਹੈ। ਇਸ ਦੀ ਸਾਡੇ ਲਈ ਕੋਈ ਅਹਿਮੀਅਤ ਨਹੀਂ ਕਿ ਉਹ ਖੁਦ ਨੂੰ ਖੁਦਾ ਸਮਝਦਾ ਹੈ ਜਾਂ ਖੁਦਾ ਨੂੰ ਖੁਦ ਤੋਂ ਅਲੱਗ ਕੋਈ ਪਰਮ-ਸੱਤਾ ਮੰਨਦਾ ਹੈ। ਅਸਲ ਨੁਕਤਾ ਇਹ ਹੈ। ਦੋਹਾਂ ਹਾਲਤਾਂ ਵਿਚ ਉਹਦਾ ਰੱਬ ਵਿਚ ਵਿਸ਼ਵਾਸ ਕਾਇਮ ਰਹਿੰਦਾ ਹੈ। ਉਹ ਕਿਸੇ ਤਰ੍ਹਾਂ ਵੀ ਨਾਸਤਕ ਨਹੀਂ। ਇਹੋ ਮੈਂ ਆਖਣਾ ਚਾਹੁੰਦਾ ਹਾਂ। ਮੈਂ ਉੱਪਰਲੀਆਂ ਦੋਹਾਂ ਕਿਸਮਾਂ ਵਿਚ ਨਹੀਂ ਆਉਂਦਾ। ਮੈਂ ਤਾਂ ਕਿਸੇ ਵੀ ਸਰਬ ਸ਼ਕਤੀਮਾਨ ਜਾਂ ਸਰਵੋਪਰੀ-ਸਤਾ ਦੀ ਹੋਂਦ ਤੋਂ ਮੂਲੋਂ ਹੀ ਇਨਕਾਰੀ ਹਾਂ। ਇੰਜ ਕਿਉਂ ਹੈ, ਮੈਂ ਇਹਦੇ ਬਾਰੇ ਅੱਗੇ ਚੱਲ ਕੇ ਵਿਚਾਰ-ਚਰਚਾ ਕਰਾਂਗਾ। ਇਥੇ ਮੈਂ ਇਹ ਗੱਲ ਸਪੱਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਮੈਂ ਅਹੰਕਾਰ ਕਰਕੇ ਨਾਸਤਕਤਾ ਦੇ ਸਿਧਾਂਤ ਦਾ ਧਾਰਨੀ ਨਹੀਂ ਹੋਇਆ। ਨਾ ਤਾਂ ਮੈਂ ਖੁਦਾ ਦਾ ਰਕੀਬ ਹਾਂ, ਨਾ ਕੋਈ ਰੱਬੀ ਅਵਤਾਰ ਤੇ ਨਾ ਹੀ ਆਪ ਪਰਮਾਤਮਾ ਹਾਂ। ਇਕ ਗੱਲ ਤਾਂ ਪੱਕੀ ਹੈ ਕਿ ਅਹੰਕਾਰ ਕਾਰਨ ਮੈਂ ਇਹ ਸੋਚਣੀ ਨਹੀਂ ਅਪਣਾਈ। ਇਸ ਇਲਜ਼ਾਮ ਦਾ ਜਵਾਬ ਦੇਣ ਲਈ ਮੈਂ ਤੱਥ ਬਿਆਨ ਕਰਦਾ ਹਾਂ। ਮੇਰੇ ਦੋਸਤ ਕਹਿੰਦੇ ਹਨ ਕਿ ਦਿੱਲੀ ਬੰਬ ਤੇ ਲਾਹੌਰ ਸਾਜ਼ਸ਼ ਕੇਸਾਂ ਦੌਰਾਨ ਮੈਨੂੰ ਜਿਹੜੀ ਬੇਲੋੜੀ ਸ਼ੁਹਰਤ ਮਿਲੀ, ਉਸ ਕਾਰਨ ਮੇਰੇ ਵਿਚ ਫੋਕੀ ਸ਼ਾਨ ਆ ਗਈ ਹੈ। ਆਓ, ਆਪਾਂ ਦੇਖੀਏ ਕਿ ਉਨ੍ਹਾਂ ਦੇ ਕਥਨ ਕਿੱਥੋਂ ਤੱਕ ਠੀਕ ਹਨ। ਪਿੱਛੇ ਜਿਹੇ ਵਾਪਰੀਆਂ ਘਟਨਾਵਾਂ ਕਾਰਨ ਮੈਂ ਨਾਸਤਕ ਨਹੀਂ ਹੋਇਆ, ਮੈਂ ਤਾਂ ਉਦੋਂ ਹੀ ਰੱਬ ਨੂੰ ਮੰਨਣੋਂ ਹਟ ਗਿਆ ਸੀ ਜਦ ਮੈਂ ਨਾਮਾਲੂਮ ਨੌਜਵਾਨ ਸੀ, ਜਦ ਮੇਰੇ ਉਪਰੋਕਤ ਦੋਸਤ ਰੱਬ ਦੀ ਹੋਂਦ ਤੋਂ ਸੁਚੇਤ ਵੀ ਨਹੀਂ ਸਨ। ਘੱਟੋ ਘੱਟ ਕਾਲਜ ਦਾ ਕੋਈ ਵਿਦਿਆਰਥੀ ਏਨਾ ਅਭਿਮਾਨੀ ਨਹੀਂ ਹੋ ਸਕਦਾ ਕਿ ਉਹ ਨਾਸਤਕ ਹੋ ਜਾਏ। ਭਾਵੇਂ ਕੁਝ ਪ੍ਰੋਫੈਸਰ ਮੈਨੂੰ ਪਸੰਦ ਕਰਦੇ ਸਨ ਤੇ ਕੁਝ ਨਾ ਪਸੰਦ, ਪਰ ਮੈਂ ਕਦੇ ਵੀ ਮਿਹਨਤੀ ਮੁੰਡਾ ਨਹੀਂ ਸੀ। ਅਹੰਕਾਰ ਵਰਗੇ ਵਿਚਾਰ ਰੱਖਣ ਦਾ ਮੈਨੂੰ ਕੋਈ ਮੌਕਾ ਨਹੀਂ ਮਿਲਿਆ ਸੀ। ਮੈਂ ਬਹੁਤ ਸੰਗਾਊ ਸੁਭਾਅ ਵਾਲਾ ਤੇ ਭਵਿੱਖ ਬਾਰੇ ਉਲਝਿਆ ਰਹਿਣ ਵਾਲਾ ਮੁੰਡਾ ਸੀ ਤੇ ਉਨ੍ਹਾਂ ਦਿਨਾਂ ਵਿਚ ਮੈਂ ਪੱਕਾ ਨਾਸਤਕ ਨਹੀਂ ਸੀ। ਮੈਂ ਆਪਣੇ ਬਾਬਾ ਜੀ ਦੇ ਅਸਰ ਹੇਠ ਵੱਡਾ ਹੋਇਆ ਸੀ ਤੇ ਉਹ ਪੱਕੇ ਆਰੀਆ ਸਮਾਜੀ ਸਨ। ਕੋਈ ਆਰੀਆ ਸਮਾਜੀ ਹੋਰ ਤਾਂ ਸਭ ਕੁਝ ਹੋ ਸਕਦਾ ਹੈ, ਪਰ ਨਾਸਤਕ ਨਹੀਂ। ਮੈਂ ਆਪਣੀ ਪ੍ਰਾਇਮਰੀ ਦੀ ਪੜ੍ਹਾਈ ਮੁਕਾ ਕੇ ਲਾਹੌਰ ਦੇ ਡੀ ਏ ਵੀ ਸਕੂਲ ਵਿਚ ਦਾਖਲ ਹੋ ਗਿਆ ਤੇ ਇਹਦੇ ਬੋਰਡਿੰਗ ਹਾਊਸ ਵਿਚ ਪੂਰਾ

ਇਕ ਸਾਲ ਰਿਹਾ। ਉਥੇ ਸਵੇਰ ਤੋਂ ਤ੍ਰਿਕਾਲ ਸੰਧਿਆ ਦੀਆਂ ਪ੍ਰਾਰਥਨਾਵਾਂ ਤੋਂ ਛੁੱਟ ਮੈਂ ਘੰਟਿਆਂ ਬੱਧੀ ਗਾਇਤ੍ਰੀ ਮੰਤਰ ਦਾ ਜਾਪ ਕਰਦਾ ਸੀ। ਮੈਂ ਉਨ੍ਹਾਂ ਦਿਨਾਂ ਵਿਚ ਪੱਕਾ ਸ਼ਰਧਾਲੂ ਸੀ। ਫੇਰ ਮੈਂ ਆਪਣੇ ਪਿਤਾ ਜੀ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਧਾਰਮਕ ਦ੍ਰਿਸ਼ਟੀਕੋਣ ਉਦਾਰ ਸੀ। ਉਨ੍ਹਾਂ ਦੀਆਂ ਸਿੱਖਿਆਵਾਂ ਸਦਕਾ ਹੀ ਮੈਂ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਨੂੰ ਅਰਪੀ। ਪਰ ਉਹ ਨਾਸਤਕ ਨਹੀਂ ਸਨ। ਉਨ੍ਹਾਂ ਦਾ ਰੱਬ ਵਿਚ ਪੱਕਾ ਅਕੀਦਾ ਸੀ, ਮੈਨੂੰ ਉਹ ਹਰ ਰੋਜ਼ ਪ੍ਰਾਰਥਨਾ ਕਰਨ ਲਈ ਕਹਿੰਦੇ ਹੁੰਦੇ ਸਨ। ਸੋ ਮੇਰੀ ਪਰਵਰਿਸ਼ ਇਸ ਢੰਗ ਨਾਲ ਹੋਈ। ਨਾਮਿਲਵਰਤਨ ਦੇ ਦਿਨਾਂ ਦੌਰਾਨ ਮੈਂ ਨੈਸ਼ਨਲ ਕਾਲਜ ਵਿਚ ਦਾਖਲ ਹੋ ਗਿਆ। ਉਥੇ ਹੀ ਮੈਂ ਸਾਰੀਆਂ ਧਾਰਮਕ ਸਮੱਸਿਆਵਾਂ ਬਾਰੇ, ਇੱਥੋਂ ਤੱਕ ਕਿ ਰੱਬ ਬਾਰੇ ਵੀ ਖੁੱਲ੍ਹੇ ਤੌਰ 'ਤੇ ਸੋਚਣਾ ਤੇ ਇਨ੍ਹਾਂ ਬਾਰੇ ਵਿਚਾਰ-ਚਰਚਾ ਕਰਨੀ ਸ਼ੁਰੂ ਕਰ ਦਿੱਤੀ। ਪਰ ਮੇਰਾ ਉਦੋਂ ਵੀ ਰੱਬ ਵਿਚ ਪੱਕਾ ਵਿਸ਼ਵਾਸ ਸੀ। ਉਦੋਂ ਮੈਂ ਦਾੜ੍ਹੀ-ਕੇਸ ਰੱਖ ਲਏ ਸੀ ਪਰ ਤਾਂ ਵੀ ਮੈਂ ਸਿੱਖੀ ਦੇ ਮਿਥਿਹਾਸ ਜਾਂ ਸਿਧਾਂਤ ਜਾਂ ਕਿਸੇ ਹੋਰ ਧਰਮ ਵਿਚ ਵਿਸ਼ਵਾਸ ਨਾ ਕਰ ਸਕਿਆ ਪਰ ਰੱਬ ਦੀ ਹੋਂਦ ਵਿਚ ਮੇਰਾ ਪੱਕਾ ਵਿਸ਼ਵਾਸ ਸੀ।

ਫੇਰ ਮੈਂ ਇਨਕਲਾਬੀ ਪਾਰਟੀ ਵਿਚ ਸ਼ਾਮਲ ਹੋ ਗਿਆ। ਮੈਂ ਜਿਸ ਪਹਿਲੇ ਆਗੂ ਨੂੰ ਮਿਲਿਆ, ਉਹ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਹੌਂਸਲਾ ਤੱਕ ਨਹੀਂ ਕਰ ਸਕਦਾ ਸੀ। ਭਾਵੇਂ ਉਹ ਇਹਦੇ ਬਾਰੇ ਪੂਰੀ ਤਰ੍ਹਾਂ ਸੁਚੇਤ ਨਹੀਂ ਸੀ। ਮੈਂ ਉਹਦੇ ਕੋਲੋਂ ਰੱਬ ਬਾਰੇ ਵਾਰ-ਵਾਰ ਪੁੱਛਣਾ ਤਾਂ ਉਹਨੇ ਆਖ ਛੱਡਣਾ: "ਜਦ ਤੇਰਾ ਦਿਲ ਕਰੇ, ਰੱਬ ਨੂੰ ਧਿਆ ਲਿਆ ਕਰ।" ਨਾਸਤਕਤਾ ਦੇ ਸਿਧਾਂਤ ਨੂੰ ਮੰਨਣ ਲਈ ਜੋ ਹੌਸਲਾ ਚਾਹੀਦਾ ਹੈ ਇਹ ਉਸ ਹੌਸਲੇ ਤੋਂ ਬਿਨਾਂ ਨਾਸਤਕਤਾ ਹੈ। ਮੈਂ ਜਿਸ ਦੂਜੇ ਆਗੂ ਨੂੰ ਮਿਲਿਆ, ਉਹਦਾ ਰੱਬ ਵਿਚ ਪੱਕਾ ਵਿਸ਼ਵਾਸ ਸੀ। ਮੈਂ ਤੁਹਾਨੂੰ ਉਹਦਾ ਨਾਂ ਦੱਸਦਾਂ – ਮਾਣਯੋਗ ਕਾਮਰੇਡ ਸਚੀਂਦਰ ਨਾਥ ਸਾਨਿਆਲ, ਜੋ ਹੁਣ ਕਰਾਚੀ ਸਾਜ਼ਸ਼ ਕੇਸ ਦੇ ਸੰਬੰਧ ਵਿਚ ਉਮਰ ਕੈਦ ਭੁਗਤ ਰਹੇ ਹਨ। ਉਨ੍ਹਾਂ ਦੀ ਪ੍ਰਸਿੱਧ ਤੇ ਇਕੋ ਇਕ ਕਿਤਾਬ ਬੰਦੀ ਜੀਵਨ ਵਿਚ ਪਹਿਲੇ ਸਫੇ ਤੋਂ ਹੀ ਰੱਬ ਦੀ ਸ਼ਾਨ ਦੀ ਜ਼ੋਰਦਾਰ ਮਹਿਮਾ ਗਾਈ ਗਈ ਹੈ। ਇਸ ਖੂਬਸੂਰਤ ਕਿਤਾਬ ਦੇ ਦੂਜੇ ਭਾਗ ਦੇ ਆਖਰੀ ਸਫੇ ਵਿਚ ਉਹਦੀ ਵੇਦਾਂਤਵਾਦ ਕਾਰਨ ਰੱਬ ਦੀ ਅਧਿਆਤਮਕ ਮਹਿਮਾ ਉਨ੍ਹਾਂ ਦੇ ਵਿਚਾਰਾਂ ਦਾ ਸਾਰ ਹੈ। ਇਸਤਗਾਸੇ ਦੀ ਕਹਾਣੀ ਮੁਤਾਬਕ ਜੋ ਇਨਕਲਾਬੀ ਪਰਚਾ 28 ਜਨਵਰੀ 1925 ਨੂੰ ਹਿੰਦੋਸਤਾਨ ਭਰ ਵਿਚ ਵੰਡਿਆ ਗਿਆ ਸੀ, ਉਹ ਇਨ੍ਹਾਂ ਦੇ ਦਿਮਾਗ ਦਾ ਸਿੱਟਾ ਸੀ। ਜਿਵੇਂ ਹੁੰਦਾ ਹੀ ਹੈ ਕਿ ਗੁਪਤ ਸਰਗਰਮੀ ਵਿਚ ਕੋਈ ਉੱਘਾ ਆਗੂ ਆਪਣੇ ਵਿਚਾਰ ਪ੍ਰਗਟਾਉਂਦਾ ਹੈ ਜੋ ਕਿ ਉਹਨੂੰ ਬੜੇ ਪਿਆਰੇ ਹੁੰਦੇ ਹਨ ਅਤੇ ਦੂਜੇ ਕਾਰਕੁੰਨਾਂ ਨੂੰ ਮਤਭੇਦਾਂ ਦੇ ਬਾਵਜੂਦ ਉਨ੍ਹਾਂ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਉਣੀ ਪੈਂਦੀ ਹੈ।

ਉਸ ਪਰਚੇ ਵਿਚ ਇਕ ਪੂਰਾ ਪੈਰਾ ਸਰਵੇਸ਼ਰ ਤੇ ਉਹਦੀਆਂ ਲੀਲਾਵਾਂ ਬਾਰੇ ਸੀ। ਇਹ ਰਹੱਸਵਾਦ ਹੈ। ਮੈਂ ਆਖਣਾ ਇਹ ਚਾਹੁੰਦਾ ਹਾਂ ਕਿ ਉਦੋਂ ਇਨਕਲਾਬੀ ਪਾਰਟੀ ਵਿਚ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਵਿਚਾਰ ਪੈਦਾ ਵੀ ਨਹੀਂ ਹੋਇਆ ਸੀ। ਕਾਕੋਰੀ ਦੇ ਉੱਘੇ ਚਾਰ ਸ਼ਹੀਦਾਂ ਨੇ ਆਪਣਾ ਅੰਤਿਮ ਦਿਨ ਪ੍ਰਾਰਥਨਾ/ਦੁਆ ਕਰਦਿਆਂ ਲੰਘਾਇਆ ਸੀ। ਰਾਮ ਪ੍ਰਸ਼ਾਦ ਬਿਸਮਿਲ ਪੱਕੇ ਆਰੀਆ ਸਮਾਜੀ ਸਨ। ਸਮਾਜਵਾਦ ਤੇ ਸਾਮਵਾਦ ਦੇ ਖੇਤਰ ਵਿਚ ਆਪਣੇ ਡੂੰਘੇ ਅਧਿਅਨ ਦੇ ਬਾਵਜੂਦ ਰਾਜਨ ਲਾਹਿੜੀ ਕੋਲੋਂ ਉਪਨਿਸ਼ਦਾਂ ਦੇ ਮੰਤਰ ਉਚਾਰਨ ਤੇ ਗੀਤਾ ਦਾ ਪਾਠ ਕਰਨ ਤੋਂ ਰਿਹਾ ਨਾ ਗਿਆ। ਉਹਨਾਂ ਸਾਰਿਆਂ ਵਿਚ ਮੈਂ ਇਕੋ ਬੰਦਾ ਦੇਖਿਆ ਸੀ ਜਿਨ੍ਹੇ ਕਦੇ ਵੀ ਪ੍ਰਾਰਥਨਾ ਨਹੀਂ ਕੀਤੀ ਸੀ ਤੇ ਉਹ ਕਿਹਾ ਕਰਦਾ ਸੀ, "(ਧਾਰਮਕ) ਫਲਸਫਾ ਮਨੁੱਖੀ

ਕਮਜ਼ੋਰੀ ਜਾਂ ਸੀਮਤ ਗਿਆਨ ਦਾ ਸਿੱਟਾ ਹੈ।" ਇਹ ਬੰਦਾ ਵੀ ਉਮਰ ਕੈਦ ਭੁਗਤ ਰਿਹਾ ਹੈ। ਪਰ ਇਹਨੂੰ ਵੀ ਕਦੇ ਆਖਣ ਦੀ ਹਿੰਮਤ ਨਾ ਪਈ ਕਿ ਰੱਬ ਨਹੀਂ ਹੈ।

ਉਸ ਅਰਸੇ ਤੱਕ ਮੈਂ ਸਿਰਫ ਰੋਮਾਂਟਕ ਵਿਚਾਰਵਾਦੀ ਇਨਕਲਾਬੀ ਸੀ। ਉਦੋਂ ਤਕ ਤਾਂ ਅਸੀਂ ਸਿਰਫ ਅਨੁਆਈ ਹੀ ਸਾਂ। ਫੇਰ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ ਉਤੇ ਲੈਣ ਦਾ ਵੇਲਾ ਆਇਆ। ਕੁਝ ਚਿਰ ਪਾਰਟੀ ਦੀ ਅਟੱਲ ਵਿਰੋਧਤਾ ਕਾਰਨ ਇਹਦੀ ਹੋਂਦ ਖਤਰੇ ਵਿਚ ਸੀ। ਜੋਸ਼ ਨਾਲ ਭਰੇ ਕਾਮਰੇਡ – ਨਹੀਂ ਸਗੋਂ ਆਗੂ ਵੀ – ਮਜ਼ਾਕ ਉਡਾਉਣ ਲੱਗੇ। ਕੁਝ ਚਿਰ ਮੈਨੂੰ ਵੀ ਸੰਸਾ ਰਿਹਾ ਕਿ ਕਿਸੇ ਦਿਨ ਮੈਨੂੰ ਵੀ ਆਪਣੀ ਪਾਰਟੀ ਦੇ ਪ੍ਰੋਗਰਾਮ ਦੀ ਨਿਸਫਲਤਾ ਦਾ ਯਕੀਨ ਹੋ ਜਾਏਗਾ। ਇਹ ਮੇਰੇ ਇਨਕਲਾਬੀ ਜੀਵਨ (ਕੈਰੀਅਰ) ਵਿਚ ਆਇਆ ਵੱਡਾ ਮੋੜ ਸੀ। "ਅਧਿਅਨ ਕਰਨ" ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉਭਰਦੀਆਂ ਰਹੀਆਂ। ਅਧਿਅਨ ਕਰ ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਅਨ ਕਰ। ਮੈਂ ਅਧਿਅਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ ’ਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ ਤਸ਼ੱਦਦ ਦੇ ਤੌਰ-ਤਰੀਕਿਆਂ ਦਾ ਰੋਮਾਂਸ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਯਥਾਰਥਵਾਦ ਨੇ ਲੈ ਲਈ। ਹੁਣ ਰਹੱਸਵਾਦ ਵਾਸਤੇ, ਅੰਧ-ਵਿਸ਼ਵਾਸ ਵਾਸਤੇ ਕੋਈ ਥਾਂ ਨਾ ਰਹੀ। ਯਥਾਰਥਵਾਦ ਸਾਡਾ ਸਿਧਾਂਤ ਹੋ ਗਿਆ। ਸਖਤ ਲੋੜ ਵੇਲੇ ਤਾਕਤ ਦੀ ਵਰਤੋਂ ਜਾਇਜ਼ ਹੈ ਪਰ ਅਹਿੰਸਾ ਸਾਰੀਆਂ ਜਨਤਕ ਲਹਿਰਾਂ ਦੀ ਅਟੁੱਟ ਨੀਤੀ ਹੈ। ਮੈਂ ਤੌਰ-ਤਰੀਕਿਆਂ ਬਾਰੇ ਕਾਫੀ ਆਖ ਚੁੱਕਾ ਹਾਂ। ਸਭ ਤੋਂ ਅਹਿਮ ਇਹ ਗੱਲ ਸੀ ਕਿ ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ ਉਹਦਾ ਸਪੱਸ਼ਟ ਸੰਕਲਪ ਸਾਡੇ ਸਾਹਮਣੇ ਹੋਵੇ। ਕਿਉਂਕਿ ਐਕਸ਼ਨ ਵਜੋਂ ਕੋਈ ਖਾਸ ਸਰਗਰਮੀਆਂ ਨਹੀਂ ਸਨ ਹੋ ਰਹੀਆਂ ਇਸ ਲਈ ਮੈਨੂੰ ਸੰਸਾਰ ਇਨਕਲਾਬ ਦੇ ਵੱਖ ਵੱਖ ਆਦਰਸ਼ਾਂ ਦੇ ਅਧਿਅਨ ਵਾਸਤੇ ਕਾਫੀ ਮੌਕਾ ਮਿਲ ਗਿਆ। ਮੈਂ ਅਰਾਜਕਤਾਵਾਦੀ ਆਗੂ ਬਾਕੂਨਿਨ ਨੂੰ ਪੜ੍ਹਿਆ। ਸਮਾਜਵਾਦ ਦੇ ਪਿਤਾਮਾ ਮਾਰਕਸ ਦੀਆਂ ਕੁਝ ਲਿਖਤਾਂ ਪੜ੍ਹੀਆਂ ਅਤੇ ਲੈਨਿਨ, ਟਰਾਟਸਕੀ ਤੇ ਆਪਣੇ ਦੇਸ਼ਾਂ ਵਿਚ ਸਫਲ ਇਨਕਲਾਬ ਲਿਆਉਣ ਵਾਲੇ ਹੋਰ ਵਿਅਕਤੀਆਂ ਨੂੰ ਪੜ੍ਹਿਆ। ਇਹ ਸਾਰੇ ਨਾਸਤਕ ਸਨ। ਬਾਕੂਨਿਨ ਦੀ ਕਿਤਾਬ "ਗੌਡ ਐਂਡ ਸਟੇਟ" (ਰੱਬ ਤੇ ਰਿਆਸਤ) ਭਾਵੇਂ ਅਧੂਰੀ ਜਿਹੀ ਹੈ ਪਰ ਇਹ ਇਸ ਵਿਸ਼ੇ ਦਾ ਦਿਲਚਸਪ ਅਧਿਅਨ ਹੈ। ਇਸ ਤੋਂ ਮਗਰੋਂ ਮੈਨੂੰ ਨਿਰਲੰਬਾ ਸਵਾਮੀ ਦੀ ਲਿਖੀ ਕਿਤਾਬ "ਕਾਮਨ ਸੈਂਸ" (ਸਧਾਰਨ ਗਿਆਨ) ਹੱਥ ਲੱਗੀ। ਇਸ ਕਿਤਾਬ ਵਿਚ ਅਧਿਆਤਮਕ ਨਾਸਤਕਵਾਦ ਸੀ। ਇਸ ਵਿਸ਼ੇ ਵਿਚ ਮੇਰੀ ਬਹੁਤ ਜ਼ਿਆਦਾ ਦਿਲਚਸਪੀ ਹੋ ਗਈ। 1926 ਦੇ ਅਖੀਰ ਤੱਕ ਮੇਰਾ ਇਹ ਵਿਸ਼ਵਾਸ ਪੱਕਾ ਹੋ ਚੁੱਕਾ ਸੀ ਕਿ ਬ੍ਰਹਿਮੰਡ ਦੇ ਸਿਰਜਨ, ਪਾਲਣਹਾਰ ਤੇ ਸਰਬ-ਸ਼ਕਤੀਮਾਨ ਦੀ ਹੋਂਦ ਦਾ ਸਿਧਾਂਤ ਬੇਬੁਨਿਆਦ ਹੈ। ਮੈਂ ਇਸ ਵਿਸ਼ੇ ਬਾਰੇ ਆਪਣੇ ਦੋਸਤਾਂ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਮੈਂ ਐਲਾਨੀਆਂ ਨਾਸਤਕ ਹੋ ਚੁੱਕਾ ਸੀ। ਨਾਸਤਕ ਹੋਣ ਦਾ ਅਰਥ ਮੈਂ ਹੇਠਾਂ ਬਿਆਨ ਕਰਦਾ ਹਾਂ।

ਮਈ 1927 ਵਿਚ ਮੈਂ ਲਾਹੌਰ ਵਿਚ ਗ੍ਰਿਫਤਾਰ ਹੋਇਆ। ਮੇਰੀ ਗ੍ਰਿਫਤਾਰੀ ਮੇਰੇ ਲਈ ਬੜੀ ਹੈਰਾਨੀ ਵਾਲੀ ਗੱਲ ਸੀ। ਮੈਨੂੰ ਅਸਲੋਂ ਹੀ ਕੋਈ ਸਾਰ ਨਹੀਂ ਸੀ ਕਿ ਪੁਲਿਸ ਮੇਰੇ ਪਿੱਛੇ ਲੱਗੀ ਹੋਈ ਹੈ। ਜਦ ਮੈਂ ਕਿਸੇ ਬਾਗ ਵਿਚ ਦੀ ਲੰਘ ਰਿਹਾ ਸੀ ਤਾਂ ਅਚਾਨਕ ਮੈਂ ਕੀ ਦੇਖਿਆ ਕਿ ਪੁਲਿਸ ਨੇ ਮੈਨੂੰ ਘੇਰਿਆ ਹੋਇਆ ਸੀ। ਮੈਂ ਉਦੋਂ ਬਹੁਤ ਤਹੱਮਲ ਨਾਲ ਪੇਸ਼ ਆਇਆ ਸੀ। ਮੈਨੂੰ ਕੋਈ ਘਬਰਾਹਟ ਨਾ ਹੋਈ ਤੇ ਨਾ ਹੀ ਮੈਂ ਉਤੇਜਿਤ ਹੋਇਆ। ਮੈਨੂੰ ਪੁਲਿਸ ਹਿਰਾਸਤ ਵਿਚ ਲੈ ਲਿਆ ਗਿਆ। ਅਗਲੇ ਦਿਨ

ਉਹ ਮੈਨੂੰ ਰੇਲਵੇ ਪੁਲਿਸ ਜੇਲ ਵਿੱਚ ਲੈ ਗਏ ਜਿੱਥੇ ਮੈਂ ਪੂਰਾ ਮਹੀਨਾ ਕੱਟਿਆ। ਪੁਲਿਸ ਅਫਸਰਾਂ ਨਾਲ ਕਿੰਨੇ ਦਿਨਾਂ ਦੀ ਗੱਲਬਾਤ ਮਗਰੋਂ ਮੈਂ ਅੰਦਾਜ਼ਾ ਲਾਇਆ ਕਿ ਉਨ੍ਹਾਂ ਨੂੰ ਕਾਕੋਰੀ ਪਾਰਟੀ ਨਾਲ ਮੇਰੇ ਸਬੰਧਾਂ ਬਾਰੇ ਤੇ ਇਨਕਲਾਬੀ ਲਹਿਰ ਨਾਲ ਸਬੰਧਤ ਮੇਰੀਆਂ ਹੋਰ ਸਰਗਰਮੀਆਂ ਬਾਰੇ ਕੁਝ ਜਾਣਕਾਰੀ ਹੈ। ਉਨ੍ਹਾਂ ਨੇ ਮੈਨੂੰ ਦੱਸਿਆ ਕਿ (ਕਾਕੋਰੀ) ਮੁਕੱਦਮੇ ਦੀ ਸਮਾਇਤ ਦੌਰਾਨ ਮੈਂ ਲਖਨਊ ਵਿੱਚ ਸੀ ਕਿ ਮੈਂ ਉਨ੍ਹਾਂ ਨਾਲ (ਕਾਕੋਰੀ ਮੁਲਜ਼ਮਾਂ) ਉਨ੍ਹਾਂ ਨੂੰ ਫਰਾਰ ਕਰਨ ਦੀ ਕੋਈ ਵਿਉਂਤ ਬਣਾਈ ਸੀ ਅਤੇ ਉਨ੍ਹਾਂ ਦੀ ਮਨਜ਼ੂਰੀ ਮਿਲਣ ਮਗਰੋਂ ਅਸੀਂ ਕੁਝ ਬੰਬ ਇਕੱਠੇ ਕੀਤੇ ਸਨ ਅਤੇ ਇਹ ਕਿ ਅਜ਼ਮਾਇਸ਼ ਵਾਸਤੇ ਉਨ੍ਹਾਂ ਵਿਚੋਂ ਇਕ ਬੰਬ 1926 ਦੇ ਦੁਸਹਿਰੇ ਦੇ ਮੌਕੇ ਉੱਤੇ ਭੀੜ ਵਿੱਚ ਸੁੱਟਿਆ ਸੀ। ਉਨ੍ਹਾਂ ਨੇ ਮੇਰੇ ਹਿੱਤ ਵਾਸਤੇ ਮੈਨੂੰ ਇਹ ਵੀ ਦੱਸਿਆ ਕਿ ਜੇ ਮੈਂ ਇਨਕਾਲਬੀ ਪਾਰਟੀ ਦੀਆਂ ਸਰਗਰਮੀਆਂ ਬਾਰੇ ਕੋਈ ਬਿਆਨ ਦੇਵਾਂ ਤਾਂ ਮੈਨੂੰ ਕੈਦ ਨਹੀਂ ਹੋਏਗੀ। ਸਗੋਂ ਉਹ ਰਿਹਾਅ ਕਰ ਦੇਣਗੇ ਤੇ ਇਨਾਮ ਦੇਣਗੇ ਤੇ ਮੈਨੂੰ ਅਦਾਲਤ ਵਿੱਚ ਵਾਅਦਾ ਮੁਆਫ ਵਜੋਂ ਪੇਸ਼ ਨਹੀਂ ਕਰਨਗੇ। ਮੈਂ ਉਨ੍ਹਾਂ ਦੀ ਇਸ ਤਜਵੀਜ਼ ਉੱਤੇ ਹੱਸ ਛੱਡਿਆ। ਇਹ ਸਰਾਸਰ ਧੋਖਾ ਸੀ। ਸਾਡੇ ਵਿਚਾਰਾਂ ਵਾਲੇ ਲੋਕ ਕਦੇ ਵੀ ਆਪਣੇ ਮਾਸੂਮ ਲੋਕਾਂ ਉੱਤੇ ਬੰਬ ਨਹੀਂ ਸੁੱਟਦੇ। ਇਕ ਦਿਨ ਸਵੇਰੇ ਮਿਸਟਰ ਨੀਊਮੈਨ ਮੇਰੇ ਕੋਲ ਆਇਆ, ਜੋ ਉਨੀ ਦਿਨੀ ਸੀ ਆਈ ਡੀ ਦਾ ਸੀਨੀਅਰ ਸੁਪਰਡੈਂਟ ਹੁੰਦਾ ਸੀ। ਉਹਨੇ ਮੇਰੇ ਨਾਲ ਲੰਮੀ ਚੌੜੀ ਹਮਦਰਦ ਗੱਲਬਾਤ ਮਗਰੋਂ ਆਪਣੇ ਚਿੱਤੋਂ ਮੈਨੂੰ ਬੜੀ ਮਾੜੀ ਖਬਰ ਦਿੱਤੀ ਕਿ ਜੇ ਮੈਂ ਉਨ੍ਹਾਂ ਦੀ ਮਰਜ਼ੀ ਮੁਤਾਬਕ ਕੋਈ ਬਿਆਨ ਨਾ ਦਿੱਤਾ ਤਾਂ ਉਹ ਮੇਰੇ ਉੱਤੇ ਕਾਕੋਰੀ ਮੁਕੱਦਮੇ ਦੇ ਸਬੰਧ ਵਿੱਚ ਜੰਗ ਛੇੜਨ ਦੀ ਸਾਜ਼ਸ਼ ਅਤੇ ਦੁਸਹਿਰਾ ਬੰਬ ਸਾਕੇ ਦੇ ਵਹਿਸ਼ੀ ਕਤਲਾਂ ਦਾ ਮੁਕੱਦਮਾ ਚਲਾਉਣ ਲਈ ਮਜਬੂਰ ਹੋਣਗੇ। ਫੇਰ ਉਹ ਮੈਨੂੰ ਆਖਣ ਲੱਗਾ ਕਿ ਮੈਨੂੰ ਸਜ਼ਾ ਦਿਵਾਉਣ ਤੇ ਫਾਹੇ ਲਾਉਣ ਲਈ ਉਨ੍ਹਾਂ ਕੋਲ ਗਵਾਹੀ ਮੌਜੂਦ ਹੈ। ਉਨ੍ਹੀ ਦਿਨੀ ਮੇਰਾ ਵਿਸ਼ਵਾਸ ਸੀ – ਭਾਵੇਂ ਮੈਂ ਬਿਲਕੁਲ ਮਾਸੂਮ ਸੀ – ਕਿ ਪੁਲਿਸ ਜੋ ਦਾਅਵੇ ਕਰਦੀ ਹੈ, ਉਹ ਕਰ ਵੀ ਸਕਦੀ ਹੈ। ਉਸੇ ਦਿਨ ਕੁਝ ਪੁਲਿਸ ਅਫਸਰ ਦੋਵੇਂ ਵੇਲੇ ਰੱਬ ਦਾ ਨਾਂ ਲੈਣ ਲਈ ਮੈਨੂੰ ਪ੍ਰੇਰਨ ਲੱਗ ਪਏ। ਮੈਂ ਤਾਂ ਨਾਸਤਕ ਸਾਂ। ਮੈਂ ਆਪਣੇ ਨਾਲ ਫੈਸਲਾ ਕਰਨਾ ਚਾਹੁੰਦਾ ਸਾਂ ਕਿ ਕੀ ਮੈਂ ਅਮਨ ਚੈਨ ਤੇ ਖੁਸ਼ੀ ਦੇ ਦਿਨਾਂ ਵਿੱਚ ਨਾਸਤਕ ਹੋਣ ਦੀ ਫੜ ਮਾਰ ਸਕਦਾ ਹਾਂ ਜਾਂ ਇਹੋ ਜਿਹੀ ਔਖੀ ਘੜੀ ਵਿਚ ਵੀ ਮੈਂ ਆਪਣੇ ਅਸੂਲਾਂ ਉੱਤੇ ਸਾਬਤ ਕਦਮ ਰਹਿ ਸਕਦਾ ਹਾਂ ਜਾਂ ਨਹੀਂ। ਬੜੀ ਸੋਚ-ਵਿਚਾਰ ਮਗਰੋਂ ਫੈਸਲਾ ਕੀਤਾ ਕਿ ਮੈਂ ਰੱਬ ਵਿੱਚ ਯਕੀਨ ਨਹੀਂ ਕਰ ਸਕਦਾ ਅਤੇ ਨਾ ਹੀ ਅਰਦਾਸ ਕਰ ਸਕਦਾ ਹਾਂ। ਮੈਂ ਕਦੇ ਵੀ ਅਰਦਾਸ ਨਾ ਕੀਤੀ। ਇਹ ਪਰਖ ਦੀ ਘੜੀ ਸੀ ਤੇ ਮੈਂ ਇਸ ਪਰਖ ਵਿੱਚ ਕਾਮਯਾਬ ਰਿਹਾ। ਮੈਂ ਕਦੇ ਇਕ ਪਲ ਲਈ ਕਿਸੇ ਵੀ ਕੀਮਤ ਉੱਤੇ ਆਪਣੀ ਜਾਨ ਬਚਾਉਣ ਬਾਰੇ ਨਹੀਂ ਸੋਚਿਆ ਸੀ। ਸੋ ਮੈਂ ਪੱਕਾ ਨਾਸਤਕ ਸੀ ਤੇ ਉਦੋਂ ਤੋਂ ਲੈ ਕੇ ਹੁਣ ਤੱਕ ਹਾਂ। ਉਸ ਅਜਮਾਇਸ਼ ਵਿੱਚ ਪੂਰਾ ਉਤਰਨਾ ਕੋਈ ਸੌਖੀ ਗੱਲ ਨਹੀਂ ਸੀ। 'ਵਿਸ਼ਵਾਸ' ਮੁਸ਼ਕਿਲਾਂ ਨੂੰ ਘੱਟ ਕਰ ਦੇਂਦਾ ਹੈ, ਇੱਥੋਂ ਤੱਕ ਕਿ ਉਨ੍ਹਾਂ ਨੂੰ ਖੁਸ਼ਗਵਾਰ ਬਣਾ ਦਿੰਦਾ ਹੈ। 'ਉਹਦੇ' ਤੋਂ ਬਿਨਾਂ ਮਨੁੱਖ ਨੂੰ ਆਪਣੇ ਆਪ ਉੱਤੇ ਨਿਰਭਰ ਹੋਣਾ ਪੈਂਦਾ ਹੈ। ਝੱਖੜ-ਝਾਂਜਿਆਂ ਤੇ ਤੁਫਾਨਾਂ ਵਿੱਚ ਸਾਬਤ-ਕਦਮ ਰਹਿਣਾ ਬੱਚਿਆਂ ਦੀ ਖੇਡ ਨਹੀਂ ਹੁੰਦੀ। ਇਹੋ ਜਿਹੀਆਂ ਅਜ਼ਮਾਇਸ਼ੀ ਘੜੀਆਂ ਵਿੱਚ ਕਿਸੇ ਵਿੱਚ ਕੋਈ ਹਉਮੇ ਬਚੀ ਹੋਈ ਹੋਵੇ ਤਾਂ ਉਹ ਕਾਫਰ ਹੋ ਜਾਂਦੀ ਹੈ ਅਤੇ ਮਨੁੱਖ ਆਮ ਵਿਸ਼ਵਾਸਾਂ ਨੂੰ ਉਲੰਘਣ ਦੀ ਹਿੰਮਤ ਤੱਕ ਨਹੀਂ ਕਰ ਸਕਦਾ। ਜੇ ਉਹ ਹਿੰਮਤ ਕਰਦਾ ਹੈ ਤਾਂ ਸਾਨੂੰ ਇਹ ਕਹਿਣਾ ਪਏਗਾ ਕਿ ਉਸ ਵਿੱਚ ਨਿਜੀ ਹਉਮੇ ਨਾਲੋਂ ਹੋਰ ਕੋਈ ਤਾਕਤ ਵੀ ਹੁੰਦੀ ਹੋਣੀ ਹੈ। ਹੁਣ ਬਿਲਕੁਲ ਇਹੀ ਹਾਲਤ ਹੈ। ਪਹਿਲਾਂ ਹੀ ਚੰਗੀ ਤਰਾਂ ਪਤਾ ਹੈ ਕਿ (ਸਾਡੇ ਮੁਕੱਦਮੇ ਦਾ) ਕੀ ਫੈਸਲਾ ਹੋਏਗਾ। ਹਫਤੇ ਦੇ ਵਿੱਚ-ਵਿੱਚ ਫੈਸਲਾ ਸੁਣਾ ਦਿੱਤਾ ਜਾਵੇਗਾ। ਮੈਂ ਆਪਣੀ ਜ਼ਿੰਦਗੀ ਆਦਰਸ਼ ਖਾਤਰ ਕੁਰਬਾਨ ਕਰ ਦੇਣੀ ਹੈ, ਇਸ ਵਿਚਾਰ ਤੋਂ ਬਿਨਾਂ

ਮੇਰਾ ਹੋਰ ਕਿਹੜਾ ਧਰਵਾਸ ਹੈ? ਕਿਸੇ ਆਸਤਕ ਹਿੰਦੂ ਨੂੰ ਤਾਂ ਦੂਜੇ ਜਨਮ ਵਿੱਚ ਬਾਦਸ਼ਾਹ ਬਣਨ ਦੀ ਆਸ ਹੋ ਸਕਦੀ ਹੈ, ਕੋਈ ਮੁਸਲਮਾਨ ਜਾਂ ਇਸਾਈ ਤਾਂ ਆਪਣੀਆਂ ਮੁਸ਼ਕਲਾਂ ਤੇ ਕੁਰਬਾਨੀਆਂ ਬਦਲੇ ਸਵਰਗ ਦੀਆਂ ਐਸ਼ੋ ਇਸ਼ਰਤਾਂ ਦੀ ਕਲਪਨਾ ਕਰ ਸਕਦਾ ਹੈ। ਪਰ ਮੈਂ ਕਿਸ ਗੱਲ ਦੀ ਆਸ ਰੱਖਾਂ? ਮੈਨੂੰ ਪਤਾ ਹੈ ਕਿ ਜਿਸ ਪਲ ਮੇਰੇ ਗਲ਼ ਵਿਚ ਫਾਂਸੀ ਦਾ ਫੰਦਾ ਪਾ ਦਿੱਤਾ ਜਾਏਗਾ ਤੇ ਮੇਰੇ ਪੈਰਾਂ ਹੇਠੋਂ ਤਖਤੇ ਖੋਲ੍ਹ ਦਿੱਤੇ ਗਏ, ਤਾਂ ਉਹ ਮੇਰਾ ਆਖਰੀ ਪਲ ਹੋਏਗਾ। ਮੇਰਾ ਜਾਂ ਮਿਥਿਹਾਸਿਕ ਸ਼ਬਦਾਵਲੀ ਵਿੱਚ ਆਖੀਏ ਤਾਂ ਮੇਰੀ ਆਤਮਾ ਦਾ ਬਿਲਕੁਲ ਖਾਤਮਾ ਹੋ ਜਾਏਗਾ। ਇਸ ਪਲ ਮਗਰੋਂ ਕੁਝ ਵੀ ਨਹੀਂ ਹੋਏਗਾ। ਜੇ ਮੈਂ ਇਨਾਮ ਦੇ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਹਿੰਮਤ ਕਰਾਂ ਤਾਂ ਸ਼ਾਨਦਾਰ ਅੰਤ ਤੋਂ ਵਾਂਝੀ ਜਦੋ-ਜਹਿਦ ਭਰੀ ਮੁਖਤਸਰ ਜ਼ਿੰਦਗੀ ਹੀ ਆਪਣੇ ਆਪ ਵਿੱਚ (ਮੇਰਾ) ਇਨਾਮ ਹੋਏਗਾ। ਇਸ ਤੋਂ ਵੱਧ ਕੁਝ ਨਹੀਂ। ਹੁਣ ਜਾਂ ਕਦੇ ਵੀ ਕੁਝ ਹਾਸਲ ਕਰ ਸਕਣ ਦੀ ਕਿਸੇ ਵੀ ਖੁਦਗਰਜ਼ੀ ਤੋਂ ਬਿਨਾਂ ਮੈਂ ਕਾਫੀ ਬੇਲਾਗ ਹੋ ਕੇ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਦੇ ਲੇਖੇ ਲਾਈ ਹੈ ਕਿਉਂਕਿ ਮੇਰੇ ਕੋਲ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਜਿਸ ਦਿਨ ਮਨੁੱਖਤਾ ਦੀ ਸੇਵਾ ਤੇ ਦੁੱਖ ਝਾਗ ਰਹੀ ਮਨੁੱਖਤਾ ਦੇ ਨਜਾਤ ਦੀ ਭਾਵਨਾ ਨਾਲ ਪ੍ਰੇਰਿਤ ਬਹੁਤ ਸਾਰੇ ਮਰਦ-ਔਰਤਾਂ ਅੱਗੇ ਆ ਗਏ ਜਿਹੜੇ ਇਸ ਬਗੈਰ ਹੋਰ ਕਿਸੇ ਚੀਜ਼ ’ਤੇ ਜੀਵਨ ਨਹੀਂ ਲਗਾ ਸਕਦੇ, ਉਸ ਦਿਨ ਤੋਂ ਮੁਕਤੀ ਦਾ ਯੁੱਗ ਸ਼ੁਰੂ ਹੋਵੇਗਾ। ਉਹ ਦਮਨਕਾਰੀਆਂ, ਲੋਟੂਆਂ ਤੇ ਜ਼ਾਲਮਾਂ ਨੂੰ ਏਸ ਗੱਲੋਂ ਨਹੀਂ ਵੰਗਾਰਨਗੇ ਕਿ ਉਹ ਇਸ ਜਾਂ ਅਗਲੇ ਜਨਮ ਵਿੱਚ ਮੌਤ ਮਗਰੋਂ ਬਹਿਸ਼ਤ ਵਿੱਚ ਬਾਦਸ਼ਾਹ ਬਣ ਜਾਣਗੇ ਜਾਂ ਉਨ੍ਹਾਂ ਨੂੰ ਕੋਈ ਇਨਾਮ ਮਿਲ ਜਾਏਗਾ, ਸਗੋਂ ਮਨੁੱਖਤਾ ਦੀ ਧੌਣ ਤੋਂ ਗੁਲਾਮੀ ਦਾ ਜੂਲ਼ਾ ਲਾਹੁਣ ਲਈ ਅਤੇ ਆਜ਼ਾਦੀ ਤੇ ਅਮਨ ਕਾਇਮ ਕਰਨ ਲਈ ਹੀ ਉਹ ਇਸ ਬਿਖੜੇ ਪਰ ਇਕੋ ਇਕ ਸ਼ਾਨਦਾਰ ਮਾਰਗ ਉੱਤੇ ਚਲਣਗੇ। ਕੀ ਆਪਣੇ ਸੱਚੇ ਆਦਰਸ਼ ਵਿੱਚ ਉਨ੍ਹਾਂ ਦੇ ਮਾਣ ਨੂੰ ਅਹੰਕਾਰ ਕਿਹਾ ਜਾ ਸਕਦਾ ਹੈ? ਇਹੋ ਜਿਹੀ ਘ੍ਰਿਣਤ ਬਿਆਨੀ ਕਰਨ ਦੀ ਕੌਣ ਜੁਅਰਤ ਕਰ ਸਕਦਾ ਹੈ? ਇਹੋ ਜਿਹੇ ਬੰਦੇ ਨੂੰ ਮੈਂ ਮੂਰਖ ਜਾਂ ਪਾਖੰਡੀ ਆਖਾਂਗਾ। ਚਲੋ ਆਪਾਂ ਇਸ ਨੂੰ ਮੁਆਫ ਕਰ ਦਿੰਦੇ ਹਾਂ ਕਿਉਂਕਿ ਉਹ ਸੁੱਚੇ ਆਦਰਸ਼ ਵਾਲੇ ਦਿਲ ਦੇ ਜਜ਼ਬੇ, ਭਾਵਨਾ ਤੇ ਅਹਿਸਾਸ ਨੂੰ ਜਾਣ ਨਹੀਂ ਸਕਦਾ। ਉਹਦਾ ਦਿਲ ਮਾਸ ਦਾ ਬੇਜਾਨ ਲੋਥੜਾ ਹੈ। ਉਹਦੀ ਦ੍ਰਿਸ਼ਟੀ ਕਮਜ਼ੋਰ ਹੈ ਕਿਉਂਕਿ ਹੋਰ ਗਰਜ਼ਾਂ ਦੀਆਂ ਬੁਰਾਈਆਂ ਦਾ ਉਨ੍ਹਾਂ ਉੱਤੇ ਪਰਦਾ ਪਿਆ ਹੋਇਆ ਹੈ। ਸਵੈ-ਵਿਸ਼ਵਾਸ ਨੂੰ ਅਹੰਕਾਰ ਸਮਝਿਆ ਜਾ ਸਕਦਾ ਹੈ। ਇਹ ਅਫਸੋਸਨਾਕ ਤਰਸਯੋਗ ਗੱਲ ਹੈ ਪਰ ਇਹਦਾ ਕੋਈ ਚਾਰਾ ਨਹੀਂ।

ਤੁਸੀਂ ਪ੍ਰਚਲਤ ਵਿਸ਼ਵਾਸ ਦਾ ਵਿਰੋਧ ਕਰ ਕੇ ਦੇਖ ਲਓ, ਤੁਸੀਂ ਨਿਹਕਲੰਕ ਅਵਤਾਰ ਸਮਝੇ ਜਾਂਦੇ ਕਿਸੇ ਨਾਇਕ, ਕਿਸੇ ਮਹਾਨ ਪੁਰਖ ਦੀ ਨੁਕਤਾਚੀਨੀ ਕਰ ਕੇ ਦੇਖ ਲਓ ਤਾਂ ਤੁਹਾਡੀ ਦਲੀਲ ਦਾ ਜਵਾਬ ਤੁਹਾਨੂੰ ਘੁਮੰਡੀ-ਅਹੰਕਾਰੀ ਆਖ ਕੇ ਦਿੱਤਾ ਜਾਵੇਗਾ। ਇਹਦਾ ਕਾਰਨ ਮਾਨਸਿਕ ਖੜੋਤ ਹੈ। ਆਲੋਚਨਾ ਤੇ ਸੁਤੰਤਰ ਸੋਚਣੀ ਇਨਕਲਾਬੀ ਦੇ ਦੋ ਲਾਜ਼ਮੀ ਗੁਣ ਹੁੰਦੇ ਹਨ। ਕਿਉਂਕਿ ਮਹਾਤਮਾ ਜੀ ਮਹਾਨ ਹਨ ਇਸ ਲਈ ਕੋਈ ਉਨ੍ਹਾਂ ਦੀ ਆਲੋਚਨਾ ਨਾ ਕਰੇ, ਕਿਉਂਕਿ ਉਹ ਉੱਪਰ ਉੱਠ ਚੁੱਕੇ ਹਨ। ਇਸ ਲਈ ਉਹ ਰਾਜਨੀਤੀ ਜਾਂ ਧਰਮ ਆਰਥਿਕਤਾ ਜਾਂ ਸਦਾਚਾਰ ਬਾਰੇ ਕੁਝ ਵੀ ਕਹਿੰਦੇ ਹਨ ਤਾਂ ਉਹ ਸਹੀ ਹੁੰਦਾ ਹੈ। ਤੁਸੀਂ ਮੰਨਦੇ ਹੋ ਭਾਵੇਂ ਨਹੀਂ ਮੰਨਦੇ ਤੁਹਾਨੂੰ ਇਹ ਜ਼ਰੂਰ ਕਹਿਣਾ ਪਏਗਾ, "ਹਾਂ ਇਹ ਗੱਲ ਠੀਕ ਹੈ।" ਇਹ ਮਾਨਸਿਕਤਾ ਸਾਨੂੰ ਪ੍ਰਗਤੀ ਵਲ ਨਹੀਂ ਲਿਜਾਂਦੀ ਸਗੋਂ ਇਹ ਤਾਂ ਸਪੱਸ਼ਟ ਤੌਰ ’ਤੇ ਪ੍ਰਤੀਗਾਮੀ (ਮਾਨਸਿਕਤਾ) ਹੈ।

ਕਿਉਂਕਿ ਸਾਡੇ ਵੱਡੇ-ਵਡੇਰਿਆਂ ਨੇ ਕਿਸੇ ਸਰਬ-ਸ਼ਕਤੀਮਾਨ ਪਰਮਾਤਮਾ ਵਿੱਚ ਵਿਸ਼ਵਾਸ ਬਣਾ ਲਿਆ ਸੀ। ਇਸ ਲਈ ਕੋਈ ਵੀ ਬੰਦਾ ਜਿਹੜਾ ਉਸ ਵਿਸ਼ਵਾਸ ਜਾਂ ਉਸ ਪਰਮਾਤਮਾ ਦੀ ਹੋਂਦ ਤੋਂ ਮੁਨਕਰ ਹੋਣ ਦਾ ਹੌਸਲਾ ਕਰਦਾ ਹੈ ਉਹਨੂੰ ਹਰ

ਹਾਲਤ ਵਿੱਚ ਕਾਫਰ, ਗੱਦਾਰ ਕਿਹਾ ਜਾਏਗਾ। ਜੇ ਉਹਦੀਆਂ ਵਜ਼ਨਦਾਰ ਦਲੀਲਾਂ ਨੂੰ ਅੱਗੋਂ ਕੱਟਿਆ ਨਾ ਜਾ ਸਕਦਾ ਹੋਵੇ ਅਤੇ ਸਰਬ-ਸ਼ਕਤੀਮਾਨ ਦੀ ਕਰੋਪੀ ਵੀ ਉਹਦੀ ਜ਼ੋਰਦਾਰ ਦ੍ਰਿੜਤਾ ਨੂੰ ਡੇਗ ਨਾ ਸਕੇ ਤਾਂ ਉਹਨੂੰ ਘੁਮੰਡੀ ਗਰਦਾਨਿਆਂ ਜਾਏਗਾ ਅਤੇ ਉਹਦੀ ਦ੍ਰਿੜਤਾ ਨੂੰ ਅਹੰਕਾਰ ਆਖਿਆ ਜਾਏਗਾ। ਤਾਂ ਫੇਰ ਇਸ ਫਜ਼ੂਲ ਬਹਿਸ ਵਿੱਚ ਸਮਾਂ ਕਿਉਂ ਜ਼ਾਇਆ ਕੀਤਾ ਜਾਏ? ਇਹ ਸਵਾਲ ਲੋਕਾਂ ਅੱਗੇ ਪਹਿਲੀ ਵਾਰ ਆ ਰਿਹਾ ਹੈ ਤੇ ਇਸ ਨੂੰ ਤਰੀਕੇ ਨਾਲ ਪਹਿਲੀ ਵਾਰ ਲਿਆ ਜਾ ਰਿਹਾ ਹੈ, ਇਸੇ ਲਈ ਲੰਮੀ ਬਹਿਸ ਹੋ ਰਹੀ ਹੈ।

ਜਿੱਥੋਂ ਤੱਕ ਪਹਿਲੇ ਸਵਾਲ ਦਾ ਸਬੰਧ ਹੈ, ਮੇਰਾ ਵਿਚਾਰ ਹੈ ਕਿ ਮੈਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਮੈਂ ਅਹੰਕਾਰ ਕਾਰਨ ਨਾਸਤਕ ਨਹੀਂ ਬਣਿਆਂ। ਇਹ ਫੈਸਲਾ ਮੈਂ ਨਹੀਂ ਸਗੋਂ ਮੇਰੇ ਪਾਠਕਾਂ ਨੇ ਕਰਨਾ ਹੈ ਕਿ ਮੇਰੀਆਂ ਦਲੀਲਾਂ ਖੁੱਭਵੀਆਂ ਸਾਬਤ ਹੋਈਆਂ ਹਨ ਜਾਂ ਨਹੀਂ। ਮੈਨੂੰ ਪਤਾ ਹੈ ਕਿ ਹੁਣ ਦੀਆਂ ਹਾਲਤਾਂ ਵਿੱਚ ਜੇ ਮੈਂ ਆਸਤਕ ਹੁੰਦਾ ਤਾਂ ਮੇਰੀ ਜ਼ਿੰਦਗੀ ਹੁਣ ਨਾਲੋਂ ਆਸਾਨ ਹੋਣੀ ਸੀ ਅਤੇ ਮੇਰਾ ਬੋਝ ਹੁਣ ਨਾਲੋਂ ਘੱਟ ਹੋਣਾ ਸੀ ਅਤੇ ਮੇਰਾ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਕਰਕੇ ਹਾਲਾਤ ਬਹੁਤ ਹੀ ਅਣਸੁਖਾਵੇਂ ਹੋ ਗਏ ਹਨ ਤੇ ਹਾਲਤ ਇਸ ਤੋਂ ਵੀ ਭੈੜੀ ਹੋ ਸਕਦੀ ਹੈ। ਥੋੜ੍ਹਾ ਜਿੰਨਾ ਰਹੱਸਵਾਦ ਇਸ ਹਾਲਤ ਨੂੰ ਸ਼ਾਇਰਾਨਾ ਬਣਾ ਸਕਦਾ ਹੈ। ਪਰ ਮੈਨੂੰ ਆਪਣੇ ਅੰਤ ਵਾਸਤੇ ਕਿਸੇ ਨਸ਼ੇ ਦੀ ਮਦਦ ਦੀ ਲੋੜ ਨਹੀਂ ਹੈ। ਮੈਂ ਯਥਾਰਥਵਾਦੀ ਹਾਂ। ਮੈਂ ਤਰਕ ਦੀ ਮਦਦ ਨਾਲ ਇਸ ਰੁਝਾਨ ਉਤੇ ਕਾਬੂ ਪਾਉਣ ਦੀ ਕੋਸ਼ਸ਼ ਕਰਦਾ ਰਿਹਾ ਹਾਂ ਮੈਂ ਇਸ ਕੋਸ਼ਸ਼ ਵਿੱਚ ਹਮੇਸ਼ਾ ਹੀ ਸਫਲ ਨਹੀਂ ਹੁੰਦਾ। ਪਰ ਬੰਦੇ ਦਾ ਫਰਜ਼ ਤਾਂ ਕੋਸ਼ਸ਼ ਕਰੀ ਜਾਣਾ ਹੁੰਦਾ ਹੈ ਕਾਮਯਾਬੀ ਮੌਕੇ ’ਤੇ ਹਾਲਾਤ ਉਤੇ ਨਿਰਭਰ ਹੁੰਦੀ ਹੈ।

ਦੂਜਾ ਸਵਾਲ ਇਹ ਹੈ ਕਿ ਅਹੰਕਾਰ ਨਹੀਂ ਤਾਂ ਰੱਬ ਦੀ ਹੋਂਦ ਪੁਰਾਣੀ ਤੇ ਪ੍ਰਚਲਤ ਧਾਰਨਾ ਨੂੰ ਨਾ ਮੰਨਣ ਦਾ ਕੋਈ ਕਾਰਨ ਹੋਵੇਗਾ। ਹਾਂ, ਮੈਂ ਇਸ ਸਵਾਲ ਵੱਲ ਆਉਂਦਾ ਹਾਂ। ਇਹਦਾ ਕਾਰਨ ਹੈ। ਮੇਰੇ ਵਿਚਾਰ ਅਨੁਸਾਰ ਜਿਸ ਵਿਅਕਤੀ ਕੋਲ ਥੋੜ੍ਹੀ ਬਹੁਤ ਤਰਕ ਸ਼ਕਤੀ ਹੈ ਉਹ ਹਮੇਸ਼ਾ ਆਪਣੇ ਆਲੇ-ਦੁਆਲੇ ਨੂੰ ਤਰਕ ਦੀ ਕਸਵੱਟੀ ਉਤੇ ਪਰਖਦਾ ਹੈ। ਜਿਥੇ ਸਿੱਧੇ ਸਬੂਤ ਨਹੀਂ ਮਿਲਦੇ ਉਥੇ ਫਲਸਫੇ ਦਾ ਅਹਿਮ ਥਾਂ ਹੁੰਦਾ ਹੈ। ਜਿਵੇਂ ਮੈਂ ਪਹਿਲਾਂ ਆਖ ਚੁੱਕਾ ਹਾਂ, ਮੇਰਾ ਕੋਈ ਇਨਕਲਾਬੀ ਦੋਸਤ ਕਿਹਾ ਕਰਦਾ ਸੀ ਕਿ "ਫਲਸਫਾ ਮਨੁੱਖੀ ਕਮਜ਼ੋਰੀ ਦੀ ਪੈਦਾਵਾਰ ਹੈ।" ਜਦ ਸਾਡੇ ਵੱਡੇ-ਵਡੇਰਿਆਂ ਕੋਲ ਇਸ ਜਗਤ-ਤਮਾਸ਼ੇ ਨੂੰ ਜਾਣਨ ਦੀ ਕਾਫੀ ਫੁਰਸਤ ਮਿਲੀ ਤੇ ਜਦ ਉਨ੍ਹਾਂ ਨੂੰ ਜਗਤ ਦੇ ਅਤੀਤ, ਵਰਤਮਾਨ ਤੇ ਭਵਿੱਖ ਤੇ ਹੋਰ ਬਹੁਤ ਸਾਰੇ ਸਵਾਲਾਂ ਦੇ ਸਿੱਧੇ ਸਬੂਤ ਨਾ ਮਿਲੇ ਤਾਂ ਹਰ ਕਿਸੇ ਨੇ ਇਸ ਸਮੱਸਿਆ ਨੂੰ ਆਪਣੇ ਤਰੀਕੇ ਨਾਲ ਸੁਲਝਾਉਣ ਦੀ ਕੋਸ਼ਸ਼ ਕੀਤੀ। ਇਸ ਕਰਕੇ ਵੱਖ ਵੱਖ ਧਰਮਾਂ ਦੇ ਬੁਨਿਆਦੀ ਸਿਧਾਂਤਾਂ ਵਿੱਚ ਵੱਡੇ-ਵੱਡੇ ਮਤਭੇਦ ਮਿਲਦੇ ਹਨ। ਜਿਹੜੇ ਕਦੇ-ਕਦੇ ਬਹੁਤ ਵਿਰੋਧੀ ਰੂਪ ਅਖਤਿਆਰ ਕਰ ਜਾਂਦੇ ਹਨ। ਜਿੱਥੇ ਏਸ਼ੀਆਈ ਤੇ ਯੂਰਪੀ ਫਿਲਾਸਫੀਆਂ ਵਿੱਚ ਵੱਖਰੇਵਾਂ ਹੈ, ਇਥੋਂ ਤੱਕ ਕਿ ਹਰ ਮਹਾਂ ਖੇਤਰ ਦੀਆਂ ਵੱਖ-ਵੱਖ ਵਿਚਾਰ ਪ੍ਰਣਾਲੀਆਂ ਵਿੱਚ ਵੀ ਮਤਭੇਦ ਮਿਲਦਾ ਹੈ। ਏਸ਼ੀਆਈ ਧਰਮਾਂ ਵਿੱਚ ਮੁਸਲਮ ਧਰਮ ਦੀ ਹਿੰਦੂ ਧਰਮ ਨਾਲ ਕੋਈ ਸਾਂਝ ਨਹੀਂ। ਸਿਰਫ ਹਿੰਦੋਸਤਾਨ ਵਿੱਚ ਹੀ ਬੁੱਧ ਧਰਮ ਤੇ ਜੈਨ ਧਰਮ ਬ੍ਰਾਹਮਣਵਾਦ ਤੋਂ ਕਾਫੀ ਵੱਖਰੇ ਹਨ ਅਤੇ ਬ੍ਰਾਹਮਣਵਾਦ ਵਿੱਚ ਵੀ ਅਗਾਂਹ ਆਰੀਆਂ ਸਮਾਜ ਤੇ ਸਨਾਤਨ ਧਰਮ ਵਰਗੇ ਵਿਰੋਧੀ ਮਤ ਹਨ। ਚਾਰਵਾਕ * ਪੁਰਾਤਨ ਕਾਲ ਦਾ ਸੁਤੰਤਰ ਚਿੰਤਕ ਸੀ। ਇਹਨੇ ਰੱਬ ਦੀ ਪ੍ਰਭੂਸੱਤਾ ਨੂੰ ਵੰਗਾਰਿਆ ਸੀ। ਇਹਨਾਂ ਸਾਰੇ ਮੱਤਾਂ ਵਿੱਚ ਬੁਨਿਆਦੀ ਸਵਾਲ ਬਾਰੇ ਮਤਭੇਦ ਹਨ ਅਤੇ ਹਰ ਕੋਈ ਆਪਣੇ ਆਪ ਨੂੰ ਦਰੁਸਤ ਮੰਨਦਾ ਹੈ। ਇਹੋ ਸਾਰੀ ਬੁਰਾਈ ਹੈ। ਪੁਰਾਣੇ ਵਿਦਵਾਨਾਂ ਦੇ ਤਜਰਬਿਆਂ ਤੇ ਵਿਚਾਰਾਂ ਨੂੰ ਅਗਿਆਨਤਾ ਵਿੱਚ ਸਾਡੀ ਆਉਣ ਵਾਲੀ ਜਦੋ-ਜਹਿਦ ਦਾ ਅਧਾਰ ਬਣਾਉਣ ਤੇ ਇਸ ਭੇਦ-ਭਰੀ ਸਮੱਸਿਆ

ਦਾ ਹੱਲ ਲੱਭਣ ਦੀ ਕੋਸ਼ਸ਼ ਕਰਨ ਦੀ ਥਾਂ ਅਸੀਂ ਸੁਸਤ, ਨਿਕੰਮੇ, ਕੱਟੜ ਧਰਮ ਦੀ ਹਾਲ ਦੁਹਾਈ ਪਾਉਣ ਲੱਗ ਜਾਂਦੇ ਹਾਂ ਅਤੇ ਇੰਜ ਮਨੁੱਖੀ ਪ੍ਰਗਤੀ ਵਿੱਚ ਆਈ ਖੜੋਤ ਦੇ ਕਸੂਰਵਾਰ ਹਾਂ।

ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਸਨੂੰ ਲਾਜ਼ਮੀ ਤੌਰ ਉਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਏਗੀ, ਇਹਦੇ ਵਿਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ, ਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ, ਪ੍ਰਚੱਲਤ ਵਿਸ਼ਵਾਸ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਹੋਵੇਗੀ। ਜੇ ਕੋਈ ਦਲੀਲ ਨਾਲ ਕਿਸੇ ਸਿਧਾਂਤ ਜਾਂ ਫਲਸਫੇ ਵਿੱਚ ਵਿਸ਼ਵਾਸ ਕਰਨ ਲਗਦਾ ਹੈ ਤਾਂ ਉਹਦਾ ਵਿਸ਼ਵਾਸ ਸਰਾਹੁਣਯੋਗ ਹੈ। ਉਹਦੀ ਦਲੀਲ ਗਲਤ ਜਾਂ ਉੱਕਾ ਹੀ ਬੇਬੁਨਿਆਦ ਹੋ ਸਕਦੀ ਹੈ ਪਰ ਉਨ੍ਹਾਂ ਨੂੰ ਦਰੁਸਤ ਰਾਹ ਉਤੇ ਲਿਆਂਦਾ ਜਾ ਸਕਦਾ ਹੈ ਕਿਉਂਕਿ ਤਰਕਸ਼ੀਲਤਾ ਉਹਦੀ ਜ਼ਿੰਦਗੀ ਦਾ ਧਰੂ ਤਾਰਾ ਜੋ ਹੁੰਦੀ ਹੈ। ਪਰ ਨਿਰਾ ਵਿਸ਼ਵਾਸ ਤੇ ਅੰਨ੍ਹਾ ਵਿਸ਼ਵਾਸ ਖਤਰਨਾਕ ਹੁੰਦਾ ਹੈ: ਇਹ ਦਿਮਾਗ ਨੂੰ ਕੁੰਦ ਬਣਾਉਂਦਾ ਹੈ ਅਤੇ ਬੰਦੇ ਨੂੰ ਪ੍ਰਤੀਗਾਮੀ (ਪਿਛਾਂਹ-ਖਿੱਚੂ) ਬਣਾ ਦਿੰਦਾ ਹੈ। ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਸਮੁੱਚੇ ਪੁਰਾਤਨ ਵਿਸ਼ਵਾਸ ਨੂੰ ਚੈਲੰਜ ਕਰਨਾ ਪਵੇਗਾ। ਜੇ ਇਹ ਵਿਸ਼ਵਾਸ ਦਲੀਲ ਅੱਗੇ ਨਾ ਖੜ੍ਹ ਸਕੇ ਤਾਂ ਇਹ ਢਹਿ ਢੇਰੀ ਹੋ ਜਾਣਗੇ। ਫਿਰ ਉਸ ਬੰਦੇ ਦਾ ਪਹਿਲਾ ਕੰਮ ਸਾਰੇ ਪੁਰਾਤਨ ਵਿਸ਼ਵਾਸ ਨੂੰ ਤਬਾਹ ਕਰਕੇ ਨਵੇਂ ਫਲਸਫੇ ਲਈ ਜ਼ਮੀਨ ਤਿਆਰ ਕਰਨਾ ਹੋਵੇਗਾ। ਇਹ ਨਕਾਰਾਤਮਕ ਪੱਖ ਹੈ। ਇਸ ਤੋਂ ਮਗਰੋਂ ਸਕਾਰਾਤਮਕ ਕੰਮ ਸ਼ੁਰੂ ਹੁੰਦਾ ਹੈ ਜਿਸ ਵਿਚ ਕਈ ਵਾਰ ਪੁਰਾਣੇ ਵਿਸ਼ਵਾਸ ਦੀ ਕੁਝ ਸਮੱਗਰੀ ਮੁੜ ਉਸਾਰੀ ਲਈ ਵਰਤੀ ਜਾ ਸਕਦੀ ਹੈ। ਜਿੱਥੋਂ ਤੱਕ ਮੇਰਾ ਸੰਬੰਧ ਹੈ, ਮੈਂ ਇਹ ਤਸਲੀਮ ਕਰਦਾ ਹਾਂ ਕਿ ਮੈਂ ਇਸ ਬਾਰੇ ਬਹੁਤਾ ਅਧਿਅਨ ਨਹੀਂ ਕਰ ਸਕਿਆ। ਏਸ਼ੀਆਈ ਫਲਸਫੇ ਨੂੰ ਪੜ੍ਹਨ ਦੀ ਮੇਰੀ ਵੱਡੀ ਰੀਝ ਸੀ ਪਰ ਮੈਨੂੰ ਇਸ ਦਾ ਵਕਤ ਜਾਂ ਮੌਕਾ ਨਹੀਂ ਮਿਲ ਸਕਿਆ। ਪਰ ਜਿੱਥੋ ਤੱਕ ਨਾਕਾਰਤਮਕ ਪੱਖ ਦਾ ਸੰਬੰਧ ਹੈ ਮੈਨੂੰ ਇਸ ਹੱਦ ਤਕ ਯਕੀਨ ਹੈ ਕਿ ਮੈਂ ਪੁਰਾਤਨ ਵਿਸ਼ਵਾਸ ਦੀ ਪੁਖਤਗੀ ਉੱਤੇ ਕਿੰਤੂ ਕਰ ਸਕਦਾ ਹਾਂ। ਮੈਨੂੰ ਪੱਕਾ ਯਕੀਨ ਹੈ ਕਿ ਕੁਦਰਤ ਨੂੰ ਚਲਾਉਣ ਵਾਲਾ ਕੋਈ ਪਰਮਾਤਮਾ ਯਾਂ ਸੁਚੇਤ-ਸਤਾ ਨਹੀਂ ਹੈ। ਸਾਡਾ ਕੁਦਰਤ ਵਿੱਚ ਯਕੀਨ ਹੈ ਤੇ ਸਮੁੱਚੀ ਤਰੱਕੀ ਦਾ ਨਿਸ਼ਾਨਾ ਮਨੁੱਖ ਦਾ ਕੁਦਰਤ ਉੱਤੇ ਆਪਣੀ ਸੇਵਾ ਵਾਸਤੇ ਗਲਬਾ ਪਾਉਣਾ ਹੈ। ਇਹਦੇ ਪਿੱਛੇ ਕੋਈ ਸੁਚੇਤ ਚਾਲਕ ਸ਼ਕਤੀ ਨਹੀਂ ਹੈ। ਇਹੋ ਸਾਡਾ ਫਲਸਫਾ ਹੈ।

ਨਕਾਰਾਤਮਕ ਪੱਖ ਤੋਂ ਅਸੀਂ ਆਸਤਕਾਂ ਤੋਂ ਕੁਝ ਸਵਾਲ ਪੁੱਛਦੇ ਹਾਂ:

(1) ਤੁਹਾਡੇ ਵਿਸ਼ਵਾਸ ਅਨੁਸਾਰ ਜੇ ਕੋਈ ਸਰਬ-ਸ਼ਕਤੀਮਾਨ, ਸਰਬ ਵਿਆਪਕ ਤੇ ਸਰਬ ਗਿਆਤਾ ਰੱਬ ਹੈ - ਤਾਂ ਦੁਨੀਆਂ ਜਾਂ ਧਰਤੀ ਨੂੰ ਜਿਸ ਨੇ ਸਾਜਿਆ ਸੀ, ਮੈਨੂੰ ਇਹ ਦੱਸਣ ਦੀ ਮਿਹਰਬਾਨੀ ਕਰੋ ਕਿ ਉਸ ਨੇ ਧਰਤੀ ਸਾਜੀ ਹੀ ਕਿਉਂ? ਉਹ ਧਰਤੀ ਜੋ ਦੁੱਖਾਂ, ਆਫਤਾਂ, ਅਣਗਿਣਤ ਅਨੰਤ ਦੁਖਾਂਤਾਂ ਨਾਲ ਭਰੀ ਪਈ ਹੈ, ਜਿੱਥੇ ਇਕ ਵੀ ਜੀਅ ਪੂਰੀ ਤਰ੍ਹਾਂ ਸੁਖੀ ਨਹੀਂ ਹੈ।

ਮਿਹਰਬਾਨੀ ਕਰਕੇ ਇਹ ਨਾ ਆਖੋ ਕਿ ਇਹ ਉਸ ਦਾ ਨੇਮ ਹੈ: ਜੇ ਉਹ ਕਿਸੇ ਨੇਮ ਦੇ ਵੱਸ ਹੈ ਤਾਂ ਉਹ ਸਰਬ-ਸ਼ਕਤੀਮਾਨ ਨਹੀਂ। ਫੇਰ ਤਾਂ ਉਹ ਵੀ ਸਾਡੇ ਵਰਗਾ ਗੁਲਾਮ ਹੈ। ਮਿਹਰਬਾਨੀ ਕਰਕੇ ਇਹ ਵੀ ਨਾ ਆਖੋ ਕਿ ਇਹ ਉਸ ਦਾ ਸ਼ੁਗਲ ਹੈ। ਨੀਰੋ ਨੇ ਤਾਂ ਇਕੋ ਰੋਮ ਸਾੜ ਕੇ ਸਵਾਹ ਕੀਤਾ ਸੀ। ਉਸ ਨੇ ਗਿਣਤੀ ਦੇ ਹੀ ਬੰਦੇ ਮਾਰੇ ਸਨ। ਉਸ ਹੱਥੋਂ ਬਹੁਤ ਘੱਟ ਦੁਖਾਂਤ ਵਾਪਰੇ। ਇਹ ਸਭ ਉਸ ਨੇ ਆਪਣੇ ਮਜ਼ੇ ਲਈ ਕੀਤਾ ਤੇ ਇਤਿਹਾਸ ਵਿੱਚ ਉਸ ਨੂੰ ਕਿਹੜੀ ਥਾਂ ਹਾਸਲ ਹੈ? ਇਤਿਹਾਸਕਾਰ ਉਸ ਦਾ

ਜ਼ਿਕਰ ਕਿਹੜੇ ਨਾਵਾਂ ਨਾਲ ਕਰਦੇ ਹਨ? ਸਾਰੇ ਵਿਹੁਲੇ ਵਿਸ਼ੇਸ਼ਕ ਉਸ ਦੇ ਲਈ ਵਰਤੇ ਜਾਂਦੇ ਹਨ। ਜ਼ਾਲਮ, ਬੇਰਹਿਮ, ਸ਼ੈਤਾਨ ਨੀਰੋ ਦੀ ਨਿਖੇਧੀ ਕਰਨ ਲਈ ਲਾਹਨਤਾਂ ਨਾਲ ਸਫਿਆਂ ਦੇ ਸਫੇ ਕਾਲੇ ਕੀਤੇ ਪਏ ਹਨ। ਇਕ ਚੰਗੇਜ਼ ਖਾਨ ਨੇ ਮਜ਼ਾ ਲੈਣ ਲਈ ਕੁਝ ਹਜ਼ਾਰ ਲੋਕਾਂ ਦੀ ਜਾਨ ਲਈ ਸੀ ਅਤੇ ਅੱਜ ਅਸੀਂ ਉਸ ਦੇ ਨਾਂ ਤੱਕ ਨੂੰ ਨਫਰਤ ਕਰਦੇ ਹਾਂ। ਤਾਂ ਫੇਰ ਤੁਸੀਂ ਆਪਣੇ ਸਰਬ-ਸ਼ਕਤੀਮਾਨ ਅਨੰਤ ਹੀਰੋ ਨੂੰ ਕਿਵੇਂ ਵਾਜਬ ਠਹਿਰਾਓਗੇ; ਜੋ ਅਜੇ ਵੀ ਹਰ ਦਿਨ, ਹਰ ਘੜੀ ਤੇ ਹਰ ਪਲ ਅਣਗਿਣਤ ਕਤਲ ਕਰੀ ਜਾ ਰਿਹਾ ਹੈ? ਤੁਸੀਂ ਉਸ ਦੀਆਂ ਉਹਨਾਂ ਕਰਤੂਤਾਂ ਦੀ ਹਮਾਇਤ ਕਿਵੇਂ ਕਰੋਗੇ ਜਿਹੜੀਆਂ ਪਲੋ-ਪਲੀ ਚੰਗੇਜ਼ ਦੀਆਂ ਕਰਤੂਤਾਂ ਨੂੰ ਵੀ ਮਾਤ ਪਾਈ ਜਾਂਦੀਆਂ ਹਨ? ਮੈਂ ਪੁੱਛਦਾ ਹਾਂ ਕਿ ਉਸ ਨੇ ਇਹ ਦੁਨੀਆਂ ਬਣਾਈ ਹੀ ਕਿਉਂ ਸੀ – ਦੁਨੀਆਂ ਜਿਹੜੀ ਸੱਚੀ-ਮੁੱਚੀ ਦਾ ਨਰਕ ਹੈ, ਅਨੰਤ ਤੇ ਤਲਖ ਬੇਚੈਨੀ ਦਾ ਘਰ ਹੈ? ਸਰਬ-ਸ਼ਕਤੀਮਾਨ ਨੇ ਮਨੁੱਖ ਕਿਉਂ ਸਾਜਿਆ, ਜਦ ਕਿ ਉਸ ਦੇ ਕੋਲ ਮਨੁੱਖ ਨੂੰ ਨਾ ਸਾਜਣ ਦੀ ਤਾਕਤ ਸੀ? ਇਨ੍ਹਾਂ ਸਾਰੀਆਂ ਗੱਲਾਂ ਦਾ ਤੁਹਾਡੇ ਕੋਲ ਕੀ ਜਵਾਬ ਹੈ? ਤੁਸੀਂ ਇਹ ਆਖੋਗੇ ਕਿ ਅਗਲੇ ਜਨਮ ਵਿਚ ਮਾਸੂਮ ਪੀੜਤਾਂ ਨੂੰ ਨਿਵਾਜਣ ਲਈ ਅਤੇ ਕੁਕਰਮੀਆਂ ਨੂੰ ਸਜ਼ਾ ਦੇਣ ਲਈ ਉਸ ਨੇ ਇੰਜ ਕੀਤਾ? ਅੱਛਾ ਤਾਂ ਫੇਰ ਤੁਸੀਂ ਉਸ ਬੰਦੇ ਨੂੰ ਕਿਵੇਂ ਹੱਕੀ ਠਹਿਰਾਓਗੇ ਜੋ ਤੁਹਾਡੇ ਸਰੀਰ ਨੂੰ ਇਸ ਵਾਸਤੇ ਜ਼ਖਮੀ ਕਰਦਾ ਹੈ ਕਿ ਮਗਰੋਂ ਬੜੇ ਪਿਆਰ ਨਾਲ ਟਕੋਰਾਂ ਕਰੇਗਾ? ਗਲੈਡੀਏਟਰ ** ਸੰਸਥਾ ਦੇ ਹਮਾਇਤੀਆਂ ਤੇ ਪ੍ਰਬੰਧਕਾਂ ਦਾ ਇਹ ਕਾਰਾ ਕਿੱਥੋਂ ਤੱਕ ਸਹੀ ਹੁੰਦਾ ਸੀ? ਦੂਜੇ ਉਹ ਭੁੱਖੇ ਕਰੋਪੀ ਸ਼ੇਰਾਂ ਅੱਗੇ ਬੰਦਿਆਂ ਨੂੰ ਇਸ ਲਈ ਸੁੱਟ ਦਿੰਦੇ ਸੀ ਕਿ ਜੇ ਉਹ ਸ਼ੇਰਾਂ ਹੱਥੋਂ ਜੀਉਂਦੇ ਬਚ ਗਏ ਤਾਂ ਫੇਰ ਉਨ੍ਹਾਂ ਦੀ ਬਹੁਤ ਖਾਤਰ ਤਵੱਜੋਂ ਹੋਏਗੀ। ਇਸੇ ਕਰਕੇ ਮੈਂ ਪੁੱਛਦਾ ਹਾਂ: "ਸੁਚੇਤ ਸਰਬ ਉੱਚ ਸੱਤਾ ਨੇ ਇਹ ਦੁਨੀਆਂ ਤੇ ਮਨੁੱਖ ਕਿਉਂ ਸਾਜਿਆ? ਮਜ਼ਾ ਲੈਣ ਲਈ? ਫੇਰ ਉਹਦੇ ਵਿੱਚ ਤੇ ਨੀਰੋ ਵਿਚ ਫਰਕ ਹੀ ਕੀ ਹੈ?"

ਮੁਸਲਮਾਨੋ ਤੇ ਇਸਾਈਓ: ਹਿੰਦੂ ਦਰਸ਼ਨ ਕੋਲ ਤਾਂ ਹੋਰ ਵੀ ਦਲੀਲ ਹੋਏਗੀ। ਮੈਂ ਤੁਹਾਡੇ ਕੋਲੋਂ ਉਪਰਲੇ ਸਵਾਲਾਂ ਦੇ ਜਵਾਬ ਪੁੱਛਦਾ ਹਾਂ। ਪੂਰਬਲੇ ਜਨਮ ਵਿੱਚ ਤੁਹਾਡਾ ਯਕੀਨ ਨਹੀਂ ਹੈ। ਤੁਸੀਂ ਹਿੰਦੂਆਂ ਵਾਂਗ ਮਾਸੂਮ ਪੀੜਤਾਂ ਦੇ ਪਹਿਲੇ ਕੀਤੇ ਮੰਦੇ ਕਰਮਾਂ ਵਾਲੀ ਦਲੀਲ ਨਹੀਂ ਵਰਤ ਸਕਦੇ। ਮੈਂ ਤੁਹਾਥੋਂ ਪੁੱਛਦਾ ਹਾਂ ਕਿ ਸਰਬ-ਸ਼ਕਤੀਮਾਨ ਨੇ ਇਹ ਦੁਨੀਆਂ ਸਾਜਣ ਲਈ ਛੇ ਦਿਨ ਕਿਉਂ ਮਿਹਨਤ ਕੀਤੀ? ਉਸ ਨੇ ਕਿਉਂ ਕਿਹਾ ਸੀ ਕਿ ਸਭ ਅੱਛਾ ਹੈ? ਉਸ ਨੂੰ ਅੱਜ ਹੀ ਸੱਦੋ। ਉਸ ਨੂੰ ਪਿਛਲਾ ਇਤਿਹਾਸ ਦਿਖਾਓ। ਉਸ ਨੂੰ ਮੌਜੂਦਾ ਹਾਲਾਤ ਬਾਰੇ ਜਾਣਨ ਦਿਓ। ਫੇਰ ਦੇਖਾਂਗੇ ਕਿ ਉਹ ਇਹ ਕਹਿਣ ਦੀ ਜੁਰਅਤ ਕਰਦਾ ਹੈ: ਸਭ ਅੱਛਾ ਹੈ।

ਜੇਲ੍ਹਖਾਨਿਆਂ ਦੀਆਂ ਕਾਲ ਕੋਠੜੀਆਂ ਤੋਂ ਗੰਦੀਆਂ ਬਸਤੀਆਂ ਤੇ ਝੌਂਪੜੀਆਂ ਵਿਚ ਭੁੱਖ-ਮਰੀ ਦੇ ਹੱਥੋਂ ਮਰ ਰਹੇ ਲੱਖਾਂ ਹੀ ਲੋਕਾਂ ਨੂੰ ਦੇਖ ਕੇ ਪੂੰਜੀਵਾਦੀ ਲੋਕਾਂ ਕੋਲੋਂ ਚੁੱਪਚਾਪ ਜਾਂ ਕਹਿ ਲਓ ਬੇਵਾਸਤਗੀ ਨਾਲ ਆਪਣਾ ਲਹੂ ਪਿਲਾ ਰਹੇ ਲੁਟੀਂਦੇ ਮਜ਼ਦੂਰਾਂ ਨੂੰ ਦੇਖ ਕੇ ਇਨਸਾਨੀ ਤਾਕਤ ਦੀ ਬਰਬਾਦੀ ਜਿਸ ਨੂੰ ਦੇਖ ਕੇ ਅੱਤ ਸਧਾਰਨ ਬੁੱਧੀ ਵਾਲਾ ਵਿਅਕਤੀ ਵੀ ਡਰ ਨਾਲ ਕੰਬਣ ਲੱਗ ਜਾਏ ਅਤੇ ਲੋੜਵੰਦ ਉਤਪਾਦਨਾਂ ਨੂੰ ਵੰਡਣ ਦੀ ਥਾਂ ਵਾਧੂ ਪੈਦਾਵਾਰ ਸਮੁੰਦਰਾਂ ਵਿੱਚ ਸੁੱਟੀ ਜਾਂਦੀ ਦੇਖ ਕੇ, ਇਨਸਾਨਾਂ ਦੀਆਂ ਹੱਡੀਆਂ ਨਾਲ ਚਿਣੀਆਂ ਨੀਹਾਂ ਉੱਤੇ ਉਸਰੇ ਬਾਦਸ਼ਾਹਾਂ ਦੇ ਮਹਿਲਾਂ ਦੇਖ ਕੇ ਉਹ ਰਤਾ ਆਖੇ ਤਾਂ ਸਹੀ: ਸਭ ਅੱਛਾ ਹੈ। ਕਿਉਂ ਤੇ ਕਿਸ ਕਾਰਨ? ਇਹ ਮੇਰਾ ਸਵਾਲ ਹੈ। ਤੁਸੀਂ ਚੁੱਪ ਹੋ ਠੀਕ ਹੈ, ਮੈਂ ਆਪਣੀ ਗੱਲ ਅੱਗੇ ਤੋਰਦਾ ਹਾਂ।

ਤੁਸੀਂ ਹਿੰਦੂ ਇਹ ਆਖਦੇ ਹੋ ਕਿ ਅੱਜ ਜਿਹੜਾ ਵੀ ਦੁੱਖ ਝੱਲ ਰਿਹਾ ਹੈ ਉਹ ਪੂਰਬਲੇ ਜਨਮ ਦੇ ਮੰਦੇ ਕਰਮਾਂ ਕਰਕੇ ਹੈ। ਠੀਕ, ਤੁਸੀਂ ਇਹ ਵੀ ਕਹਿੰਦੇ ਹੋ ਕਿ ਜਿਹੜੇ ਲੋਕਾਂ ਨੂੰ ਦਬਾ ਰਹੇ ਹਨ ਉਹ ਪੂਰਬਲੇ ਜਨਮਾਂ ਵਿੱਚ ਧਰਮਾਤਮਾ ਲੋਕ ਸਨ। ਇਸ

ਕਰਕੇ ਉਨ੍ਹਾਂ ਦੇ ਹੱਥ ਤਾਕਤ ਹੈ। ਮੈਂ ਤਾਂ ਮੰਨਦਾ ਹਾਂ ਕਿ ਤੁਹਾਡੇ ਵੱਡੇ-ਵਡੇਰੇ ਬੜੇ ਸ਼ਾਤਰ ਲੋਕ ਸਨ। ਉਹ ਐਸੇ ਸਿਧਾਂਤ ਲੱਭਣ ਵਿੱਚ ਲੱਗੇ ਰਹੇ ਜਿਨ੍ਹਾਂ ਨਾਲ ਤਰਕ ਤੇ ਅਵਿਸ਼ਵਾਸ ਨੂੰ ਖਤਮ ਕੀਤਾ ਜਾ ਸਕੇ। ਪਰ ਆਪਾਂ ਦੇਖਦੇ ਹਾਂ ਕਿ ਇਸ ਦਲੀਲ ਵਿੱਚ ਕਿੰਨਾ ਕੁ ਵਜ਼ਨ ਹੈ।

ਬਹੁਤ ਉੱਘੇ ਨਿਆਂ ਸ਼ਾਸਤਰੀਆਂ ਦਾ ਇਹ ਵਿਚਾਰ ਹੈ ਕਿ ਕਸੂਰਵਾਰ ਨੂੰ ਜੋ ਸਜ਼ਾ ਦਿੱਤੀ ਜਾਂਦੀ ਹੈ ਉਸ ਦੇ ਤਿੰਨ ਜਾਂ ਚਾਰ ਮਕਸਦ ਹੋ ਸਕਦੇ ਹਨ ਤੇ ਇਸੇ ਅਧਾਰ ਉੱਤੇ ਸਜ਼ਾ ਨੂੰ ਵਾਜਬ ਕਰਾਰ ਦਿੱਤਾ ਜਾ ਸਕਦਾ ਹੈ। ਇਹ ਮਕਸਦ ਹਨ: ਬਦਲਾ, ਸੁਧਾਰ ਤੇ ਵਰਜਣ ਲਈ ਡਰ। ਹੁਣ ਸਾਰੇ ਸਿਆਣੇ ਚਿੰਤਕ ਬਦਲੇ ਦੇ ਸਿਧਾਂਤ ਦੀ ਨਿਖੇਧੀ ਕਰਦੇ ਹਨ। ਵਰਜਣ ਵਾਲੇ ਸਿਧਾਂਤ ਦੀ ਵੀ ਨੁਕਤਾਚੀਨੀ ਹੋ ਰਹੀ ਹੈ। ਸੁਧਾਰਕ ਸਿਧਾਂਤ ਹੀ ਜ਼ਰੂਰੀ ਹੈ ਅਤੇ ਇਨਸਾਨੀ ਤਰੱਕੀ ਦਾ ਅਟੁੱਟ ਅੰਗ ਹੈ। ਇਸ ਸਿਧਾਂਤ ਦਾ ਮੰਤਵ ਇਹ ਹੈ ਕਿ ਕਸੂਰਵਾਰ ਸਭ ਤੋਂ ਵੱਧ ਕਾਬਲ ਤੇ ਅਮਨ ਪਸੰਦ ਸ਼ਹਿਰੀ ਬਣ ਕੇ ਸਮਾਜ ਵਿੱਚ ਵਾਪਸ ਜਾਵੇ। ਪਰ ਜੇ ਅਸੀਂ ਇਹ ਮੰਨ ਵੀ ਲਈਏ ਕਿ ਬੰਦਿਆਂ ਨੇ (ਪੂਰਬਲੇ ਜਨਮ ਵਿੱਚ) ਪਾਪ ਕੀਤੇ ਹੋਣਗੇ ਤਾਂ ਰੱਬ ਜਿਹੜੀ ਉਨ੍ਹਾਂ ਨੂੰ ਸਜ਼ਾ ਦਿੰਦਾ ਹੈ ਉਹ ਕਿਹੋ ਜਿਹੀ ਹੈ? ਤੁਸੀਂ ਆਖਦੇ ਹੋ ਕਿ ਉਹ ਉਨ੍ਹਾਂ ਨੂੰ ਗਾਂ, ਬਿੱਲੀ, ਦਰੱਖਤ, ਜੜ੍ਹ ਬੂਟੀ ਜਾਂ ਜਾਨਵਰ ਦੇ ਰੂਪ ਵਿੱਚ ਜਨਮ ਲੈਣ ਲਈ ਭੇਜਦਾ ਹੈ। ਤੁਸੀਂ ਇਨ੍ਹਾਂ ਸਜ਼ਾਵਾਂ ਦੀ ਗਿਣਤੀ 84 ਲੱਖ ਦੱਸਦੇ ਹੋ। ਮੈਨੂੰ ਇਹ ਦੱਸੋ ਕਿ ਇਸ ਦਾ ਮਨੁੱਖ ਉੱਤੇ ਕੋਈ ਸੁਧਾਰਕ ਅਸਰ ਪੈਂਦਾ ਹੈ? ਤੁਸੀਂ ਐਸੇ ਕਿੰਨੇ ਕੁ ਜਣਿਆਂ ਨੂੰ ਮਿਲੇ ਹੋ ਕਿ ਉਹ ਪਾਪ ਕਰਨ ਕਾਰਨ ਪਿਛਲੇ ਜਨਮ ਵਿਚ ਗਧੇ ਦੀ ਜੂਨੇ ਪਏ ਸਨ? ਕੋਈ ਨਹੀਂ ਮਿਲਿਆ ਹੋਣਾ। ਆਪਣੇ ਪੁਰਾਣਾਂ ਦੇ ਬਿਰਤਾਂਤ ਦੀ ਲੋੜ ਨਹੀਂ। ਮੈਂ ਤੁਹਾਡੀਆਂ ਮਿਥਿਹਾਸਕ ਕਹਾਣੀਆਂ ਦਾ ਜ਼ਿਕਰ ਤੱਕ ਨਹੀਂ ਛੂਹਣਾ ਚਾਹੁੰਦਾ। ਇਸ ਤੋਂ ਬਿਨਾਂ ਤੁਹਾਨੂੰ ਇਸ ਗੱਲ ਦਾ ਪਤਾ ਹੈ ਕਿ ਦੁਨੀਆਂ ਵਿੱਚ ਸਭ ਤੋਂ ਵੱਡਾ ਪਾਪ ਗਰੀਬ ਹੋਣਾ ਹੈ। ਗਰੀਬੀ ਪਾਪ ਹੈ, ਇਹ ਸਜ਼ਾ ਹੈ। ਤੁਸੀਂ ਇਹੋ ਜਿਹੀਆਂ ਸਜ਼ਾਵਾਂ ਤਜਵੀਜ਼ ਕਰਨ ਵਾਲੇ ਕਿਸੇ ਅਪਰਾਧ-ਵਿਗਿਆਨੀ, ਕਿਸੇ ਕਾਨੂੰਨਦਾਨ ਜਾਂ ਕਾਨੂੰਨਸਾਜ਼ ਦੀ ਕਿੰਨੀ ਕੁ ਸਿਫਤ-ਸਲਾਹੀ ਕਰੋਗੇ, ਜਿਸ ਨਾਲ ਮਨੁੱਖ ਹੋਰ ਵਧੇਰੇ ਗੁਨਾਹ ਕਰਨ ਲਈ ਮਜਬੂਰ ਹੁੰਦਾ ਹੈ? ਕੀ ਤੁਹਾਡੇ ਰੱਬ ਨੇ ਇਸ ਗੱਲ ਬਾਰੇ ਪਹਿਲਾਂ ਨਹੀਂ ਸੋਚਿਆ ਸੀ ਜਾਂ ਉਹ ਵੀ ਇਹ ਗੱਲਾਂ ਮਨੁੱਖਤਾ ਦੀਆਂ ਅਕਹਿ ਦੁੱਖ-ਤਕਲੀਫਾਂ ਦੀ ਕੀਮਤ ਉੱਤੇ ਤਜਰਬਿਆਂ ਰਾਹੀਂ ਸਿੱਖਦਾ ਹੈ? ਤੁਹਾਡੀ ਜਾਚੇ ਕਿਸੇ ਚਮਾਰ ਜਾਂ ਭੰਗੀ ਦੇ ਅਨਪੜ੍ਹ ਪਰਿਵਾਰ ਵਿੱਚ ਜੰਮੇ ਬੰਦੇ ਦੀ ਕੀ ਹੋਣੀ ਹੋਏਗੀ? ਉਹ ਗਰੀਬ ਹੈ ਇਸ ਲਈ ਉਹ ਪੜ੍ਹਾਈ ਨਹੀਂ ਕਰ ਸਕਦਾ। ਖੁਦ ਨੂੰ ਚੰਗੇ ਸਮਝਣ ਵਾਲੇ ਦੂਜੇ ਇਨਸਾਨ ਉਸ ਨੂੰ ਨਫਰਤ ਕਰਦੇ ਹਨ ਤੇ ਧਿਰਕਾਰਦੇ ਹਨ ਕਿਉਂਕਿ ਉਹ ਉਚੇਰੀ ਜਾਤ ਵਿੱਚ ਪੈਦਾ ਹੋਏ ਸਨ। ਉਸ ਦੀ ਅਗਿਆਨਤਾ ਉਸ ਦੀ ਗਰੀਬੀ ਤੇ ਜਿਹੜਾ ਸਲੂਕ ਉਸ ਦੇ ਨਾਲ ਹੁੰਦਾ ਹੈ, ਇਨ੍ਹਾਂ ਸਾਰੀਆਂ ਗੱਲਾਂ ਕਾਰਨ ਸਮਾਜ ਤਾਈਂ ਉਸ ਦਾ ਦਿਲ ਸਖਤ ਹੋ ਜਾਏਗਾ। ਫਰਜ਼ ਕਰੋ ਕਿ ਉਹ ਕੋਈ ਪਾਪ ਕਰਦਾ ਹੈ ਤਾਂ ਇਸ ਦਾ ਖਮਿਆਜ਼ਾ ਕੌਣ ਭੁਗਤੇਗਾ? ਰੱਬ ਜਾਂ ਪਾਪ ਕਰਨ ਵਾਲਾ ਜਾਂ ਸਮਾਜ ਦੇ ਗੁਣੀ-ਗਿਆਨੀ ਬੰਦੇ? ਉਨ੍ਹਾਂ ਲੋਕਾਂ ਨੂੰ ਮਿਲੀਆਂ ਸਜ਼ਾਵਾਂ ਬਾਰੇ ਤੁਸੀਂ ਕੀ ਆਖੋਗੇ ਜਿਨ੍ਹਾਂ ਨੂੰ ਹਿਰਸੀ ਤੇ ਹੰਕਾਰੀ ਬ੍ਰਾਹਮਣਾਂ ਨੇ ਜਾਣ ਬੁੱਝ ਕੇ ਅਗਿਆਨਤਾ ਦੀਆਂ ਗਾਰਾਂ ਵਿੱਚ ਸੁੱਟਿਆ ਸੀ। ਉਨ੍ਹਾਂ ਦਾ ਕਸੂਰ ਇਹੋ ਸੀ ਕਿ ਉਨ੍ਹਾਂ ਪਾਪੀਆਂ ਨੇ ਤੁਹਾਡੇ ਗਿਆਨ ਦੀਆਂ ਪਵਿੱਤਰ ਪੋਥੀਆਂ ਵੇਦਾਂ ਦੀਆਂ ਕੁਝ ਸਤਰਾਂ ਆਪਣੇ ਕੰਨੀ ਸੁਣ ਲਈਆਂ ਸਨ ਅਤੇ ਤੁਸੀਂ ਉਨ੍ਹਾਂ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦਿੱਤਾ ਸੀ। ਜੇ ਉਨ੍ਹਾਂ ਨੇ ਕੋਈ ਕਸੂਰ ਕੀਤਾ ਸੀ ਤਾਂ ਇਸ ਦਾ ਜ਼ਿੰਮੇਦਾਰ ਕੌਣ ਸੀ ਤੇ ਬਿਪਤਾ ਕਿਸ ਦੇ ਸਿਰ ਪੈਣੀ ਸੀ? ਮੇਰੇ ਪਿਆਰੇ ਦੋਸਤੋ: ਇਹ ਸਾਰੇ ਸਿਧਾਂਤ ਖਾਸ ਅਧਿਕਾਰਾਂ ਦੇ ਮਾਲਕਾਂ ਦੀਆਂ ਕਾਢਾਂ ਹੀ ਹਨ, ਇਨ੍ਹਾਂ ਸਿਧਾਂਤਾਂ ਸਦਕਾ ਉਹ ਆਪਣੀ ਲੁੱਟੀ ਹੋਈ

ਤਾਕਤ ਦੌਲਤ ਤੇ ਉਤਮਤਾ ਨੂੰ ਵਾਜਬ ਠਹਿਰਾਉਂਦੇ ਹਨ। ਹਾਂ ਸ਼ਾਇਦ ਅਪਟਨ ਸਿਕਲੇਅਰ*** ਨੇ ਕਿਸੇ ਥਾਂ ਲਿਖਿਆ ਸੀ ਕਿ ਬੰਦੇ ਨੂੰ (ਆਤਮਾ ਦੀ) ਅਮਰਤਾ ਵਿੱਚ ਯਕੀਨ ਕਰਨ ਲਾ ਦਿਓ ਅਤੇ ਫੇਰ ਉਸ ਦੇ ਕੋਲ ਜੋ ਕੁਝ ਵੀ ਹੈ ਉਹ ਲੁੱਟ ਲਓ। ਉਹ ਸਗੋਂ ਹੱਸ ਕੇ ਤੁਹਾਡੀ ਮਦਦ ਕਰੇਗਾ। ਧਾਰਮਿਕ ਉਪਦੇਸ਼ਕਾਂ ਤੇ ਹੁਰਕਮਰਾਨਾਂ ਨੇ ਮਿਲੀ ਭੁਗਤ ਕਰਕੇ ਜੇਲ੍ਹਾਂ, ਫਾਹੀਆਂ ਕੋਰੜੇ ਤੇ ਇਨ੍ਹਾਂ ਸਿਧਾਂਤਾਂ ਦੀ ਕਾਢ ਕੱਢੀ ਸੀ।

ਮੈਨੂੰ ਇਹ ਦੱਸੋ ਕਿ ਤੁਹਾਡਾ ਸਰਬ-ਸ਼ਕਤੀਮਾਨ ਰੱਬ ਹਰ ਕਿਸੇ ਬੰਦੇ ਨੂੰ ਕਸੂਰ ਜਾਂ ਪਾਪ ਕਰਨੋਂ ਵਰਜਦਾ ਕਿਉਂ ਨਹੀਂ? ਉਸ ਦੇ ਲਈ ਤਾਂ ਇਹ ਕੰਮ ਬਹੁਤ ਸੌਖਾ ਹੈ। ਉਸ ਨੇ ਜੰਗਬਾਜ਼ਾਂ ਨੂੰ ਕਿਉਂ ਨਾ ਜਾਨੋਂ ਮਾਰਿਆ ਜਾਂ ਉਨ੍ਹਾਂ ਦੇ ਜੰਗੀ ਪਾਗਲਪਨ ਨੂੰ ਮਾਰ ਕੇ ਵੱਡੀ ਜੰਗ ਨਾਲ ਮਨੁੱਖਤਾ ਉੱਤੇ ਆਈ ਪਰਲੋ ਨੂੰ ਕਿਉਂ ਨਾ ਬਚਾਇਆ? ਇਹ ਅੰਗਰੇਜ਼ ਲੋਕਾਂ ਦੇ ਮਨਾਂ ਵਿੱਚ ਕੋਈ ਇਹੋ ਜਿਹਾ ਜਜ਼ਬਾ ਕਿਉਂ ਨਹੀਂ ਭਰ ਦਿੰਦਾ ਕਿ ਉਹ ਹਿੰਦੋਸਤਾਨ ਨੂੰ ਛੱਡ ਕੇ ਚਲੇ ਜਾਣ? ਉਹ ਸਾਰੇ ਸਰਮਾਏਦਾਰਾਂ ਦੇ ਦਿਲਾਂ ਵਿੱਚ ਇਹ ਜਜ਼ਬਾ ਕਿਉਂ ਨਹੀਂ ਭਰ ਦਿੰਦਾ ਕਿ ਉਹ ਪੈਦਾਵਾਰੀ ਸਾਧਨਾਂ ਦੀ ਸਾਰੀ ਜਾਇਦਾਦ ਨੂੰ ਛੱਡ ਦੇਣ ਤੇ ਸਾਰੇ ਮਿਹਨਤਕਸ਼ ਤਬਕੇ ਨੂੰ ਹੀ ਨਹੀਂ ਸਗੋਂ ਸਾਰੇ ਮਨੁੱਖੀ ਸਮਾਜ ਨੂੰ ਪੂੰਜੀਵਾਦ ਦੇ ਬੰਧਨ ਤੋਂ ਛੁਟਕਾਰਾ ਪਾ ਦੇਣ। ਤੁਸੀਂ ਬਹਿਸ ਕਰਨਾ ਚਾਹੋਗੇ ਕਿ ਸਮਾਜਵਾਦੀ ਸਿਧਾਂਤ ਲਾਗੂ ਹੋ ਸਕਦਾ ਹੈ ਜਾਂ ਨਹੀਂ, ਮੈਂ ਇਸ ਨੂੰ ਲਾਗੂ ਕਰਨ ਦਾ ਜ਼ਿੰਮਾ ਤੁਹਾਡੇ ਪਰਵਰਦਿਗਾਰ ਉੱਤੇ ਸੁੱਟਦਾ ਹਾਂ। ਜਿੱਥੋਂ ਤੱਕ ਆਮ ਲੋਕ ਭਲਾਈ ਦਾ ਸੰਬੰਧ ਹੈ ਲੋਕਾਂ ਨੂੰ ਸਮਾਜਵਾਦ ਦੇ ਗੁਣਾਂ ਦਾ ਪਤਾ ਹੈ। ਉਹ ਇਸ ਦਾ ਵਿਰੋਧ ਇਸ ਨੁਕਤੇ ਤੋਂ ਕਰਦੇ ਹਨ ਕਿ ਇਹ ਲਾਗੂ ਨਹੀਂ ਹੋ ਸਕਦਾ। ਚਲੋ, ਤੁਹਾਡਾ ਰੱਬ ਆਵੇ ਤੇ ਸਭ ਕੁਝ ਬਾਕਾਇਦਾ ਤਰੀਕੇ ਨਾਲ ਕਰ ਦੇਵੇ। ਹੁਣ ਤੁਸੀਂ ਦਲੀਲ ਵਿਚੋਂ ਦਲੀਲ ਕੱਢਣ ਦੀ ਕੋਸ਼ਸ਼ ਨਾ ਕਰਨੀ। ਮੈਂ ਤੁਹਾਨੂੰ ਦੱਸਦਾ ਹਾਂ: ਹਿੰਦੋਸਤਾਨ ਉੱਤੇ ਜੇ ਬਰਤਾਨਵੀ ਹਕੂਮਤ ਹੈ ਤਾਂ ਇਹ ਰੱਬ ਦੀ ਮਰਜ਼ੀ ਕਾਰਨ ਨਹੀਂ ਹੈ ਸਗੋਂ ਇਸ ਕਾਰਨ ਹੈ ਕਿ ਸਾਡੇ ਵਿੱਚ ਇਸ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਹੈ। ਉਹ ਰੱਬ ਦੀ ਮਦਦ ਨਾਲ ਸਾਨੂੰ ਗੁਲਾਮ ਨਹੀਂ ਰੱਖ ਰਹੇ ਸਗੋਂ ਉਨ੍ਹਾਂ ਨੇ ਬੰਦੂਕਾਂ, ਤੋਪਾਂ, ਬੰਬਾਂ, ਗੋਲੀਆਂ, ਪੁਲਿਸ, ਫੌਜ ਦੀ ਮਦਦ ਅਤੇ ਸਾਡੀ ਸੁਸਤੀ ਨਾਲ ਸਾਨੂੰ ਗੁਲਾਮ ਬਣਾਇਆ ਹੋਇਆ ਹੈ ਅਤੇ ਉਹ ਬਹੁਤ ਕਾਮਯਾਬੀ ਨਾਲ ਸਭ ਤੋਂ ਘਿਨਾਉਣਾ ਗੁਨਾਹ ਕਰ ਰਹੇ ਹਨ - ਇਕ ਕੌਮ ਹੱਥੋਂ ਦੂਜੀ ਕੌਮ ਦੀ ਲੁੱਟ। ਕਿੱਥੇ ਹੈ ਰੱਬ? ਉਹ ਕੀ ਕਰ ਰਿਹਾ ਹੈ? ਕੀ ਉਹ ਮਨੁੱਖਤਾ ਦੀਆਂ ਇਨ੍ਹਾਂ ਸਾਰੀਆਂ ਦੁੱਖ ਤਕਲੀਫਾਂ ਦਾ ਮਜ਼ਾ ਲੈ ਰਿਹਾ ਹੈ? ਉਹ ਨੀਰੋ ਹੈ, ਉਹ ਚੰਗੇਜ਼ ਖਾਂ ਹੈ। ਰੱਬ ਮੁਰਦਾਬਾਦ।

ਤੁਸੀਂ ਮੈਨੂੰ ਇਹ ਪੁੱਛੋਗੇ ਕਿ ਦੁਨੀਆਂ ਦਾ ਤੇ ਮਨੁੱਖ ਦਾ ਆਰੰਭ ਕਿਵੇਂ ਹੋਇਆ ਸੀ? ਚਾਰਲਜ਼ ਡਾਰਵਿਨ**** ਨੇ ਇਸ ਵਿਸ਼ੇ ਬਾਰੇ ਚਾਨਣਾ ਪਾਉਣ ਦੀ ਕੋਸ਼ਸ਼ ਕੀਤੀ ਹੈ। ਉਸ ਦਾ ਮੁਤਾਲਿਆ ਕਰੋ। ਸੋਹੰਮ ਸਵਾਮੀ ਦੀ ਕਿਤਾਬ "ਕਾਮਨਸੈਂਸ" (ਸਧਾਰਨ ਗਿਆਨ) ਪੜ੍ਹੋ। ਤੁਹਾਨੂੰ ਇਸ ਸਵਾਲ ਦਾ ਕੁਝ ਹੱਦ ਤੱਕ ਜਵਾਬ ਮਿਲ ਜਾਵੇਗਾ। ਇਹ ਕੁਦਰਤ ਦਾ ਵਿਸ਼ਾ ਹੈ। ਵੱਖ-ਵੱਖ ਪਦਾਰਥਾਂ ਦੇ ਇਤਫਾਕੀਆ ਮੇਲ ਨਾਲ ਧਰਤੀ ਨੇਬੂਲੇ (ਨੈਬੂਲੇਸ) ਦੇ ਰੂਪ ਵਿਚ ਪੈਦਾ ਹੋਈ ਸੀ। ਕਦੋਂ? ਇਹ ਜਾਣਨ ਲਈ ਇਤਿਹਾਸ ਪੜ੍ਹੋ। ਇਸ ਅਮਲ ਵਿੱਚ ਜਾਨਵਰ ਤੇ ਫੇਰ ਅਖੀਰ ਵਿੱਚ ਮਨੁੱਖ ਪੈਦਾ ਹੋਇਆ ਸੀ। ਤੁਸੀਂ ਡਾਰਵਿਨ ਦੀ ਕਿਤਾਬ "ਓਰਿਜਨ ਆਫ ਸਪੀਸੀਜ਼" ਪੜ੍ਹੋ ਅਤੇ ਉਸ ਤੋਂ ਮਗਰੋਂ ਜੋ ਵੀ ਉੱਨਤੀ ਹੋਈ ਉਹ ਮਨੁੱਖ ਦੀ ਕੁਦਰਤ ਨਾਲ ਲਗਾਤਾਰ ਟੱਕਰ ਤੇ ਮਨੁੱਖ ਵਲੋਂ ਕੁਦਰਤ ਉੱਤੇ ਕਾਬੂ ਪਾਉਣ ਦੀ ਕੋਸ਼ਸ਼ ਵਜੋਂ ਹੋਈ ਸੀ। ਧਰਤੀ ਦੇ ਆਦਿ ਬਾਰੇ ਇਹ ਸਭ ਤੋਂ ਸੰਖੇਪ ਜਿਹਾ ਵੇਰਵਾ ਹੈ।

ਤੁਹਾਡਾ ਅਗਲਾ ਸਵਾਲ ਇਹ ਹੋ ਸਕਦਾ ਹੈ ਕਿ ਪਿਛਲੇ ਜਨਮ ਵਿੱਚ ਮਾੜੇ ਕਰਮ ਨਾ ਕੀਤੇ ਹੋਣ ਤਾਂ ਕੋਈ ਬੱਚਾ ਅੰਨ੍ਹਾ ਜਾਂ ਲੰਗੜਾ ਕਿਉਂ ਜੰਮਦਾ ਹੈ? ਜੀਵ-ਵਿਗਿਆਨੀਆਂ ਨੇ ਇਸ ਸਮੱਸਿਆ ਦਾ ਜ਼ਿਕਰ ਕੀਤਾ ਹੈ ਕਿ ਇਹ ਜੀਵ-ਵਿਗਿਆਨਕ ਵਿਸ਼ਾ ਹੈ। ਇਸ ਦੇ ਕਾਰਨ ਬੱਚੇ ਦੇ ਮਾਂ-ਪਿਓ ਦੇ ਜੀਵ-ਇਤਿਹਾਸ ਵਿਚ ਹੀ ਹੁੰਦੇ ਹਨ।

ਕੁਦਰਤਨ ਤੁਸੀਂ ਇਕ ਹੋਰ ਸਵਾਲ ਪੁੱਛ ਸਕਦੇ ਹੋ: ਭਾਵੇਂ ਇਹ ਨਿਰਾ ਬਚਗਾਨਾ ਸਵਾਲ ਹੀ ਹੈ। ਉਹ ਸਵਾਲ ਇਹ ਹੈ ਕਿ ਜੇ ਰੱਬ ਨਹੀਂ ਸੀ ਤਾਂ ਫੇਰ ਲੋਕ ਉਸ ਨੂੰ ਮੰਨਣ ਕਿਵੇਂ ਲੱਗੇ? ਮੇਰਾ ਜਵਾਬ ਸਪੱਸ਼ਟ ਤੇ ਸੰਖੇਪ ਹੋਵੇਗਾ। ਜਿਵੇਂ ਲੋਕ ਭੂਤ ਪ੍ਰੇਤਾਂ ਨੂੰ ਮੰਨਣ ਲੱਗ ਪਏ ਸੀ ਉਵੇਂ ਹੀ ਉਹ ਰੱਬ ਨੂੰ ਮੰਨਣ ਲੱਗ ਪਏ। ਫਰਕ ਸਿਰਫ ਇੰਨਾ ਹੈ ਕਿ ਰੱਬ ਵਿੱਚ ਵਿਸ਼ਵਾਸ ਤਕਰੀਬਨ ਸਰਬ-ਵਿਆਪਕ ਹੈ ਤੇ ਇਸ ਦਾ ਦਰਸ਼ਨ ਕਾਫੀ ਵਿਕਸਤ ਹੈ। ਕੁਝ ਪਰਵਰਤਨਕਾਰੀਆਂ (ਰੈਡੀਕਲਜ਼) ਵਾਂਗ ਮੇਰਾ ਇਹ ਵਿਚਾਰ ਨਹੀਂ ਹੈ ਕਿ ਰੱਬ ਆਦਿ ਲੁੱਟ-ਖਸੁੱਟ ਕਰਨ ਵਾਲਿਆਂ ਦੀ ਕਰਤੂਤ ਸੀ ਤਾਂ ਕਿ ਉਹ ਸਰਬ-ਉੱਚ ਸੱਤਾ ਦਾ ਪ੍ਰਚਾਰ ਕਰਕੇ ਆਪਣੀਆਂ ਗੱਦੀਆਂ ਕਾਇਮ ਰੱਖਣ ਲਈ ਲੋਕਾਂ ਨੂੰ ਗੁਲਾਮ ਰੱਖ ਸਕਣ। ਭਾਵੇਂ ਕਿ ਉਨ੍ਹਾਂ ਨਾਲ ਮੇਰਾ ਇਸ ਜ਼ਰੂਰੀ ਨੁਕਤੇ ਨਾਲ ਕੋਈ ਮਤਭੇਦ ਨਹੀਂ ਹੈ ਕਿ ਸਾਰੇ ਧਾਰਮਿਕ ਮੱਤ, ਧਰਮ, ਸਿਧਾਂਤ ਤੇ ਹੋਰ ਇਹੋ ਜਿਹੀਆਂ ਸੰਸਥਾਵਾਂ ਆਖਰਕਾਰ ਜਾਬਰ, ਦਮਨਕਾਰੀ ਸੰਸਥਾਵਾਂ, ਵਿਅਕਤੀਆਂ ਤੇ ਜਮਾਤਾਂ ਦੀਆਂ ਹਮਾਇਤੀ ਹੀ ਹੋ ਨਿਬੜਦੀਆਂ ਹਨ। ਹਰ ਧਰਮ ਇਹ ਕਹਿੰਦਾ ਹੈ ਕਿ ਬਾਦਸ਼ਾਹ ਵਿਰੁੱਧ ਬਗਾਵਤ ਕਰਨਾ ਹਮੇਸ਼ਾ ਹੀ ਪਾਪ ਹੁੰਦਾ ਹੈ।

ਰੱਬ ਦੇ ਆਦਿ ਬਾਰੇ ਮੇਰਾ ਆਪਣਾ ਵਿਚਾਰ ਇਹ ਹੈ ਕਿ ਜਦ ਮਨੁੱਖ ਨੂੰ ਆਪਣੀਆਂ ਸੀਮਾਵਾਂ ਕਮਜ਼ੋਰੀਆਂ ਤੇ ਕਮੀਆਂ ਦਾ ਅਹਿਸਾਸ ਹੋ ਗਿਆ ਤਾਂ ਉਸ ਨੇ ਰੱਬ ਦੀ ਕਾਲਪਨਿਕ ਹੋਂਦ ਬਣਾ ਲਈ ਤਾਂ ਕਿ ਇਮਤਿਹਾਨੀ ਹਾਲਤ ਦਾ ਦ੍ਰਿੜਤਾ ਨਾਲ ਸਾਹਮਣਾ ਕਰਨ ਲਈ ਮਨੁੱਖ ਨੂੰ ਹੌਸਲਾ ਮਿਲੇ, ਤਾਂ ਕਿ ਸਾਰੇ ਖਤਰਿਆਂ ਦਾ ਜਵਾਂ-ਮਰਦੀ ਨਾਲ ਮੁਕਾਬਲਾ ਕਰ ਸਕੇ ਅਤੇ ਖੁਸ਼ਹਾਲੀ ਤੇ ਅਮੀਰੀ ਦੀ ਹਾਲਤ ਵਿੱਚ ਆਪਣੀਆਂ ਇੱਛਾਵਾਂ 'ਤੇ ਕਾਬੂ ਪਾ ਸਕੇ। ਮਨੁੱਖ ਨੇ ਰੱਬ ਨੂੰ ਇਹਦੇ ਨਿੱਜਰੂਪਕ ਨੇਮਾਂ ਤੇ ਪਾਲਣਹਾਰ ਗੁਣਾਂ ਦੇ ਰੂਪ ਵਿੱਚ ਚਿਤਵਿਆ ਸੀ ਤੇ ਚਿਤਰਿਆ ਸੀ। ਉਹਦੀ ਕਰੋਪੀ ਤੇ ਨਿੱਜਰੂਪਕ ਨੇਮਾਂ ਨੂੰ ਵਿਚਾਰਨ ਵੇਲੇ ਉਹ ਤਾੜਨਾ ਦਾ ਕੰਮ ਦਿੰਦਾ ਸੀ ਤਾਂ ਮਨੁੱਖ ਸਮਾਜ ਵਾਸਤੇ ਖਤਰਾ ਨਾ ਬਣ ਜਾਵੇ। ਉਹਦੇ ਪਾਲਣਹਾਰ ਗੁਣਾਂ ਵਿਚ ਉਹ ਮਾਂ-ਪਿਤਾ, ਭੈਣ, ਭਾਈ, ਦੋਸਤ ਤੇ ਮਦਦਗਾਰ ਸੀ ਤਾਂ ਕਿ ਉਸ ਹਾਲਤ ਵਿਚ ਜਦ ਬੰਦੇ ਨੂੰ ਔਖੇ ਵੇਲੇ ਹਰ ਕੋਈ ਛੱਡ ਜਾਵੇ ਤਾਂ ਉਸ ਘੜੀ ਵੀ ਬੰਦੇ ਨੂੰ ਇਹ ਧਰਵਾਸ ਰਹੇ ਕਿ ਉਹਦੀ ਮਦਦ ਕਰਨ ਲਈ, ਉਹਨੂੰ ਢਾਰਸ ਦੇਣ ਲਈ ਸਦਾ ਸਲਾਮਤ ਰਹਿਣ ਵਾਲਾ ਸੱਚਾ ਮਿੱਤਰ ਰੱਬ ਹੈ। ਆਦਿ ਕਾਲ ਵਿੱਚ ਰੱਬ ਸੱਚੇ ਅਰਥਾਂ ਵਿੱਚ ਸਮਾਜ ਲਈ ਲਾਹੇਵੰਦ ਸੀ। ਔਖੀ ਘੜੀ ਵੇਲੇ ਰੱਬ ਦਾ ਵਿਚਾਰ ਬੰਦੇ ਲਈ ਮਦਦਗਾਰ ਹੁੰਦਾ ਹੈ।

ਸਮਾਜ ਨੇ ਜਿਵੇਂ ਬੁੱਤਪੂਜਾ ਤੇ ਧਰਮ ਦੇ ਤੰਗਨਜ਼ਰ ਸੰਕਲਪ ਵਿਰੁੱਧ ਲੜਾਈ ਲੜੀ ਸੀ ਉਸੇ ਤਰ੍ਹਾਂ ਸਮਾਜ ਨੂੰ ਰੱਬ ਦੇ ਵਿਸ਼ਵਾਸ ਵਿਰੁੱਧ ਲੜਨਾ ਪੈਣਾ ਹੈ। ਇਸੇ ਤਰ੍ਹਾਂ ਜਦ ਬੰਦਾ ਆਪਣੇ ਪੈਰੀਂ ਹੋਣ ਦੀ ਕੋਸ਼ਿਸ਼ ਕਰਨ ਲੱਗਾ ਤੇ ਯਥਾਰਥਵਾਦੀ ਹੋਣ ਲੱਗਾ ਤਾਂ ਉਹਨੂੰ ਰੱਬ ਦਾ ਵਿਸ਼ਵਾਸ ਲਾਂਭੇ ਸੁੱਟਣਾ ਪਵੇਗਾ ਅਤੇ ਹਰ ਮੁਸ਼ਕਲ, ਹਰ ਆਫਤ ਤੇ ਹਰ ਤਰ੍ਹਾਂ ਦੀ ਹਾਲਤ ਦਾ ਡਟ ਕੇ ਮੁਕਾਬਲਾ ਕਰਨਾ ਪਏਗਾ। ਇਸ ਵੇਲੇ ਮੇਰੀ ਹਾਲਤ ਬਿਲਕੁਲ ਇਹੀ ਹੈ। ਮੇਰੇ ਦੋਸਤੋ, ਮੇਰਾ ਇਹ ਕੋਈ ਅਹੰਕਾਰ ਨਹੀਂ ਹੈ। ਮੈਂ ਆਪਣੀ ਸੋਚ ਵਿਧੀ ਨਾਲ ਹੀ ਨਾਸਤਕ ਬਣਿਆਂ ਹਾਂ। ਮੇਰਾ ਖਿਆਲ ਨਹੀਂ ਕਿ ਰੱਬ ਵਿੱਚ ਵਿਸ਼ਵਾਸ ਕਰਨ ਨਾਲ ਤੇ ਹਰ ਰੋਜ਼ ਅਰਦਾਸ ਕਰਨ ਨਾਲ (ਜਿਹੜਾ ਕਿ ਮੈਂ ਮਨੁੱਖ ਦਾ ਸਭ ਤੋਂ ਵੱਧ ਖੁਦਗਰਜ਼ੀ ਕਰਨ ਵਾਲਾ ਤੇ ਘਟੀਆ ਕੰਮ ਸਮਝਦਾ ਹਾਂ)

ਮੇਰਾ ਕੁਝ ਸੌਰ ਸਕਦਾ ਹੈ ਜਾਂ ਇਹਦੇ ਨਾਲ ਮੇਰੀ ਹਾਲਤ ਹੋਰ ਵੀ ਭੈੜੀ ਹੋ ਜਾਵੇਗੀ। ਮੈਂ ਉਨ੍ਹਾਂ ਨਾਸਤਕਾਂ ਬਾਰੇ ਪੜ੍ਹਿਆ ਹੈ, ਜਿਨ੍ਹਾਂ ਨੇ ਬਹੁਤ ਡਟ ਕੇ ਸਾਰੀਆਂ ਮੁਸ਼ਕਲਾਂ ਦਾ ਮੁਕਾਬਲਾ ਕੀਤਾ ਸੀ। ਇਸੇ ਲਈ ਮੈਂ ਅਖੀਰ ਤਕ, ਫਾਂਸੀ ਦੇ ਤਖਤੇ ’ਤੇ ਵੀ ਮਰਦ ਵਾਂਗ ਸਿਰ ਤਾਣ ਕੇ ਸਾਬਤ ਕਦਮ ਰਹਿਣ ਦੀ ਕੋਸ਼ਸ਼ ਕਰ ਰਿਹਾ ਹਾਂ।

ਦੇਖੀਏ ਮੈਂ ਇਸ ’ਤੇ ਕਿੰਨਾ ਕੁ ਪੂਰਾ ਉੱਤਰਦਾ ਹਾਂ। ਮੇਰੇ ਕਿਸੇ ਦੋਸਤ ਨੇ ਮੈਨੂੰ ਅਰਦਾਸ ਕਰਨ ਲਈ ਕਿਹਾ ਸੀ। ਜਦ ਮੈਂ ਉਹਨੂੰ ਦੱਸਿਆ ਕਿ ਮੈਂ ਤਾਂ ਨਾਸਤਕ ਹਾਂ ਤਾਂ ਉਹ ਕਹਿਣ ਲੱਗਾ: "ਦੇਖੀ ਆਪਣੇ ਅਖੀਰੀ ਦਿਨਾਂ ’ਚ ਤੂੰ ਰੱਬ ਨੂੰ ਮੰਨਣ ਲੱਗ ਜਾਏਂਗਾ।" ਮੈਂ ਅੱਗੋਂ ਕਿਹਾ, ਨਹੀਂ ਪਿਆਰੇ ਜਨਾਬ ਜੀ ਇਸ ਤਰ੍ਹਾਂ ਹਰਗਿਜ਼ ਨਹੀਂ ਹੋਣ ਲੱਗਾ। ਇੰਜ ਕਰਨਾ ਮੇਰੇ ਲਈ ਬੜੀ ਘਟੀਆ ਤੇ ਪਸਤੀ ਵਾਲੀ ਗੱਲ ਹੋਵੇਗੀ। ਖੁਦਗਰਜ਼ੀ ਵਾਸਤੇ ਮੈਂ ਅਰਦਾਸ ਨਹੀਂ ਕਰਨੀ। ਪਾਠਕੋ ਤੇ ਦੋਸਤੋ ਕੀ ਇਹ ਹਉਮੈਂ ਹੈ? ਜੇ ਇਹ ਹੈ ਤਾਂ ਮੈਨੂੰ ਹਉਮੈਂ ਚੰਗੀ ਲੱਗਦੀ ਹੈ।

* ਮਹਾਂਭਾਰਤ ਵੇਲੇ ਦਾ ਸੰਦੇਹਵਾਦੀ ਦਾਰਸ਼ਨਿਕ ਜਿਹੜਾ ਪਦਾਰਥਵਾਦੀ ਸਿਧਾਂਤ ਦਾ ਪ੍ਰਚਾਰਕ ਸੀ। ਸਮੇਂ ਦੇ ਹਾਕਮਾਂ ਨੇ ਉਸ ਨੂੰ ਜੀਉਂਦੇ ਨੂੰ ਸਾੜ ਦਿੱਤਾ ਸੀ। – ਅਨੁਵਾਦਕ

** ਪੁਰਾਤਨ ਰੋਮ ਵਿਚ ਗੁਲਾਮਾਂ, ਜੰਗੀ ਕੈਦੀਆਂ ਜਾਂ ਸਜ਼ਾ ਯਾਫਤਾ ਮੁਜਰਮਾਂ ਨੂੰ ਰਾਜੇ ਦੇ ਦਰਬਾਰ ਵਿਚ ਆਪਸ ਵਿਚ ਜਾਨਲੇਵਾ ਤਲਵਾਬਾਜ਼ੀ ਕਰਨ ਦੀ ਬਹੁਤ ਸਖਤ ਕਿਸਮ ਦੀ ਸਿਖਲਾਈ ਦਿੱਤੀ ਜਾਂਦੀ ਸੀ। ਰਾਜਾ ਕਈ ਵਾਰ ਮਜ਼ੇ ਖਾਤਰ ਗੁਲਾਮਾਂ ਨੂੰ ਭੁੱਖੇ ਸ਼ੇਰਾਂ ਅੱਗੇ ਛੱਡ ਦਿੰਦਾ ਸੀ। ਗਲੈਡੀਏਟਰ ਲਾਤੀਨੀ ਬੋਲੀ ਦਾ ਸ਼ਬਦ ਹੈ ਤੇ ਇਸ ਦਾ ਅਰਥ ਹੈ: ਤਲਵਾਰਬਾਜ਼। – ਅਨੁਵਾਦਕ।

*** ਅਪਟਨ ਸਿੰਕਲੇਅਰ (1878-1) ਅਮਰੀਕੀ ਲੇਖਕ ਤੇ ਸੋਸ਼ਲਿਸਟ ਪਾਰਟੀ ਦਾ ਕਾਰਕੁੰਨ। ਭਗਤ ਸਿੰਘ ਦਾ ਇਸ਼ਾਰਾ ਸ਼ਾਇਦ ਸਿਨਕਲੇਅਰ ਦੇ 1918 ਵਿਚ ਲਿਖੇ ਪੈਂਫਲਿੱਟ ਪਰੌਫਿਟਸ ਆਫ ਰਿਲੀਜਨ (ਧਰਮ ਦੇ ਮੁਨਾਫੇ) ਵੱਲ ਹੈ – ਅਨੁਵਾਦਕ

**** ਚਾਰਲਜ਼ ਡਾਰਵਿਨ (1809 – 1882) ਅੰਗਰੇਜ਼ ਪ੍ਰਕ੍ਰਿਤਵਾਦੀ। ਉੱਨੀਵੀਂ ਸਦੀ ਦੀ ਸਭ ਤੋਂ ਵੱਡੀ ਜਿੱਤ ਉਸ ਦੀ 1859 ਵਿਚ ਛਪੀ 'ਓਰਿਜਨ ਆਫ ਸਪੀਸੀਜ਼' ਸੀ ਜਿਸ ਵਿੱਚ ਪ੍ਰਕ੍ਰਿਤੀ ਦੇ ਵਿਕਾਸ ਦਾ ਸਿਧਾਂਤ ਸੀ। ਇਸ ਸਿਧਾਂਤ ਨੇ ਕੁਦਰਤ ਸੰਬੰਧੀ ਧਾਰਮਿਕ ਤੇ ਵਿਚਾਰਵਾਦੀ ਸੰਕਲਪਾਂ ਨੂੰ ਤੋੜ ਦਿੱਤਾ। – ਅਨੁਵਾਦਕ।

***

# ਭਗਤ ਸਿੰਘ ਦਾ ਭਗਵਾਂਕਰਨ: 'ਪਾਂਚਜਨਹ' ਨੂੰ ਖੁੱਲ੍ਹਾ ਖ਼ਤ

*(ਪੰਜਾਬ ਦੇ ਸਿੱਖਾਂ ਵਲੋਂ ਤਾਂ ਅਕਸਰ ਭਗਤ ਸਿੰਘ ਨੂੰ ਸਿੱਖ ਸਾਬਤ ਕਰਨ ਦੀਆਂ ਕੋਸ਼ਸਾਂ ਦੇਖਣ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ ਅਤੇ ਆਮ ਪੰਜਾਬੀ ਪਾਠਕ ਇਸ ਤੋਂ ਵਾਕਿਫ ਵੀ ਹੈ। ਪਰ ਹਿੰਦੂਆਂ ਵਲੋਂ ਉਹਨੂੰ ਹਿੰਦੂ ਸਾਬਤ ਕਰਨ ਦੀਆਂ ਘਿਨਾਉਣੀਆਂ ਚਾਲਾਂ ਤੋਂ ਸ਼ਾਇਦ ਬਹੁਤੇ ਪੰਜਾਬੀ ਪਾਠਕ ਜਾਣੂ ਨਾ ਹੋਣ, ਖਾਸ ਕਰ ਬਾਹਰ ਵਸਣ ਵਾਲੇ। ਹੰਸ ਮੈਗਜ਼ੀਨ ਦੇ ਸਤੰਬਰ, 2007 ਦੇ ਅੰਕ ਵਿੱਚੋਂ ਲਿਆ ਗਿਆ ਕਿਸ਼ੋਰ ਜਾਮਦਾਰ ਦਾ ਇਹ ਖੁੱਲ੍ਹਾ ਖ਼ਤ ਇਸ ਪੱਖ ਨੂੰ ਉਜਾਗਰ ਕਰਦਾ ਹੈ-ਸੰਪਾਦਕ)*

## ਕਿਸ਼ੋਰ ਜਾਮਦਾਰ

ਸ੍ਰੀ ਮਾਨ ਜੀ,

ਸਭ ਤੋਂ ਪਹਿਲਾਂ ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਸ਼ਹੀਦ ਭਗਤ ਸਿੰਘ ਬਾਰੇ ਵਿਸ਼ੇਸ਼ ਅੰਕ ਕੱਢਿਆ। ਤੁਹਾਡਾ ਮਨੋਰਥ ਭਾਵੇਂ ਕੋਈ ਵੀ ਹੋਵੇ, ਤੁਹਾਡੇ ਇਸ ਅੰਕ ਨੇ ਭਗਤ ਸਿੰਘ ਦੇ ਲਿਖੇ ਇੱਕ ਲੇਖ ਅਤੇ ਇੱਕ ਖ਼ਤ ਨੂੰ ਹਜ਼ਾਰਾਂ ਲੋਕਾਂ ਤੱਕ ਪਹੁੰਚਾਇਆ ਹੈ। ਸਾਨੂੰ ਅਫ਼ਸੋਸ ਹੈ ਕਿ ਅਜ ਤੱਕ ਇਸ ਗੱਲ ਨੂੰ ਕਿ 'ਭਗਤ ਸਿੰਘ ਸਿਰਫ ਇਕ ਦੇਸ਼ ਭਗਤ ਹੀ ਨਹੀਂ ਸਗੋਂ ਇੱਕ ਚਿੰਤਕ ਵੀ ਸੀ' ਕਰੋੜਾਂ ਭਾਰਤੀ ਨਹੀਂ ਜਾਣਦੇ। ਭਗਤ ਸਿੰਘ ਦੀ ਇਸ ਜਨਮ ਸ਼ਤਾਬਦੀ ਦੇ ਮੌਕੇ 'ਤੇ ਅਸੀਂ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਉਨ੍ਹਾਂ ਦਾ ਵਿਚਾਰਧਾਰਕ ਪੱਖ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਪਹੁੰਚੇ। ਸਾਡੀ ਇਸ ਕੋਸ਼ਿਸ਼ ਵਿੱਚ ਤੁਹਾਡੇ ਇਸ ਅੰਕ ਨੇ ਵਡਮੁੱਲਾ ਹਿੱਸਾ ਪਾਇਆ ਹੈ। ਇਕ ਵਾਰ ਫਿਰ ਧੰਨਵਾਦ।

ਤੁਹਾਡੇ ਅੰਕ ਦੀ ਪੂਰੀ ਕੋਸ਼ਿਸ਼ ਹੈ ਕਿ ਇਹ ਸਾਬਿਤ ਕੀਤਾ ਜਾਵੇ ਕਿ ਭਗਤ ਸਿੰਘ ਕਮਿਊਨਿਸਟ ਅਤੇ ਨਾਸਤਿਕ ਨਹੀਂ ਸੀ। ਇਹ ਸਿੱਧ ਕਰਨ ਲਈ ਤੁਹਾਡੇ ਲੇਖਕਾਂ ਨੇ ਭਗਤ ਸਿੰਘ ਦੇ 'ਮੈਂ ਨਾਸਤਿਕ ਕਿਉਂ ਹਾਂ?' ਦਾ ਵਾਰ-ਵਾਰ ਹਵਾਲਾ ਦਿੱਤਾ ਹੈ। ਅਤੇ ਪੂਰੀ ਖੂਬੀ ਨਾਲ ਭਗਤ ਸਿੰਘ ਦੇ ਲੇਖ ਦੀਆਂ ਉਦਾਹਰਨਾਂ ਨੂੰ ਤੋੜ-ਮਰੋੜ ਕੇ ਵਰਤਿਆ ਹੈ। ਪਰ ਕੋਈ ਵੀ ਥੋੜ੍ਹੀ-ਬਹੁਤੀ ਸੂਝ ਵਾਲਾ ਆਦਮੀ ਇਹ ਸੋਚਣ ਲਈ ਮਜਬੂਰ ਹੋ ਜਾਏਗਾ ਕਿ ਜੇ ਭਗਤ ਸਿੰਘ ਨਾਸਤਿਕ ਨਹੀਂ ਸੀ ਤਾਂ ਉਨ੍ਹਾਂ ਨੇ ਇਸ ਤਰ੍ਹਾਂ ਦੇ ਸਿਰਲੇਖ ਵਾਲਾ ਲੇਖ ਲਿਖਿਆ ਹੀ ਕਿਉਂ? ਤੁਹਾਡੇ ਇੱਕ ਲੇਖਕ ਸਾਹਿਬ ਸ੍ਰੀ ਮਾਨ ਦਿਨੇਸ਼ ਸ਼ਰਮਾ ਲਿਖਦੇ ਹਨ: 'ਜੇ ਪ੍ਰਮਾਤਮਾ ਦੇ ਪ੍ਰਤੀ ਸ਼ਰਧਾ ਅਤੇ ਪਿਆਰ ਸੁਭਾਵਕ ਹੈ ਤਾਂ ਨਰਾਜ਼ਗੀ ਵੀ ਉਨ੍ਹੀਂ ਹੀ ਸੁਭਾਵਕ ਹੈ।' ਕੀ ਉਨ੍ਹਾਂ ਨੇ ਭਗਤ ਸਿੰਘ ਨੂੰ 'ਦੀਵਾਰ' ਫਿਲਮ ਦੇ ਅਮਿਤਾਭ ਬਚਨ ਵਰਗਾ ਨਾਸਤਿਕ ਸਮਝ ਲਿਆ ਜਿਹੜਾ ਰੱਬ ਪ੍ਰਤੀ ਆਪਣੀ ਭੜਾਸ ਕੱਢ ਰਿਹਾ ਹੋਵੇ।

ਭਗਤ ਸਿੰਘ ਨੇ ਆਪਣੇ ਲੇਖ ਦੇ ਅਖੀਰਲੇ ਹਿੱਸੇ ਵਿੱਚ ਸਪੱਸ਼ਟ ਕਰ ਦਿੱਤਾ ਹੈ ਕਿ 'ਰੱਬ ਦੇ ਆਦਿ ਬਾਰੇ ਮੇਰਾ ਆਪਣਾ ਵਿਚਾਰ ਇਹ ਹੈ ਕਿ ਜਦ ਮਨੁੱਖ ਨੂੰ ਆਪਣੀਆਂ ਸੀਮਾਵਾਂ ਕਮਜ਼ੋਰੀਆਂ ਤੇ ਕਮੀਆਂ ਦਾ ਅਹਿਸਾਸ ਹੋ ਗਿਆ ਤਾਂ ਉਸ ਨੇ ਰੱਬ ਦੀ ਕਾਲਪਨਿਕ ਹੋਂਦ ਬਣਾ ਲਈ ਤਾਂ ਕਿ ਇਮਤਿਹਾਨੀ ਹਾਲਤ ਦਾ ਦ੍ਰਿੜਤਾ ਨਾਲ ਸਾਹਮਣਾ ਕਰਨ ਲਈ ਮਨੁੱਖ ਨੂੰ ਹੌਸਲਾ

ਮਿਲੇ, ਤਾਂ ਕਿ ਸਾਰੇ ਖਤਰਿਆਂ ਦਾ ਜਵਾਂ-ਮਰਦੀ ਨਾਲ ਮੁਕਾਬਲਾ ਕਰ ਸਕੇ ਅਤੇ ਖੁਸ਼ਹਾਲੀ ਤੇ ਅਮੀਰੀ ਦੀ ਹਾਲਤ ਵਿੱਚ ਆਪਣੀਆਂ ਇੱਛਾਵਾਂ 'ਤੇ ਕਾਬੂ ਪਾ ਸਕੇ। ਮਨੁੱਖ ਨੇ ਰੱਬ ਨੂੰ ਇਹਦੇ ਨਿੱਜਰੂਪਕ ਨੇਮਾਂ ਤੇ ਪਾਲਣਹਾਰ ਗੁਣਾਂ ਦੇ ਰੂਪ ਵਿੱਚ ਚਿਤਵਿਆ ਸੀ ਤੇ ਚਿਤਰਿਆ ਸੀ।'

ਤੁਹਾਡੇ ਦੂਸਰੇ ਲੇਖਕ ਸਾਹਿਬ ਸ੍ਰੀ ਇਰਵਨ ਖੰਨਾ ਲਿਖਦੇ ਹਨ: 'ਭਗਤ ਸਿੰਘ ਦਾ ਮਾਨਵੀ ਪੱਖ ਐਨਾ ਮਜ਼ਬੂਤ ਸੀ ਕਿ ਉਹ ਮਨੁੱਖ ਦੇ ਦੁੱਖਾਂ ਨੂੰ ਦੇਖ ਕੇ ਪ੍ਰਮਾਤਮਾ ਦੇ ਵਜੂਦ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਸੀ। ਲੇਕਿਨ ਸਿਰਫ ਇਸ ਕਾਰਨ ਹੀ ਭਗਤ ਸਿੰਘ ਨੂੰ ਨਾਸਤਿਕ ਕਹਿਣਾ ਉਚਿਤ ਨਹੀਂ ਹੋਵੇਗਾ। ਕਿਉਂਕਿ ਭਗਤ ਸਿੰਘ ਨਰਾਇਣ ਦੇ ਸਰੂਪ ਨਰ ਦੇ ਬੁਨਿਆਦੀ ਅਧਿਕਾਰਾਂ ਦੇ ਲਈ ਆਪਣਾ ਸਭ ਕੁਝ ਨਿਸ਼ਾਵਰ ਕਰ ਗਏ।' ਸ੍ਰੀ ਮਾਨ ਜੀ, ਸੰਸਾਰ ਦੇ ਅਨੇਕਾਂ ਨਾਸਤਿਕ ਚਿੰਤਕ 'ਨਰ' ਦੇ ਹਿਤਾਂ ਦੇ ਪੱਖ 'ਚ ਹੋਣ ਕਰ ਕੇ ਹੀ ਪ੍ਰਮਾਤਮਾ ਦੇ ਵਜੂਦ ਦੇ ਝੂਠ ਬਾਰੇ ਬੋਲਦੇ ਰਹਿੰਦੇ ਹਨ। ਨਹੀਂ ਤਾਂ ਉਸ ਦੇ ਨਾ ਹੋਣ ਬਾਰੇ ਉਨ੍ਹਾਂ ਨੂੰ ਖੁਦ ਤਾਂ ਯਕੀਨ ਹੁੰਦਾ ਹੀ ਹੈ। ਇਸ ਤਰਕ ਨਾਲ ਤਾਂ ਸਾਰੇ ਨਾਸਤਿਕ ਚਿੰਤਕ ਆਸਤਿਕ ਹੋ ਜਾਂਦੇ ਹਨ। ਜੇ ਤੁਸੀਂ ਇਹ ਗੱਲਾਂ ਸਿੱਧ ਕਰਨੀਆਂ ਹੀ ਸਨ ਤਾਂ ਭਗਤ ਸਿੰਘ ਦਾ 'ਮੈਂ ਨਾਸਤਿਕ ਕਿਉਂ ਹਾਂ?'ਬਿਨ੍ਹਾਂ ਕਿਸੇ ਕਾਂਟ-ਛਾਂਟ ਦੇ ਛਾਪ ਦਿੰਦੇ ਅਤੇ ਆਪਣੇ ਪਾਠਕਾਂ ਦੀ ਬੁੱਧੀ 'ਤੇ ਥੋੜ੍ਹਾ ਜਿਹਾ ਵਿਸ਼ਵਾਸ਼ ਕਰ ਕੇ ਉਨ੍ਹਾਂ ਨੂੰ ਤਹਿ ਕਰ ਲੈਣ ਦਿੰਦੇ ਕਿ ਭਗਤ ਸਿੰਘ ਨਾਸਤਿਕ ਸੀ ਕਿ ਨਹੀਂ।

ਇਸੇ ਤਰ੍ਹਾਂ ਉਨ੍ਹਾਂ ਦਾ ਕਮਿਊਨਿਸਟ ਨਾ ਹੋਣ ਹੋਣਾ ਸਿੱਧ ਕਰਨ ਲਈ ਤੁਸੀਂ ਜਿਹੜੇ ਕੁਤਰਕ ਪੇਸ਼ ਕੀਤੇ ਹਨ, ਉਨ੍ਹਾਂ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ ਥੋੜ੍ਹੀ ਹੈ। ਇਸ ਅੰਕ ਵਿੱਚ ਜੇ ਤੁਸੀਂ ਭਗਤ ਸਿੰਘ ਦਾ ਦਿੱਲੀ ਸੈਸ਼ਨ ਕੋਰਟ ਵਿੱਚ 6 ਜੂਨ, 1929 ਨੂੰ ਦਿੱਤਾ ਬਿਆਨ ਛਾਪ ਦਿੰਦੇ ਤਾਂ ਚੰਗਾ ਹੁੰਦਾ। ਜੇ ਥਾਂ ਦੀ ਤੰਗੀ ਸੀ ਤਾਂ ਉਸ ਬਿਆਨ ਦੇ ਉਸ ਹਿੱਸੇ ਨੂੰ ਹੀ ਛਾਪ ਦਿੰਦੇ ਜਿਸ ਵਿੱਚ ਭਗਤ ਸਿੰਘ ਨੇ 'ਕ੍ਰਾਂਤੀ ਤੋਂ ਉਨ੍ਹਾਂ ਦਾ ਕੀ ਭਾਵ ਹੈ' ਦਾ ਜ਼ਿਕਰ ਕੀਤਾ ਹੈ। ਉਹ ਇਸ ਤਰ੍ਹਾਂ ਹੈ:

> ਕ੍ਰਾਂਤੀ ਤੋਂ ਸਾਡਾ ਭਾਵ ਹੈ ਕਿ ਨੰਗੇ ਅਨਿਆ ਉੱਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਜ਼ਰੂਰ ਬਦਲਣਾ ਚਾਹੀਦਾ ਹੈ। ਮਜ਼ਦੂਰ ਭਾਵੇਂ ਸਮਾਜ ਦਾ ਸਭ ਤੋਂ ਜ਼ਰੂਰੀ ਅੰਗ ਹਨ ਫਿਰ ਵੀ ਲੁਟੇਰੇ ਉਨ੍ਹਾਂ ਦੀ ਖ਼ੂਨ-ਪਸੀਨੇ ਦੀ ਕਮਾਈ ਨੂੰ ਹੜੱਪ ਜਾਂਦੇ ਹਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਬੁਨਿਆਦੀ ਅਧਿਕਾਰਾਂ ਤੋਂ ਵਾਂਝਿਆਂ ਰੱਖਦੇ ਹਨ। ਦੂਜਿਆਂ ਲਈ ਅੰਨ ਪੈਦਾ ਕਰਨ ਵਾਲਾ ਕਿਸਾਨ ਆਪਣੇ ਪਰਿਵਾਰ ਸਮੇਤ ਦਾਣੇ ਦਾਣੇ ਨੂੰ ਸਹਿਕਦਾ ਹੈ। ਕੱਪੜਾ ਬੁਣਨ ਵਾਲਾ, ਜਿਹੜਾ ਸਾਰੇ ਸੰਸਾਰ ਦੀਆਂ ਮੰਡੀਆਂ ਲਈ ਕੱਪੜਾ ਤਿਆਰ ਕਰਦਾ ਹੈ, ਉਹ ਆਪਣਾ ਤੇ ਆਪਣੇ ਬੱਚਿਆਂ ਦਾ ਜਿਸਮ ਵੀ ਨਹੀਂ ਢਕ ਸਕਦਾ। ਰਾਜ, ਲੁਹਾਰ ਤੇ ਤਰਖਾਣ, ਜਿਹੜੇ ਸ਼ਾਨਦਾਰ ਮਹੱਲ ਉਸਾਰਦੇ ਹਨ, ਨਥਾਵਿਆਂ ਵਾਂਗੂੰ ਗੰਦਿਆਂ ਖੋਲ੍ਹਿਆਂ ਵਿਚ ਰਹਿੰਦੇ ਹਨ। ਦੂਜੇ ਪਾਸੇ ਸਮਾਜ ਦਾ ਲਹੂ ਪੀਣੇ ਪੂੰਜੀਪਤੀ ਕਰੋੜਾਂ ਰੁਪਏ ਆਪਣੀ ਮਨ ਦੀ ਮੌਜ ਲਈ ਰੋੜ ਦਿੰਦੇ ਹਨ। ਇਸ ਭਿਅੰਕਰ ਨਾ-ਬਰਾਬਰੀ ਤੇ ਬਦੋ ਬਦੀ ਠੋਸੇ ਗਏ ਭੇਦ ਭਾਵ ਦਾ ਨਤੀਜਾ ਹਫੜਾ-ਦਫੜੀ ਹੋਵੇਗਾ। ਇਹ ਹਾਲਤ ਬਹੁਤਾ ਚਿਰ ਕਾਇਮ ਨਹੀਂ ਰਹਿ ਸਕਦੀ। ਇਹ ਸਾਫ ਹੈ ਕਿ ਹੁਣ ਵਾਲਾ ਸਮਾਜਕ ਢਾਂਚਾ ਜਿਹੜਾ ਕਿ ਦੂਸਰਿਆਂ ਦੀ ਮਜਬੂਰੀ ਤੇ ਰੰਗਰਲੀਆਂ ਮਨਾ ਰਿਹਾ ਹੈ, ਇਕ ਜਵਾਲਾ ਮੁਖੀ ਦੇ ਮੂੰਹ 'ਤੇ ਬੈਠਾ ਹੈ। ਸਭਿਅਤਾ ਦਾ ਇਹ ਮਹਾਨ ਢਾਂਚਾ ਜੇ ਵੇਲੇ ਸਿਰ ਨਾ ਸੰਭਾਲਿਆ ਗਿਆ ਤਾਂ ਢਹਿ ਢੇਰੀ ਹੋ

> ਜਾਵੇਗਾ। ਇਸ ਲਈ ਬੁਨਿਆਦੀ ਤਬਦੀਲੀ ਦੀ ਲੋੜ ਹੈ। ਸੋ ਇਕ ਬੁਨਿਆਦੀ ਤਬਦੀਲੀ ਅਤੀ ਜ਼ਰੂਰੀ ਹੈ। ਜਿਹੜੇ ਇਸ ਗੱਲ ਨੂੰ ਮਹਿਸੂਸ ਕਰਦੇ ਹਨ ਉਨ੍ਹਾਂ ਦਾ ਫਰਜ਼ ਹੈ ਸਮਾਜਵਾਦ 'ਤੇ ਅਧਾਰਤ ਸਮਾਜ ਦਾ ਪੁਨਰ ਨਿਰਮਾਣ ਕਰਨਾ। ਜਦ ਤੱਕ ਇਹ ਨਹੀਂ ਕੀਤਾ ਜਾਂਦਾ ਅਤੇ ਜਦੋਂ ਤੱਕ ਮਨੁੱਖ ਦੇ ਹੱਥੀਂ ਮਨੁੱਖ ਦੀ ਅਤੇ ਕੌਮਾਂ ਰਾਹੀਂ ਕੌਮਾਂ ਦੀ ਲੁੱਟ ਦਾ ਖਾਤਮਾ ਨਾ ਕੀਤਾ ਗਿਆ ਤਾਂ ਮਨੁੱਖਤਾ ਦੇ ਸਿਰ ਉੱਤੇ ਮੰਡਲਾ ਰਹੇ ਦੁਖਾਂਤ ਅਤੇ ਖੂਨ ਖਰਾਬੇ ਨੂੰ ਰੋਕਿਆ ਨਹੀਂ ਜਾ ਸਕੇਗਾ। ਜੰਗ ਦਾ ਅੰਤ ਕਰਨ ਅਤੇ ਸੰਸਾਰ ਅਮਨ ਦੇ ਯੁੱਗ ਦਾ ਮੁੱਢ ਬੰਨਣ ਦੀਆਂ ਸਾਰੀਆਂ ਗੱਲਾਂ ਪਾਖੰਡ ਤੋਂ ਬਿਨਾਂ ਕੁਝ ਨਹੀਂ।

ਭਗਤ ਸਿੰਘ 'ਤੇ ਤੁਹਾਡੇ 'ਭਗਵਾ' ਵਿਚਾਰਾਂ ਦਾ ਪ੍ਰਭਾਵ ਹੋਣ ਦੀ ਗੱਲ ਨੂੰ ਸਿੱਧ ਕਰਨ ਲਈ ਤੁਸੀਂ ਜੋ ਹੱਥਕੰਡੇ ਅਪਣਾਏ ਹਨ ਉਹ ਵੀ ਕਾਬਲ-ਏ-ਤਾਰੀਫ ਹਨ। 'ਮੇਰਾ ਰੰਗ ਦੇ ਬਸੰਤੀ ਚੋਲਾ' ਦਾ ਆਪਣੀ ਮਰਜ਼ੀ ਦਾ ਅਰਥ ਕੱਢਣਾ, ਡਾਕਟਰ ਹੈਡਗੇਵਾਰ ਅਤੇ ਸ੍ਰੀ ਗੋਵਾਲਕਰ ਗੁਰੂ ਜੀ ਦੀਆਂ ਤਸਵੀਰਾਂ ਦੇ ਨਾਲ ਭਗਤ ਸਿੰਘ ਦੀ ਤਸਵੀਰ ਛਾਪਣਾ, ਭਾਸ਼ਾ ਦੇ ਸੰਦਰਭ ਵਿਚ ਗੁਰੂ ਜੀ ਅਤੇ ਭਗਤ ਸਿੰਘ ਦੇ ਵਿਚਾਰਾਂ ਵਿਚ ਸਮਾਨਤਾ ਦਿਖਾਉਣੀ ਅਤੇ ਭਗਤ ਸਿੰਘ ਦਾ ਡਾਕਟਰ ਹੇਡਗਵਾਰ ਨਾਲ ਸੰਪਰਕ ਹੋਣ ਦੀ ਗੱਲ ਕਹਿਣਾ। ਪਰ ਭਗਤ ਸਿੰਘ ਆਪਣੇ ਵਿਚਾਰਾਂ ਬਾਰੇ ਖੁਦ ਕੀ ਲਿਖਦੇ ਹਨ ਉਸ ਦਾ ਕਿਤੇ ਵੀ ਜ਼ਿਕਰ ਤੱਕ ਨਾ ਕਰਨਾ ਆਦਿ।

ਸ੍ਰੀ ਗੋਵਾਲਕਰ ਗੁਰੂ ਜੀ ਦਾ ਭਗਤ ਸਿੰਘ 'ਤੇ ਕਿਸੇ ਕਿਸਮ ਦਾ ਪ੍ਰਭਾਵ ਹੋਣਾ ਜਾਂ ਉਨ੍ਹਾਂ ਦਾ ਕੋਈ ਸੰਪਰਕ ਹੋਣ ਦਾ ਤਾਂ ਸਵਾਲ ਹੀ ਨਹੀਂ ਉੱਠਦਾ ਕਿਉਂਕਿ ਭਗਤ ਸਿੰਘ ਦੀ ਸ਼ਹਾਦਤ ਤੱਕ ਗੋਵਾਲਕਰ ਗੁਰੂ ਜੀ ਸਮਾਜਕ ਪੱਧਰ 'ਤੇ ਜਾਣੇ ਹੀ ਨਹੀਂ ਜਾਂਦੇ ਸਨ। ਜਿੱਥੋਂ ਤੱਕ ਸਾਂਡਰਸ ਦੀ ਹੱਤਿਆ 'ਤੇ ਸੰਤੋਸ਼ ਜ਼ਾਹਰ ਕਰਨ ਦੀ ਗੱਲ ਹੈ, ਉਹਦੇ ਨਾਲ ਇਹ ਲੱਗਦਾ ਹੈ ਕਿ ਭਗਤ ਸਿੰਘ ਦੇ ਉਸ ਕੰਮ ਨਾਲ ਗੁਰੂ ਜੀ ਪ੍ਰਭਾਵਿਤ ਸਨ। ਪਰ ਇਸ ਤੋਂ ਉਲਟ ਗੱਲ ਨਹੀਂ ਹੋ ਸਕਦੀ। ਅਤੇ ਉਹ ਗੱਲ ਵੀ ਉਨ੍ਹਾਂ ਨੇ ਵਿਦਿਆਰਥੀ ਹੁੰਦਿਆਂ ਆਪਣੇ ਮਿੱਤਰ ਸ੍ਰੀ ਬਾਬੂਰਾਮ ਤੇਲੰਗ ਨੂੰ ਲਿਖੇ ਖਤ ਵਿਚ ਕਹੀ ਸੀ। ਕਿਸੇ ਸਭਾ ਜਾਂ ਲੇਖ ਵਿਚ ਨਹੀਂ। ਇਸ ਦੇ ਉਲਟ ਬਾਬੂਰਾਮ ਤੇਲੰਗ ਵਲੋਂ ਜਦੋਂ ਇਹ ਗੱਲ ਹੋਰਨਾਂ ਨੂੰ ਦੱਸੀ ਗਈ ਤਾਂ ਗੁਰੂ ਜੀ ਨੇ ਆਪਣੇ 24 ਜਨਵਰੀ 1929 ਨੂੰ ਲਿਖੇ ਆਪਣੇ ਅਗਲੇ ਖੱਤ ਵਿਚ ਗੁੱਸਾ ਜ਼ਾਹਰ ਕੀਤਾ ਸੀ। ਉਨ੍ਹਾਂ ਨੇ ਲਿਖਿਆ ਸੀ: 'ਲਾਲਾ ਜੀ ਦੀ ਹੱਤਿਆ ਦੇ ਬਦਲੇ ਦੇ ਸੰਦਰਭ ਵਿਚ ਮੇਰੀ ਕਹੀ ਹੋਈ ਗੱਲ ਤੁਸੀਂ ਦੂਜਿਆਂ ਨੂੰ ਦੱਸੋਗੇ, ਮੈਨੂੰ ਇਹ ਆਸ ਨਹੀਂ ਸੀ। ਉੱਥੇ ਕੁਝ ਵਿਦਿਆਰਥੀ ਗੁਪਤਚਰ ਵਿਭਾਗ ਲਈ ਕੰਮ ਕਰਦੇ ਹਨ। ਗਲਤੀ ਨਾਲ ਵੀ 'ਵਿਸ਼ਵ ਭਾਈਚਾਰੇ ਬਾਰੇ ਬੋਲਣਵਾਲਾ ਗੋਵਾਲਕਰ ਵੀ ਇਸ ਤਰ੍ਹਾਂ ਕਹਿੰਦਾ ਹੈ' ਤੁਸੀਂ ਇਸ ਤਰ੍ਹਾਂ ਨਾ ਕਹੋ, ਇਸ ਲਈ ਸਾਵਧਾਨੀ ਵਰਤਣ ਦੀ ਲਈ ਤੁਹਾਨੂੰ ਕਿਹਾ ਗਿਆ ਸੀ। (ਸਮਗ੍ਰ ਸ੍ਰੀ ਗੁਰੂ ਜੀ (ਮਰਾਠੀ) ਖੰਡ 6, ਸਫਾ 187)। ਇਸ ਲਈ ਜਿਹੜੇ 'ਧੰਨ ਧੰਨ ਅਨੇਕ ਵਾਰ ਧੰਨ' ਦੀ ਜਿਹੜੀ ਗੱਲ ਤੁਸੀਂ ਕੀਤੀ ਹੈ ਉਹ ਸਿਰਫ ਇਕ ਵਿਅਕਤੀਗਤ ਪ੍ਰਕਿਰਿਆ ਹੀ ਹੈ।

ਜਿੱਥੋਂ ਤੱਕ ਡਾਕਟਰ ਹੈਡਗੇਵਾਰ ਦਾ ਭਗਤ ਸਿੰਘ ਨੂੰ ਮਿਲਣ ਦਾ ਸਵਾਲ ਹੈ ਇਹ ਗੱਲ ਸੰਭਵ ਹੈ। ਕਾਰਨ ਕਿ ਭਗਤ ਸਿੰਘ ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰਕ ਸੈਨਾ ਗਠਨ ਕਰਨ ਦੇ ਸਿਲਸਿਲੇ ਵਿੱਚ ਬੰਗਾਲ ਦੇ ਅਨੁਸ਼ੀਲਨ ਸੰਮਤੀ ਦੇ ਲੋਕਾਂ ਨੂੰ ਮਿਲੇ ਸਨ। ਇਸ ਦੇ ਨਾਲ ਡਾਕਟਰ ਹੈਡਗੇਵਾਰ ਦਾ ਪੁਰਾਣਾ ਸਬੰਧ ਰਿਹਾ ਹੈ। (ਡਾਕਟਰ ਹੇਡਗੇਵਾਰ-ਨ. ਹ. ਪਾਲਕਰ, ਸਫਾ

39 ਅਤੇ 41) ਪਰ ਉਨ੍ਹਾਂ ਦੇ ਨਾਂ ਦਾ ਜ਼ਿਕਰ ਭਗਤ ਸਿੰਘ ਦੇ 72 ਦਸਤਾਵੇਜਾਂ ਜਾਂ ਜੇਲ ਡਾਇਰੀ ਜਾਂ ਉਨ੍ਹਾਂ ਦੇ ਸਾਥੀਆਂ ਦੇ ਲੇਖਾਂ ਵਿੱਚ ਕਿਤੇ ਵੀ ਨਹੀਂ ਮਿਲਦਾ। ਇਸ ਦੇ ਇਲਾਵਾ ਇਨ੍ਹਾਂ ਦੇ ਪਰਿਵਾਰ ਦੇ ਸਾਡੇ ਦੇਸ਼ ਦੀ ਪੁਰਾਣੀ ਮਹਾਨਤਾ ਦੀਆਂ ਗੱਲਾਂ ਵਿੱਚ ਉਲਝਣ ਵਾਲੇ ਨੇਤਾਵਾਂ ਬਾਰੇ ਭਗਤ ਸਿੰਘ ਲਿਖਦੇ ਹਨ:

> 'ਜਿਹੜੇ ਪਿੱਛੇ ਵੇਦਾਂ ਦੇ ਜ਼ਮਾਨੇ ਵੱਲ ਦੇਖ ਰਹੇ ਹਨ ਉਨ੍ਹਾਂ ਨੂੰ ਮੇਰਾ ਇਹ ਕਹਿਣਾ ਹੈ ਕਿ ਇਹ ਤਾਂ ਸੋਚਿਆ ਵੀ ਨਹੀਂ ਜਾ ਸਕਦਾ ਕਿ ਉਹ ਯੁਗ ਵਾਪਿਸ ਮੁੜ ਆਵੇਗਾ। ਅਸਲੀ ਦੁਨੀਆਂ ਪਿੱਛੇ ਵੱਲ ਨਹੀਂ ਮੁੜ ਸਕਦੀ। ਕਲਪਨਿਕ ਦੁਨੀਆਂ ਨੂੰ ਭਾਵੇਂ ਕੁਝ ਦਿਨ ਉਥੇ ਰੋਕ ਲਓ।'

ਸ੍ਰੀ ਵਨਾਇਕ ਦਮੋਦਰ ਸਾਵਰਕਰ ਦੀ ਕਿਤਾਬ ਪੜ੍ਹਨ ਦਾ ਜਿੱਥੋਂ ਤੱਕ ਸਵਾਲ ਹੈ ਤਾਂ ਭਗਤ ਸਿੰਘ ਨੇ ਦੁਨੀਆਂ ਦੇ ਹਰ ਵਿਚਾਰ ਦੀਆਂ ਕਿਤਾਬਾਂ ਪੜ੍ਹੀਆਂ ਜਿਹੜੀਆਂ ਉਨ੍ਹਾਂ ਨੂੰ ਮਿਲ ਗਈਆਂ। ਇਸ ਦਾ ਇਹ ਮਤਲਬ ਨਹੀਂ ਕਿ ਉਹ ਉਨ੍ਹਾਂ ਸਾਰੀਆਂ ਤੋਂ ਹੀ ਪ੍ਰਭਾਵਿਤ ਸਨ। ਸ੍ਰੀ ਸਾਵਰਕਾਰ ਦਾ ਜ਼ਿਕਰ ਭਗਤ ਸਿੰਘ ਦੁਆਰਾ ਮਦਨ ਲਾਲ ਢੀਂਗਰਾ ਬਾਰੇ ਲਿਖੇ ਲੇਖ ਵਿੱਚ ਆਉਂਦਾ ਹੈ। ਭਗਤ ਸਿੰਘ ਉਸ ਸਮੇਂ ਦੇ ਸਾਰੇ ਨੇਤਾਵਾਂ ਦੀਆਂ ਗੱਲਾਂ ਬਹੁਤ ਧਿਆਨ ਨਾਲ ਪੜ੍ਹਦੇ-ਸੁਣਦੇ ਸਨ। ਉਨ੍ਹਾਂ ਦਾ ਜਿੱਥੇ ਵੀ ਜ਼ਿਕਰ ਹੁੰਦਾ ਬਹੁਤ ਸਤਿਕਾਰ ਨਾਲ ਜ਼ਿਕਰ ਕਰਦੇ। ਪਰ ਉਨ੍ਹਾਂ ਦੇ ਵਿਚਾਰਾਂ ਦਾ ਬਹੁਤ ਨਿਮਰਮਤਾ ਨਾਲ ਤਰਕਪੂਰਣ ਵਿਸ਼ਲੇਸ਼ਣ ਕਰਦੇ। ਇਸ ਲਈ ਜੇ ਉਹ ਕਿਸੇ ਨੂੰ ਮਿਲੇ ਜਾਂ ਉਨ੍ਹਾਂ ਨੇ ਕਿਸੇ ਦੀ ਕਿਤਾਬ ਪੜ੍ਹੀ ਇਸ ਨਾਲ ਇਹ ਸਾਬਿਤ ਨਹੀਂ ਹੁੰਦਾ ਕਿ ਭਗਤ ਸਿੰਘ ਉਨ੍ਹਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਸਨ।

ਕਮਿਉਨਿਸਟਾਂ ਦੁਆਰਾ ਭਗਤ ਸਿੰਘ ਦੀ ਸ਼ਹੀਦੀ ਨੂੰ ਅਗਵਾਕਰਨ ਦੀ ਗੱਲ ਤੁਸੀਂ ਕਰਦੇ ਹੋ। ਤਾਂ ਜਨਾਬ, ਭਗਤ ਸਿੰਘ ਦੀ ਸ਼ਹੀਦੀ ਦੇ ਚਾਲੀ ਸਾਲ ਬਾਅਦ ਤੱਕ ਉਨ੍ਹਾਂ ਦੇ ਵਿਚਾਰ ਪ੍ਰਕਾਸ਼ਿਤ ਨਹੀਂ ਸੀ ਹੋਏ। ਉਦੋਂ ਤੁਹਾਡੇ ਪਰਿਵਾਰ ਨੇ ਇਹ ਪਹਿਲ ਕਿਉਂ ਨਾ ਕੀਤੀ? ਤੁਹਾਡੇ ਚਿੰਤਕਾਂ ਨੇ ਕਦੇ ਭਗਤ ਸਿੰਘ ਬਾਰੇ ਜ਼ਿਕਰ ਤੱਕ ਕਿਉਂ ਨਹੀਂ ਕੀਤਾ? ਗੁਰੂ ਜੀ ਦੁਆਰਾ ਦੇਸ਼ ਦੇ ਅਨੇਕਾਂ ਨੇਤਾਵਾਂ ਨੂੰ ਸਨਮਾਨਤ ਕੀਤਾ ਗਿਆ ਹੈ (ਸਮਗ੍ਰ ਸ੍ਰੀ ਗੁਰੂ ਜੀ ਦਾ ਖੰਡ 1, ਜਿਨ੍ਹਾਂ ਵਿੱਚੋਂ ਕੁਝ ਨੂੰ ਤਾਂ ਤੁਹਾਡਾ ਪਰਿਵਾਰ ਗਾਹੇ-ਬਗਾਹੇ ਗਾਲ੍ਹਾਂ ਵੀ ਦਿੰਦਾ ਰਹਿੰਦਾ ਹੈ) ਜਿਨ੍ਹਾਂ ਦੀ ਗਿਣਤੀ ਪੰਜਾਹ ਦੇ ਕਰੀਬ ਹੈ। ਉਨ੍ਹਾਂ ਵਿੱਚ ਭਗਤ ਸਿੰਘ ਜਾਂ ਉਨ੍ਹਾਂ ਦੇ ਸਾਥੀਆਂ 'ਚੋਂ ਕਿਸੇ ਦਾ ਨਾਂ ਤੱਕ ਨਹੀਂ ਹੈ। ਹੁਣ ਵੀ ਸਮਾਂ ਨਹੀਂ ਬੀਤਿਆ ਹੁਣ ਵੀ ਜਨਮ ਸ਼ਤਾਬਦੀ ਸਾਲ ਵਿੱਚ ਤੁਸੀਂ ਭਗਤ ਸਿੰਘ ਦੀ ਸਮੁੱਚੀ ਲਿਖਤ ਭਾਰਤ ਦੀਆਂ ਅਲੱਗ-ਅਲੱਗ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕਰਵਾ ਕੇ ਆਪਣੇ ਵਲੋਂ ਸਨਮਾਨ ਕਰ ਸਕਦੇ ਹੋ। ਪਰ ਤੁਸੀਂ ਏਦਾਂ ਕਰਨਾ ਨਹੀਂ ਕਿਉਂਕਿ ਤੁਹਾਨੂੰ ਭਗਤ ਸਿੰਘ ਦੇ ਵਿਚਾਰਾਂ ਨਾਲ ਕੋਈ ਸਰੋਕਾਰ ਨਹੀਂ ਤੁਸੀਂ ਤਾਂ ਬਸ ਉਸ ਦੀ ਲੋਕਪ੍ਰਿਆ ਨੂੰ ਹੀ ਕੈਸ਼ ਕਰਨਾ ਹੈ। ਉਸ ਲਈ ਭਾਵੇਂ ਤੁਹਾਨੂੰ ਇਤਿਹਾਸ ਦੀ ਤੋੜ-ਮਰੋੜ ਹੀ ਕਿਉਂ ਨਾ ਕਰਨੀ ਪਵੇ। ਇਹ ਤਾਂ ਤੁਹਾਡੇ ਖੱਬੇ ਹੱਥ ਦਾ ਕੰਮ ਹੈ।

-ਹੰਸ (ਫਿਲਹਾਲ) ਵਿੱਚੋਂ ਧੰਨਵਾਦ ਸਹਿਤ

***

# ਕਵਿਤਾਵਾਂ

## ਸ਼ਹੀਦ ਭਗਤ ਸਿੰਘ

### ਸਾਧੂ ਬਿਨਿੰਗ

ਸ਼ਹੀਦ ਭਗਤ ਸਿੰਘ
ਕਵਿਤਾ ਹੈ

ਫਰੀਦ ਦਾ ਸ਼ਲੋਕ ਹੈ
ਨਾਨਕ ਦੀ ਬਾਣੀ
ਬੁੱਲੇ ਦੀ ਕਾਫੀ
ਤੇ ਵਾਰਸ ਦੀ ਕਹਾਣੀ

ਸ਼ਹੀਦ ਭਗਤ ਸਿੰਘ
ਕਵਿਤਾ ਹੈ

ਇਸ ਮਿੱਠੀ ਕਵਿਤਾ ਨੂੰ
ਜਿੰਨਾਂ ਪੜ੍ਹੋ
ਜਿੰਨੀ ਵਾਰੀ ਵੀ ਪੜ੍ਹੋ
ਹਰ ਵਾਰੀ ਜਾਪਦੀ ਹੈ
ਪਿਆਰੀ ਤੇ ਨਿਆਰੀ
ਡੂੰਘੀ ਤੇ ਮਿਆਰੀ

ਸ਼ਹੀਦ ਭਗਤ ਸਿੰਘ
ਕਵਿਤਾ ਹੈ

ਇਹ ਕਵਿਤਾ
ਕਿਸੇ ਗੁਰੂ ਅੱਗੇ
ਕਿਸੇ ਰੱਬ ਅੱਗੇ
ਮੱਥੇ ਟੇਕਣੇ ਨਹੀਂ ਸਿਖਾਉਂਦੀ
ਇਹ ਫਾਂਸੀ ਗਲ਼ ਪਾ ਕੇ ਦੱਸਦੀ ਹੈ
ਮਾਣਮੱਤਾ ਜੀਵਨ ਕੀ ਹੁੰਦਾ ਹੈ
ਕੁਰਬਾਨੀ ਕੀ ਹੁੰਦੀ ਹੈ
ਪਿਆਰ ਕੀ ਹੁੰਦਾ ਹੈ
ਸਤਿਕਾਰ ਕੀ ਹੁੰਦਾ ਹੈ

ਇਹ ਕਵਿਤਾ
ਮਹਿਜ ਪੜ੍ਹਨ, ਸੁਣਨ ਜਾਂ
ਗਾਉਣ ਲਈ ਨਹੀਂ ਹੈ
ਅੱਖਾਂ ਮੀਟ ਕੇ
ਸਿਰ ਹਿਲਾਉਣ ਲਈ ਨਹੀਂ ਹੈ
ਇਸ ਕਵਿਤਾ ਨੂੰ ਪੜ੍ਹਿਆਂ

ਇਸ ਦਾ ਸੰਗੀਤ ਸੁਣਿਆਂ
ਸਮਝ ਲਗਦੀ ਹੈ
ਸਾਮਰਾਜ ਦੀ ਲੁੱਟ ਨੂੰ ਕਿੰਝ ਪੜ੍ਹੀਦਾ ਹੈ
ਤੇ ਉਸ ਲੁੱਟ ਵਿਰੁੱਧ ਕਿੰਝ ਲੜੀਦਾ ਹੈ
ਇਹ ਕਵਿਤਾ ਦੱਸਦੀ ਹੈ
ਭੁੱਖ ਹੜਤਾਲ ਕੀ ਹੁੰਦੀ ਹੈ
ਮੰਜਲ ਦੀ ਭਾਲ ਕੀ ਹੁੰਦੀ ਹੈ

ਇਸ ਕਵਿਤਾ ਵਲੋਂ
ਇਨਕਲਾਬ, ਸਮਾਜਵਾਦ
ਤਰਕ ਤੇ ਨਾਸਤਿਕਤਾ
ਜਿਹੇ ਸ਼ਬਦਾਂ ਵਿਚ ਭਰੇ ਅਰਥ
ਸੁਹਿਰਦ ਮਨਾਂ 'ਚ ਲਹਿ ਜਾਂਦੇ ਨੇ
ਸਦਾ ਸਦਾ ਲਈ ਡੂੰਘੇ ਬਹਿ ਜਾਂਦੇ ਨੇ

ਸ਼ਹੀਦ ਭਗਤ ਸਿੰਘ
ਕਵਿਤਾ ਹੈ

ਇਸ ਕਵਿਤਾ ਦੇ ਜਲੌਅ ਨੂੰ
ਪੱਗ, ਦਾਹੜੀ ਜਾਂ ਭਗਵੇਂ ਰੰਗ ਥੱਲੇ
ਕਦੇ ਢਕਿਆ ਨਹੀਂ ਜਾ ਸਕੇਗਾ
ਇਹ ਚੇਅ ਗੁਵੇਰਾ
ਨਾਂਅ ਦੀ ਕਵਿਤਾ ਵਾਂਗ
ਦੁਨੀਆਂ ਭਰ ਵਿਚ
ਰਲ਼ ਕੇ ਪੜ੍ਹੀ ਜਾਏਗੀ
ਇਹ ਹਰ ਥਾਂ ਅਤੇ ਹਰ ਜੁੱਗ ਦੇ ਲੁਟੇਰਿਆਂ ਨੂੰ
ਸਦੀਵੀ ਕੰਬਣੀ ਲਾਏਗੀ
ਉਨ੍ਹਾਂ ਨੂੰ ਸੁਪਨਿਆਂ ਵਿਚ ਵੀ ਤੜਫਾਏਗੀ

ਇਸ ਕਵਿਤਾ ਨੂੰ ਪੜ੍ਹਨ ਬਾਅਦ
ਕੋਈ ਮੰਦਰਾਂ ਜਾਂ ਚਰਚਾਂ 'ਚ
ਸਮਾਂ ਨਸ਼ਟ ਨਹੀਂ ਕਰੇਗਾ
ਉਹ ਮਨੁੱਖਤਾ 'ਚ ਵਿਸ਼ਵਾਸ ਕਰੇਗਾ
ਮਨੁੱਖਤਾ ਨੂੰ ਪਿਆਰ ਕਰੇਗਾ

ਸ਼ਹੀਦ ਭਗਤ ਸਿੰਘ
ਕਵਿਤਾ ਹੈ।

# ਤਿੰਨ ਕਵਿਤਾਵਾਂ

**ਚਰਨਜੀਤ ਸਿੰਘ ਪੰਨੂ**

## ਖ਼ਤਰਾ

ਬੰਬ ਵਰ੍ਹਾ ਕੇ,

ਤੋਪ ਚਲਾ ਕੇ,

ਦਹਿਸ਼ਤ ਫੈਲਾ ਕੇ,

ਰਾਤ ਬਰਾਤੇ ਕੰਧ ਪਾੜ ਕੇ,

ਧਾੜਵੀ ਆਏ ਸੰਨ੍ਹ ਲਗਾ ਕੇ,

ਤਲਵਾਰ ਦਿਖਾ ਕੇ,

ਮੂੰਹ 'ਚ ਬੁੱਜਾ ਦੇ ਕੇ,

ਕਹਿਣ ਲੱਗੇ,

ਮਕਾਨ ਖਾਲੀ ਕਰ ਦਿਓ,

ਭੁਚਾਲ ਆਉਣ ਵਾਲਾ ਹੈ.

ਕੰਨ ਤੇ ਪਸਤੌਲ ਸੇਧ ਕੇ,

ਹਮਦਰਦੀ ਜਿਤਾਉਂਦੇ ਸਲਾਹ ਦਿੰਦੇ,

ਅਮਨ ਕਨੂਨ ਖਤਰੇ 'ਚ ਹੈ,

ਖੀਸੇ ਖਾਲੀ ਕਰ ਦਿਓ,

ਤਜੌਰੀਆਂ ਦੀਆ ਚਾਬੀਆਂ ਦੇ ਦਿਓ,

ਸਭ ਕੁੱਝ ਸਾਡੇ ਹਵਾਲੇ ਕਰ ਦਿਓ,

ਮਹਿਫੂਜ਼ ਰਹੇਗਾ ਸਾਡੇ ਕੋਲ।

ਅਸੀਂ ਤੁਹਾਡੇ ਰਾਖੇ ਹਾਂ।

ਬਾਹਰ ਖਤਰਾ ਹੈ।

ਬਾਹਰ ਖਤਰਾ ਹੈ।

## ਤੇਰੀ ਮਰਜ਼ੀ

ਮੇਰੇ ਬੱਚੇ !

ਖੋਲ੍ਹ ਅੱਖਾਂ, ਰੋ ਨਾ,

ਵੇਖ ! ਅਮਰੀਕਾ

ਦੀ ਹੁਸੀਨ ਜ਼ਿੰਦਗੀ

ਉਡੀਕ ਰਹੀ ਤੈਨੂੰ ਬਾਹਾਂ ਅੱਡ ਕੇ.

ਅੱਖਾਂ ਝਪਕਦੇ ਹੀ ਬਣ ਜਾਏਂਗਾ ਤੂੰ,

ਪੱਕਾ ਜਾਇਜ਼ ਅਮਰੀਕੀ ਨਾਗਰਿਕ,

ਮਿਲ ਜਾਣਗੇ ਤੈਨੂੰ ਹੱਕ ਹਕੂਕ,

ਸਾਰੇ ਕਾਗਜ਼ ! ਤੇ ਅਮਰੀਕੀ ਪਾਸਪੋਰਟ,

ਜੋ ਦਸ ਸਾਲ ਲੁਕ ਛਿਪ ਕੇ,

ਬੇਰ ਤੋੜਦੇ, ਹੱਡ ਰਗੜਦੇ,

ਮੁਸ਼ੱਕਤ ਕਰਦੇ, ਕੇਸ ਲੜਦੇ,

ਵਕੀਲਾਂ ਦੀਆਂ ਜੇਬਾਂ ਭਰਦੇ,

ਕਮਾਨ ਬਣ ਗਈ ਕਮਰ ਮੇਰੀ,

ਮੇਰੇ ਨਸੀਬ ਨਹੀਂ ਹੋਏ.

ਅਦਾਲਤ ਦਾ ਡੀਪੋਰਟੇਸ਼ਨ ਹੁਕਮ,
ਤੇ ਤੇਰੀ ਖਬਰ, ਇਕੱਠੇ ਮਿਲੇ ਨੇ.
ਸ਼ੁਕਰ ਹੈ, ਤੂੰ ਚਾਹੇਂ ਤਾਂ,
ਪੇਟੀਸ਼ਨ ਕਰ ਕੇ,
ਬੁਲਾ ਲਵੇਂਗਾ ਆਪਣੇ,
ਦੇਸ਼ੋਂ ਕੱਢੇ ਬਾਪ ਨੂੰ,
ਧੋ ਦਏਂਗਾ ਮੱਥੇ ਉੱਕਰੇ,
'ਗੈਰ ਕਨੂਨੀਂ ਆਵਾਸੀ',
ਦੇਸ਼ ਨਿਕਾਲੇ ਦੇ ਸੰਤਾਪ ਨੂੰ.
ਬਾਕੀ ਤੇਰੀ ਮਰਜੀ.
ਅੱਗੇ ਤੇਰੀ ਮਰਜੀ.

# ਤੇਰੇ-ਮੇਰੇ

ਇਹ ਨਰਕ, ਬਖੇੜੇ,
ਦਗ਼ੇ, ਨਫ਼ਰਤਾਂ, ਘਿਰਣਾ,
ਲੜਾਈਆਂ, ਤਲਖੀਆਂ,
ਕਠੋਰਤਾ, ਝਗੜੇ ਝੇੜੇ,
ਰੋਂਣੇ-ਧੋਣੇ, ਸੁੰਨੇ ਵਿਹੜੇ,
ਵਿਤਕਰਾ, ਸਾੜਾ, ਦੁਗੈਜ਼
ਤੇਰੇ ਅੰਦਰ, ਤੇਰੇ ਲਈ,
ਤੇਰੇ ਨੇ ਸਭ ਤੇਰੇ ਨੇ.

ਬਾਗ ਬਹਾਰਾਂ, ਹੁਸਨ ਜਵਾਨੀ,
ਚੰਚਲਤਾ, ਨਖਰੇਲੀਆਂ, ਅਠਖੇਲੀਆਂ,
ਕੋਮਲਤਾ, ਨਰਮਾਈ, ਮਸਤੀਆਂ,
ਮੇਰੇ ਅੰਦਰ, ਮੇਰੇ ਲਈ,
ਮੇਰੇ ਨੇ ਸਭ ਮੇਰੇ ਨੇ.

ਦਲਿੱਦਰ, ਬੇਖ਼ੁਦੀ, ਬੇਵਫ਼ਾਈ,
ਖ਼ੁਦਕੁਸ਼ੀ, ਕਰੋਪੀ, ਵੀਰਾਨਗੀ,
ਉਜਾੜ, ਪਤਝੜ, ਤੁਫਾਨ, ਝੱਖੜ,
ਤੇਰੇ ਅੰਦਰ ਤੇਰੇ ਲਈ,
ਤੇਰੇ ਨੇ ਸਭ ਤੇਰੇ ਨੇ.

ਇਹ ਧਰਤੀ, ਅਸਮਾਨ,
ਬਰਫਾਂ ਲੱਦੇ ਪਹਾੜ,
ਨਦੀਆਂ, ਦਰਿਆ, ਸਮੁੰਦਰ, ਚਸ਼ਮੇ,
ਨਿਰੰਤਰ ਵਗਦੇ ਮੇਰੇ ਅੰਦਰ ,
ਮੇਰੇ ਲਈ ਮੇਰੇ ਨੇ,
ਸਭ ਮੇਰੇ ਨੇ.

ਬੇਗਾਨਗੀ, ਲਾਚਾਰਗੀ, ਵਿਚਾਰਗੀ,
ਗੁਮਰਾਹ, ਮਜਬੂਰੀ, ਅਵਾਰਗੀ,
ਚੁਗਲੀ, ਨਿੰਦਿਆ, ਝੂਠ, ਪਾਪ,
ਅੰਧੇਰਾ, ਬੁਜ਼ਦਿਲੀ, ਕਾਇਰਤਾ
ਤੇਰੇ ਅੰਦਰ ਤੇਰੇ ਲਈ,
ਤੇਰੇ ਨੇ ਸਭ ਤੇਰੇ ਨੇ.

ਦ੍ਰਿੜ੍ਹਤਾ, ਆਤਮ-ਵਿਸ਼ਵਾਸ, ਸਵੈਮਾਨ,

ਭਰੋਸਾ, ਚੜ੍ਹਦੀ ਕਲਾ, ਰੌਸ਼ਨੀ,

ਉਜਾਲਾ, ਮਰਦਾਨਗੀ, ਦੀਵਾਨਗੀ

ਮੇਰੇ ਅੰਦਰ ਮੇਰੇ ਲਈ,

ਮੇਰੇ ਨੇ ਸਭ ਮੇਰੇ ਨੇ.

# ਭਾਰਤ ਦੇਸ਼

## ਸਾਥੀ ਲੁਧਿਆਣਵੀ-ਲੰਡਨ

ਭਾਰਤ ਸਾਡਾ ਦੇਸ਼ ਮਹਾਨ।
ਇਸ ਦੀ ਜੱਗ ਵਿਚ ਵੱਖ਼ਰੀ ਸ਼ਾਨ।

ਇਥੇ ਯੋਧੇ ਪੈਦਾ ਹੋਏ।
ਦੇਸ਼ ਲਈ ਹੱਸ ਹੱਸਕੇ ਮੋਏ।
ਆਜ਼ਾਦੀ ਲਈ ਦੱਬ ਕੇ ਜੂਝੇ,
ਹੋ ਗਏ ਦੇਸ਼ ਲਈ ਕੁਰਬਾਨ।
ਭਾਰਤ ਸਾਡਾ ਦੇਸ਼ ਮਹਾਨ।

ਇਥੇ ਰਾਮ ਤੇ ਨਾਨਕ ਆਏ।
ਰੱਬੀ ਸ਼ਕਤੀ ਨਾਲ਼ ਲਿਆਏ।
ਧਰਮ ਸਥਾਨਾਂ ਦੇ ਵਿਚ ਬਹਿ ਕੇ,
ਪੜ੍ਹੀਏ ਵੇਦ, ਗ੍ਰੰਥ, ਕੁਰਾਨ।
ਭਾਰਤ ਸਾਡਾ ਦੇਸ਼ ਮਹਾਨ।

ਭਾਰਤ ਨਿਸ ਦਿਨ ਮੱਲਾਂ ਮਾਰੇ।
ਅਸਮਾਨਾਂ ਤੋਂ ਤੋੜੇ ਤਾਰੇ।
ਵੱਡੀਆਂ ਮਿੱਲਾਂ, ਵਧੀਆ ਦਫ਼ਤਰ,
ਸ਼ੌਪਾਂ ਵਿਚ ਵਧੀਆ ਸਾਮਾਨ।
ਭਾਰਤ ਸਾਡਾ ਦੇਸ਼ ਮਹਾਨ।

ਜਦ ਤੋਂ ਇਹ ਹੋਇਆ ਸਵਤੰਤਰ।
ਜਦ ਤੋਂ ਇਹ ਬਣਿਆਂ ਗਣਤੰਤਰ।
ਇਸ ਵਿਚ ਰਹਿੰਦੇ ਨੇ ਈਸਾਈ,
ਹਿੰਦੂ,ਸਿੱਖ ਤੇ ਮੁਸਲਮਾਨ।
ਭਾਰਤ ਸਾਡਾ ਦੇਸ਼ ਮਹਾਨ।

ਭਾਰਤ ਕੋਲ਼ ਕਰੋੜਾਂ ਬੰਦੇ।
ਕੁਝ ਇਕ ਚੰਗੇ, ਕੁਝ ਇਕ ਮੰਦੇ।
ਕੁਝ ਤਾਂ ਖ਼ਾਂਦੇ ਦੁੱਧ ਮਲ਼ਾਈਆਂ,
ਬਾਕੀ ਦੇ ਭੁਖ਼ੇ ਸੌਂ ਜਾਣ।
ਭਾਰਤ ਸਾਡਾ ਦੇਸ਼ ਮਹਾਨ।

ਸਾਡੇ ਕੋਲ਼ ਹਿਮਾਲਾ ਪਰਬਤ।
ਦੇਸ਼ ਦਾ ਪਾਣੀ ਵਾਂਗਰ ਸ਼ਰਬਤ।
ਫ਼ਿਰ ਵੀ ਪਾਣੀ ਦੀ ਥੁੜ ਬਾਝੋਂ,
ਲੋਕ ਤਿਆਗਣ ਆਪਣੀ ਜਾਨ।
ਭਾਰਤ ਸਾਡਾ ਦੇਸ਼ ਮਹਾਨ।

ਧਰਤੀ ਇਸ ਦੀ ਉੱਗਲ਼ੇ ਸੋਨਾ।
ਕਣਕ, ਜਵਾਰ, ਸਰ੍ਹੋਂ ਤੇ ਝੋਨਾ।
ਪਰ ਭੁੱਖ਼ਾ ਧਰਤੀ ਦਾ ਜਾਇਆ,
ਉਸ ਦਾ ਜੀਵਨ ਹੈ ਵੀਰਾਨ।

ਭਾਰਤ ਸਾਡਾ ਦੇਸ਼ ਮਹਾਨ।

ਭਾਰਤ ਸ਼ਕਤੀਵਾਨ ਹੋ ਗਿਆ।
ਵਾਹਵਾ ਇਹ ਧੰਨਵਾਨ ਹੋ ਗਿਆ।
ਚੀਨ ਅਤੇ ਅਮਰੀਕਾ ਵਾਂਗੂੰ,
ਵਧਦੀ ਜਾਣੀ ਇਸ ਦੀ ਸ਼ਾਨ।
ਭਾਰਤ ਸਾਡਾ ਦੇਸ਼ ਮਹਾਨ।

ਇਥੇ ਬੰਦੇ ਧਰਮੀ ਰਹਿੰਦੇ।
ਗੱਲ ਗੱਲ ਤੇ ਨਾਂ ਰੱਬ ਦਾ ਲੈਂਦੇ।
ਦਿਲ ਵਿਚ ਖ਼ੌਫ਼ ਨਹੀਂ ਪਰ ਰੱਬ ਦਾ,
ਅਦਰੋਂ ਬਾਹਰੋਂ ਬੇਈਮਾਨ।
ਭਾਰਤ ਸਾਡਾ ਦੇਸ਼ ਮਹਾਨ।

ਔਰਤ, ਮਾਂ, ਭੈਣ, ਮਹਿਬੂਬਾ।
ਕਹੀਏ ਏਸ ਜਿਹਾ ਨਹੀਂ ਦੂਜਾ।
ਰੱਬ ਤੋਂ ਲੇਕਿਨ ਪੁੱਤਰ ਮੰਗੀਏ,
ਧੀ ਨਾ ਦੇਵੀਂ ਹੇ ਭਗ਼ਵਾਨ।
ਭਾਰਤ ਸਾਡਾ ਦੇਸ਼ ਮਹਾਨ।

ਗੰਗਾ ਮਈਆ ਮੈਲ਼ੀ ਹੋ ਗਈ।
ਦੇਸ ਦੀ ਹਵਾ ਕੁਸੈਲ਼ੀ ਹੋ ਗਈ।
ਭਾਰਤੀਆਂ ਨੇ ਭੱਠੀਏਂ ਤਾਏ,
ਜੰਗਲ਼, ਬੇਲੇ,ਬਿਆਬਾਨ।
ਭਾਰਤ ਸਾਡਾ ਦੇਸ਼ ਮਹਾਨ।

ਧੰਨ ਵਾਲ਼ੇ ਲਗਦੇ ਨਹੀਂ ਦੇਸੀ।
ਦੇਸ 'ਚ ਉਹ ਲਗਦੇ ਪਰਦੇਸੀ।
ਭੁੱਖੀ ਮਰਦੀ ਖ਼ਲਕਤ ਕੋਲ਼ੋਂ,
ਅੱਖ਼ ਮੀਟ ਕੇ ਲੰਘੀ ਜਾਣ।
ਭਾਰਤ ਸਾਡਾ ਦੇਸ਼ ਮਹਾਨ।

ਨਫ਼ਰਤ ਵਿਚ ਰੱਬ ਦਾ ਘਰ ਢਾਹੁੰਦੇ।
ਟਾਇਰ ਪਾਕੇ ਅੱਗਾਂ ਲਾਉਂਦੇ।
ਅਚਨਚੇਤ ਕਿੰਝ ਬਣਦੇ ਬੰਦੇ,
ਮਾਨਵ ਤੋ ਇਕ ਦਮ ਹੈਵਾਨ।
ਭਾਰਤ ਸਾਡਾ ਦੇਸ਼ ਮਹਾਨ।

ਇਸ ਦੀ ਮਿੱਟੀ ਮਹਿਕਾਂ ਵੰਡੇ।
ਫ਼ੁੱਲਾਂ ਨਾਲ਼ ਹੀ ਹੁੰਦੇ ਕੰਡੇ।
ਸਦਾ ਹੀ ''ਸਾਥੀ'' ਰਹੇ ਸਲਾਮਤ,
ਮੇਰਾ ਪਿਆਰਾ ਹਿੰਦੁਸਤਾਨ।
ਭਾਰਤ ਸਾਡਾ ਦੇਸ ਮਹਾਨ।
ਜੱਗ ਦੀ ਇਸ ਵਿਚ ਵੱਖ਼ਰੀ ਸ਼ਾਨ।

ਹਿੰਦੀ ਨਾਵਲ ਦਾ ਅਨੁਵਾਦ – ਕਿਸ਼ਤ 3

# ਧਰਤੀ ਧਨ ਨਾ ਆਪਣਾ

## ਜਗਦੀਸ਼ ਚੰਦਰ

(ਧਰਤੀ ਧਨ ਨਾ ਆਪਣਾ' ਪੰਜਾਬ ਦੇ ਇਕ ਪਿੰਡ ਬਾਰੇ ਹਿੰਦੀ ਵਿੱਚ ਲਿਖਿਆ ਗਿਆ ਨਾਵਲ ਹੈ। ਇਹ ਨਾਵਲ ਪੰਜਾਬ ਦੇ ਪਿੰਡਾਂ ਬਾਰੇ ਲਿਖੇ ਬਹੁਤੇ ਨਾਵਲਾਂ ਤੋਂ ਇਸ ਲਈ ਵੱਖਰਾ ਹੈ ਕਿ ਇਸ ਵਿੱਚ ਪੰਜਾਬ ਦੇ ਪੇਂਡੂ ਦਲਿਤਾਂ ਦੀ ਜਿਸ ਦਸ਼ਾ ਦਾ ਵਰਣਨ ਹੈ, ਉਹ ਹੁਣ ਤੱਕ ਬਹੁਤ ਘੱਟ ਪੰਜਾਬੀ ਨਾਵਲਾਂ ਵਿੱਚ ਪ੍ਰਗਟ ਹੋਈ ਹੈ। ਬੇਸ਼ੱਕ ਇਹ ਨਾਵਲ 1970ਵਿਆਂ ਵਿੱਚ ਛਪਿਆ ਸੀ, ਪਰ ਪੰਜਾਬ ਦੇ ਸਾਹਿਤਕ ਜਗਤ ਵਿੱਚ ਇਸ ਦੀ ਕੋਈ ਬਹੁਤੀ ਚਰਚਾ ਨਹੀਂ ਹੋਈ। ਅਸੀਂ ਇਸ ਨਾਵਲ ਨੂੰ ਵਤਨ ਵਿੱਚ ਲੜੀਵਾਰ ਛਾਪਣ ਦਾ ਫੈਸਲਾ ਕੀਤਾ ਹੈ। ਪੇਸ਼ ਹੈ ਇਸ ਦੀ **ਤੀਜੀ ਕਿਸ਼ਤ**। ਪਹਿਲੀ ਅਤੇ ਦੂਜੀ ਕਿਸ਼ਤ ਪੜ੍ਹਨ ਲਈ ਪਿਛਲੇ ਅੰਕ ਦੇਖੋ। ਜੇ ਤੁਹਾਡੇ ਕੋਲ ਪਿਛਲੇ ਅੰਕ ਸਾਂਭੇ ਹੋਏ ਨਹੀਂ ਹਨ ਤਾਂ ਸਾਨੂੰ ਈ-ਮੇਲ ਭੇਜੋ। ਤੁਹਾਨੂੰ ਉਹ ਅੰਕ ਭੇਜ ਕੇ ਸਾਨੂੰ ਖੁਸ਼ੀ ਹੋਵੇਗੀ -ਸੰਪਾਦਕ)

### 7

ਚਮ੍ਹਾਰਲੀ ਦੇ ਬਾਹਰ ਚੋਅ ਤੋਂ ਪਾਰ ਸਾਈਂ ਭੁੱਲੇ ਸ਼ਾਹ ਦਾ ਤਕੀਆ ਸੀ। ਤਕੀਏ ਦੇ ਚਾਰੇ ਪਾਸੀਂ ਟਾਹਲੀ ਦੇ ਦਰੱਖਤ ਅਤੇ ਉੱਚੇ ਸਰਕੰਡਿਆਂ ਦੀ ਸੰਘਣੀ ਵਾੜ ਸੀ। ਇਕ ਪਾਸੇ ਬੋਹੜ ਦੇ ਦੋ ਦਰੱਖਤ ਸਨ ਅਤੇ ਵਿੱਚ ਸ਼ਾਇਦ ਇਸ ਪਿੰਡ ਨਾਲੋਂ ਵੀ ਪੁਰਾਣਾ ਬਹੁਤ ਵੱਡਾ ਪਿੱਪਲ ਸੀ। ਇਸ ਦੀਆਂ ਦਾੜੀਆਂ ਝੁਕ ਕੇ ਜ਼ਮੀਨ 'ਤੇ ਆ ਲੱਗੀਆਂ ਸਨ ਅਤੇ ਉਹਨਾਂ ਵਿੱਚੋਂ ਥੋੜ੍ਹੀਆਂ ਨੇ ਜੜ੍ਹਾਂ ਫੜ ਲਈਆਂ ਸਨ।

ਤਕੀਏ ਵਿੱਚ ਇਕ ਪਾਸੇ ਇਕ ਟੁੱਟੀ ਹੋਈ ਪੁਰਾਣੀ ਕਬਰ ਸੀ ਜਿਸ ਦੇ ਬਾਰੇ ਮਸ਼ਹੂਰ ਸੀ ਕਿ ਉਹ ਪਰਮਾਤਮਾ ਨੂੰ ਪਹੁੰਚੇ ਹੋਏ ਫਕੀਰ ਸਾਈਂ ਭੁੱਲੇ ਸ਼ਾਹ ਦਾ ਮਜਾਰ ਹੈ। ਕਦੇ ਕਦੇ ਕੋਈ ਦੁਖਿਆਰੀ, ਬੀਮਾਰ ਜਾਂ ਗੋਦ ਹਰੀ ਹੋਣ ਦੀ ਕਾਮਨਾ ਪੂਰੀ ਕਰਾਉਣ ਜਾਂ ਦੁਸ਼ਮਣ ਨੂੰ ਮਾਤ ਦੇਣ ਲਈ ਇਸ ਕਬਰ 'ਤੇ ਸ਼ਾਮ ਨੂੰ ਸਰ੍ਹੋਂ ਦੇ ਤੇਲ ਦਾ ਦੀਵਾ ਬਾਲ ਜਾਂਦੀ। ਇਹਦੇ ਚਾਰੇ ਪਾਸੀਂ ਤੇਲ ਚੋਣ ਨਾਲ ਵੱਡੇ ਵੱਡੇ ਕਾਲੇ ਅਤੇ ਚਿਕਨੇ ਧੱਬੇ ਪੈ ਗਏ ਸਨ। ਆਸੇ ਪਾਸੇ ਝਾੜੀਆਂ ਦੀ ਸੰਘਣੀ ਵਾੜ ਸੀ ਅਤੇ ਉਹਦੇ ਵਿੱਚ ਦੀ ਮਜਾਰ ਤੱਕ ਜਾਣ ਲਈ ਇਕ ਛੋਟਾ ਜਿਹਾ ਰਸਤਾ ਸੀ। ਮਜਾਰ ਤੋਂ ਹਟਕੇ ਇਕ ਛੋਟਾ ਜਿਹਾ ਪੱਕਾ ਕਮਰਾ ਸੀ ਜਿਸ ਨੂੰ ਮੁੱਦਤ ਪਹਿਲਾਂ ਕਿਸੇ ਨੇ ਮਨੋਕਾਮਨਾ ਪੂਰੀ ਹੋਣ 'ਤੇ ਬਣਵਾਇਆ ਸੀ। ਕਮਰੇ ਦੀ ਛੱਤ ਡਿੱਗ ਚੁੱਕੀ ਸੀ। ਇਸ ਦੇ ਇਕ ਖੂੰਜੇ ਵਿੱਚ ਛੋਟਾ ਜਿਹਾ ਟੋਆ ਸੀ ਜਿਸ ਵਿੱਚ ਦਿਨ ਭਰ ਪਾਥੀਆਂ ਦੀ ਅੱਗ ਸੁਲਗਦੀ ਰਹਿੰਦੀ ਤਾਂ ਕਿ ਹੁੱਕਾ ਪੀਣ ਵਾਲੇ ਲੋਕ ਆਪਣੀਆਂ ਚਿਲਮਾਂ ਭਰ ਸਕਣ। ਕਮਰੇ ਦੇ ਬਾਹਰ ਇਕ ਘੜਾ ਪਿਆ ਸੀ। ਚਮ੍ਹਾਰਲੀ ਦੀਆਂ ਔਰਤਾਂ ਆਉਂਦੀਆਂ-ਜਾਂਦੀਆਂ ਕੁਝ ਪਾਥੀਆਂ ਸੁੱਟ ਜਾਂਦੀਆਂ ਸਨ ਅਤੇ ਘੜੇ ਵਿੱਚ ਪਾਣੀ ਭਰ ਜਾਂਦੀਆਂ ਸਨ। ਚਮ੍ਹਾਰਲੀ ਦੇ ਮਰਦ ਟਾਹਲੀਆਂ ਦੇ ਦਰੱਖਤਾਂ ਹੇਠ ਆਪਣੇ ਪਸ਼ੂ-ਡੰਗਰ ਬੰਨਦੇ ਸਨ ਅਤੇ ਆਪ ਪਿੱਪਲ ਦੀ ਸੰਘਣੀ ਛਾਂ ਦੇ ਹੇਠ ਮੰਜਾ ਜਾਂ ਕੱਪੜਾ ਵਿਛਾ ਕੇ ਆਰਾਮ ਕਰਦੇ ਸਨ, ਗੱਪਾਂ-ਸ਼ੱਪਾਂ ਮਾਰਦੇ ਸਨ ਅਤੇ ਤਾਸ਼ ਅਤੇ ਬਾਰਾਂ-ਟਾਹਣੀ ਖੇਡਦੇ ਸਨ।

ਕਾਲੀ ਜਦੋਂ ਆਪਣੀ ਮੰਜੀ ਲੈ ਕੇ ਪਹੁੰਚਿਆ ਤਾਂ ਕਾਫੀ ਰੌਣਕ ਹੋ ਚੁੱਕੀ ਸੀ। ਧੁੱਪ ਦੇ ਸਤਾਏ ਅਤੇ ਥਕਾਵਟ ਨਾਲ ਚੂਰ ਲੋਕ ਸੌਂ ਰਹੇ ਸਨ, ਕੁਛ ਊਂਘ ਰਹੇ ਸਨ।

ਜੀਤੂ, ਬੰਤੂ, ਸੰਤੂ ਅਤੇ ਬੱਗਾ ਤਾਸ਼ ਖੇਡ ਰਹੇ ਸਨ। ਕਾਲੀ ਨੂੰ ਦੇਖਦਿਆਂ ਹੀ ਜੀਤੂ ਨੇ ਅਵਾਜ਼ ਦਿੱਤੀ:

"ਬਾਬੂ ਜੀ, ਏਧਰ ਆ ਜਾਉ।"

ਜੀਤੂ ਕਾਲੀ ਨੂੰ ਉਸ ਦੀ ਚਾਰ ਜਮਾਤਾਂ ਦੀ ਪੜ੍ਹਾਈ ਅਤੇ ਸ਼ਹਿਰ ਵਿੱਚ ਛੇ ਸਾਲ ਗੁਜਾਰਨ ਕਾਰਨ ਬਾਬੂ ਜੀ ਕਹਿੰਦਾ ਸੀ। ਉਹ ਉਹਨਾਂ ਦੇ ਕੋਲ ਪਹੁੰਚਿਆ ਤਾਂ ਚਾਰਾਂ ਨੇ ਉਹਨੂੰ ਹੱਥੋ-ਹੱਥ ਬੋਚ ਲਿਆ। ਜੀਤੂ ਤਾਸ਼ ਦੀ ਗੱਡੀ ਦੋਨੋਂ ਹੱਥਾਂ ਵਿੱਚ ਫੜ ਕੇ ਬੋਲਿਆ:

"ਬੰਤਿਆ, ਬਾਬੂ ਜੀ ਪੱਕਾ ਮਕਾਨ ਪਾਉਣ ਲੱਗਾ ਹੈ। ਉੱਪਰ ਚੁਬਾਰਾ ਵੀ ਪਾਊਗਾ। ਹੁਣ ਬਾਜ਼ੀ ਬਾਬੂ ਜੀ ਦੇ ਚੁਬਾਰੇ ਵਿੱਚ ਹੀ ਲੱਗਿਆ ਕਰੂਗੀ।"

ਜੀਤੂ ਦੀ ਗੱਲ ਸੁਣ ਕੇ ਅਤੇ ਕਾਲੀ ਨੂੰ ਉੱਥੇ ਦੇਖ ਕੇ ਬਹੁਤ ਸਾਰੇ ਲੋਕ ਉੱਠ ਕੇ ਉਹਨਾਂ ਦੇ ਕੋਲ ਆ ਗਏ। ਹਰ ਆਦਮੀ ਇੱਟਾਂ, ਗਾਰੇ, ਚੂਨੇ, ਲੱਕੜੀ ਆਦਿ ਬਾਰੇ ਸਲਾਹ ਦੇ ਰਿਹਾ ਸੀ। ਕਾਲੀ ਖੁਸ਼ੀ ਨਾਲ ਫੁੱਲਿਆ ਨਹੀਂ ਸੀ ਸਮਾ ਰਿਹਾ। ਜੀਤੂ ਨੇ ਤਾਸ਼ ਦੀ ਗੱਡੀ ਨੂੰ ਕੱਪੜੇ ਵਿੱਚ ਬੰਨ ਦਿੱਤਾ ਅਤੇ ਆਪਣੀ ਛਾਤੀ 'ਤੇ ਹੱਥ ਰੱਖਦਾ ਹੋਇਆ ਬੋਲਿਆ:

"ਬਾਬੂ ਜੀ, ਮੇਰੀ ਮਦਦ ਦੀ ਜ਼ਰੂਰਤ ਹੋਵੇ ਤਾਂ ਦੱਸ ਦੇਈਂ। ਇਕ ਬਾਰ ਮਕਾਨ ਨੂੰ ਅਸਮਾਨ ਤੱਕ ਚੱਕ ਦਿਆਂਗੇ।"

ਬਾਬਾ ਫੱਤੂ ਵੀ ਆਪਣੀ ਛੋਟੀ ਜਿਹੀ ਚਿਰਮਰਾਉਂਦੀ ਹੋਈ ਮੰਜੀ ਚੁੱਕ ਕੇ ਉਹਨਾਂ ਦੇ ਨੇੜੇ ਆ ਗਿਆ। ਪਿੰਡ ਵਿੱਚ ਉਸ ਦੀ ਉਮਰ ਦੇ ਬਹੁਤ ਘੱਟ ਲੋਕ ਸਨ। ਕਾਲੀ ਬਾਬੇ ਨੂੰ ਦੇਖ ਕੇ ਉੱਠ ਖੜਾ ਹੋਇਆ ਅਤੇ ਉਸ ਦੀ ਮੰਜੀ ਫੜ ਕੇ ਉਸ ਥਾਂ ਰੱਖ ਦਿੱਤੀ ਜਿੱਥੇ ਬਹੁਤ ਜ਼ਿਆਦਾ ਸੰਘਣੀ ਛਾਂ ਸੀ। ਬਾਬਾ ਫੱਤੂ ਮੰਜੀ 'ਤੇ ਬੈਠ ਕੇ ਬੋਲਿਆ:

"ਕਿਹਦੇ ਮਕਾਨ ਦੀ ਗੱਲ ਕਰ ਰਹੇ ਹੋ?"

"ਬਾਬਾ, ਕਾਲੀ ਨੇ ਮਕਾਨ ਸ਼ੁਰੂ ਕੀਤਾ।" ਜੀਤੂ ਨੇ ਉੱਚੀ ਅਵਾਜ਼ ਵਿੱਚ ਕਿਹਾ। ਜਦੋਂ ਬਾਬੇ ਫੱਤੂ ਨੇ ਕੰਨ ਨੂੰ ਛੋਂਹਦੇ ਹੋਏ ਹੱਥ ਹਿਲਾਇਆ ਤਾਂ ਉਸ ਨੇ ਹੋਰ ਵੀ ਉੱਚੀ ਅਵਾਜ਼ ਵਿੱਚ ਆਪਣੀ ਗੱਲ ਦੁਹਰਾਈ।

"ਅੱਛਾ, ਅੱਛਾ।" ਬਾਬੇ ਫੱਤੂ ਨੇ ਕਾਲੀ ਵੱਲ ਹੱਥ ਵਧਾਉਂਦਿਆਂ ਕਿਹਾ। ਉਹ ਉਸ ਦੀ ਵੱਲ ਝੁੱਕ ਗਿਆ ਅਤੇ ਬਾਬਾ ਫੱਤੂ ਉਹਦੀ ਪਿੱਠ ਥਾਪੜਦਾ ਬੋਲਿਆ:

" ਇਹ ਤਾਂ ਬਹੁਤ ਹੀ ਚੰਗੀ ਗੱਲ ਆ। ਸਾਰੇ ਮੁਹੱਲੇ ਵਿੱਚ ਇਕ ਵੀ ਪੱਕਾ ਮਕਾਨ ਨਹੀਂ। ਤੇਰਾ ਪੱਕਾ ਮਕਾਨ ਬਣਨ ਨਾਲ ਮੁਹੱਲੇ ਦਾ ਸਿਰ ਉੱਚਾ ਹੋ ਜਾਊ।"

"ਇਹ ਸਭ ਤੁਹਾਡੇ ਵਰਗੇ ਬਜ਼ੁਰਗਾਂ ਦੇ ਪੈਰਾਂ ਦਾ ਪ੍ਰਤਾਪ ਹੈ।"

ਕਾਲੀ ਦੀ ਗੱਲ ਸੁਣਾਈ ਨਾ ਦਿੱਤੀ ਤਾਂ ਉਹ ਆਪਣਾ ਕੰਨ ਉਹਦੀ ਵਲ ਕਰਦਾ ਹੋਇਆ ਬੋਲਿਆ:

"ਮੇਰੇ ਕੰਨਾਂ ਦੇ ਪਰਦੇ ਹਦਵਾਣੇ ਦੇ ਖੱਪਰਾਂ ਵਾਂਗ ਮੋਟੇ ਹੋ ਗਏ ਆ। ਹੁਣ ਬਹੁਤ ਉੱਚਾ ਸੁਣਾਈ ਦੇਣ ਲੱਗ ਪਿਆ।"

ਕਾਲੀ ਨੇ ਆਪਣੀ ਗੱਲ ਦੁਹਰਾਈ ਤਾਂ ਬਾਬੇ ਫੱਤੂ ਦਾ ਪੋਪਲਾ ਮੂੰਹ ਖੁਲ੍ਹ ਗਿਆ ਅਤੇ ਉਹਨੇ ਕਾਲੀ ਦੇ ਸਿਰ 'ਤੇ ਹੱਥ ਫੇਰਦਿਆਂ ਕਿਹਾ:

"ਜੀਂਦਾ ਰਹਿ ਕਾਕਾ, ਤੇਰਾ ਬਾਪ ਤਾਂ ਸਾਰੇ ਅਰਮਾਨ  ਦਿਲ ਵਿੱਚ ਹੀ ਲੈ ਕੇ ਮਰ ਗਿਆ ਸੀ। ਜੇ ਪੱਲੇ ਦੇ ਚਾਰ ਪੈਸੇ ਟਿਕਾਣੇ ਸਿਰ ਖਰਚ ਹੋ ਜਾਣ ਤਾਂ ਸਮਝੋ ਅਰਥ ਆ ਗਏ ਵਰਨਾ ਇਸ ਢਿੱਡ ਦੇ ਦੋਜਖ ਵਿੱਚ ਤਾਂ ਹਰ ਚੀਜ਼ ਜਲ ਕੇ ਭਸਮ ਹੋ ਜਾਂਦੀ ਆ।" ਬਾਬਾ ਫੱਤੂ ਕੁਝ ਦੇਰ ਚੁੱਪ ਰਹਿ ਕੇ ਫੇਰ ਬੋਲਿਆ:

"ਮੈਂ ਵੀ ਜ਼ਿੰਦਗੀ ਵਿੱਚ ਕੋਸ਼ਿਸ਼ ਤਾਂ ਬਹੁਤ ਕੀਤੀ। ਦਿਨ ਰਾਤ ਮਿਹਨਤ ਕੀਤੀ। ਤੜਕੇ ਖੇਤਾਂ ਵਿੱਚ ਕੰਮ ਕੀਤਾ। ਦਿਨ ਵਿੱਚ ਰੱਸੀਆਂ ਵੱਟੀਆਂ, ਤਕਾਲਾਂ ਨੂੰ ਘਾਹ ਖੋਤ ਕੇ ਵੇਚਿਆ। ਰਾਤ ਨੂੰ ਵੀ ਕਿਤੇ ਮਜ਼ਦੂਰੀ ਦਾ ਕੰਮ ਮਿਲ ਗਿਆ ਤਾਂ ਨੀਂਦ ਖਰਾਬ ਕਰਕੇ ਕਰ ਲਿਆ, ਪਰ ਪੱਕਾ ਮਕਾਨ ਬਣਾਉਣ ਦਾ ਅਰਮਾਨ ਪੂਰਾ ਨਾ ਹੋ ਸਕਿਆ... ਪਿੰਡ ਵਿੱਚ ਮਿਹਨਤ ਤਾਂ ਹੈ, ਕਮਾਈ ਨਹੀਂ।"

ਅਤੀਤ ਦੀ ਇਕ ਖਾਹਿਸ਼ ਨੂੰ ਯਾਦ ਕਰਕੇ ਬਾਬੇ ਫੱਤੂ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਆਲੇ ਦੁਆਲੇ ਬੈਠੇ ਲੋਕ ਸੋਚ ਵਿੱਚ ਪੈ ਗਏ ਅਤੇ ਕਾਲੀ ਦਾ ਦਿਲ ਵੀ ਭਰ ਆਇਆ।"

"ਮਕਾਨ ਬਣ ਜਾਏ ਤਾਂ ਮੈਨੂੰ ਜ਼ਰੂਰ ਦਿਖਾਉਣਾ।" ਬਾਬੇ ਫੱਤੂ ਨੇ ਆਪਣੇ ਜਜ਼ਬਾਤਾਂ 'ਤੇ ਕਾਬੂ ਪਾਉਂਦੇ ਹੋਏ ਕਿਹਾ।

"ਮਕਾਨ ਹੀ ਤੁਹਾਡਾ ਹੋਊਗਾ, ਬਾਬਾ ਜੀ।"

ਕਾਲੀ ਨੇ ਨਿਮਰਤਾ ਨਾਲ ਕਿਹਾ ਅਤੇ ਬਾਬੇ ਵਲ ਝੁਕਦਾ ਹੋਇਆ ਬੋਲਿਆ:

"ਹਾਲੇ ਤਾਂ ਅਗਲੀ ਕੰਧ ਬਣਾਉਣ ਦਾ ਇਰਾਦਾ। ਬਾਕੀ ਕੰਧਾਂ ਪੱਕੇ ਥੰਮ ਬਣਾ ਕੇ ਕੱਚੀਆਂ ਹੀ ਬਣਾ ਦਊਂਗਾ। ਬਾਅਦ ਵਿੱਚ ਜਦੋਂ ਪੈਸੇ ਹੱਥ ਆ ਜਾਣਗੇ ਤਾਂ ਉਹ ਕੰਧਾਂ ਵੀ ਪੱਕੀਆਂ ਕਰ ਦਊਂ।"

ਕਾਲੀ ਬਾਬੇ ਫੱਤੂ ਨਾਲ ਗੱਲੀਂ ਲੱਗਾ ਹੋਇਆ ਸੀ ਕਿ ਤਕੀਏ ਵਿੱਚ ਇਕ ਪਾਸਿਓਂ ਗਾਲ੍ਹਾਂ ਦੀਆਂ ਅਵਾਜ਼ਾਂ ਆਉਣ ਲੱਗੀਆਂ। ਸਾਰੇ ਲੋਕਾਂ ਦਾ ਧਿਆਨ ਉਸ ਪਾਸੇ ਚਲਾ ਗਿਆ। ਸਾਰੇ ਉਸ ਅਵਾਜ਼ ਨੂੰ ਪਹਿਚਾਣਦੇ ਸਨ; ਉਸ ਅਵਾਜ਼ ਦੇ  ਮਾਲਕ ਨੂੰ ਜਾਣਦੇ ਸਨ। ਮੰਗੂ, ਨਿੱਕੂ ਦੇ ਮੁੰਡੇ ਅਮਰੂ ਨੂੰ ਗਾਲ੍ਹਾਂ ਕੱਢ ਰਿਹਾ ਸੀ ਕਿਉਂਕਿ ਉਹਦੀ ਮੱਝ ਦੀ ਪਿੱਠ 'ਤੇ ਧੁੱਪ ਪੈ ਰਹੀ ਸੀ। ਮੰਗੂ ਉੱਚੀ ਉੱਚੀ ਬੋਲਦਾ ਮੱਝ ਨੂੰ ਛਾਂ ਵਿੱਚ ਬੰਨ ਕੇ ਉੱਥੇ ਆ ਗਿਆ ਜਿੱਥੇ ਸਾਰੇ ਲੋਕ ਬੈਠੇ ਸੀ। ਅਮਰੂ ਉਹਦੇ ਪਿੱਛੇ ਪਿੱਛੇ ਮੰਜੀ ਚੁੱਕੀ ਆ ਰਿਹਾ ਸੀ। ਮੰਗੂ ਕਾਲੀ ਦੇ ਕੋਲ ਆ ਕੇ ਬੋਲਿਆ:

"ਅੱਜ ਛੱਤ 'ਤੇ ਕੀ ਸੰਢੇ ਨੱਚੇ ਸੀ ਜਿਹੜਾ ਉਸ ਦਾ ਇਕ ਹਿੱਸਾ ਡਿਗ ਪਿਆ।"

"ਨਹੀਂ ਮੈਂ ਆਪ ਢਾਇਆ। ਪੱਕਾ ਮਕਾਨ ਪਾ ਰਿਹਾਂ।" ਕਾਲੀ ਨੇ ਵਿਸ਼ਵਾਸ ਭਰੀ ਅਵਾਜ਼ ਵਿੱਚ ਕਿਹਾ।

"ਕੀ ਕਿਹਾ?" ਮੰਗੂ ਖਿੜਖਿੜਾਕੇ ਹੱਸ ਪਿਆ ਅਤੇ ਇਕ ਪਾਸੇ ਲੰਮੇ ਪਏ ਘੁੰਮਨ ਨੂੰ ਸੰਬੋਧਿਤ ਕਰਦਾ ਹੋਇਆ ਬੋਲਿਆ:

"ਘੁੰਮਨਾ, ਸੁਣਿਆਂ ਤੂੰ? ਕਾਲੀ ਪੱਕਾ ਮਕਾਨ ਪਾ ਰਿਹਾ।"

ਘੁੰਮਨ ਗਰਦਨ ਉੱਪਰ ਚੁੱਕ ਕੇ ਕਮਜ਼ੋਰ ਜਿਹੀ ਅਵਾਜ਼ ਵਿੱਚ ਬੋਲਿਆ:

"ਕੀ ਕਿਹਾ? ਕਾਲੀ ਮਕਾਨ ਪਾ ਰਿਹਾ?"

"ਨਹੀਂ ਹਵੇਲੀ ਬਣਾ ਰਿਹਾ, ਜਿਸ ਵਿੱਚ ਸਾਮੀਆਂ ਅਤੇ ਤੇਰੇ-ਮੇਰੇ ਵਰਗੇ ਕੰਮੀਆਂ ਦੀ ਕਚਹਿਰੀ ਲਾਉਣ ਅਤੇ ਦਾਦ-ਫਰਿਆਦ ਸੁਣਨ ਲਈ ਇਕ ਦੀਵਾਨਖਾਨਾ ਵੀ ਹੋਊਗਾ।" ਮੰਗੂ ਨੇ ਇਹ ਕਹਿ ਕੇ ਕਾਲੀ ਨੂੰ ਕਿਹਾ:

"ਕੀ ਸ਼ਹਿਰ ਵਿੱਚ ਡਾਕੇ ਮਾਰਦਾ ਰਿਹਾਂ ਜੋ ਪਿੰਡ ਆਉਂਦਿਆਂ ਹੀ ਪੱਕਾ ਮਕਾਨ ਪਾਉਣਾ ਸ਼ੁਰੂ ਕਰ ਦਿੱਤਾ? ਦੂਜੇ ਪਿੰਡਾਂ ਤੋਂ ਵੀ ਲੋਕ ਸ਼ਹਿਰ ਰਹਿ ਕੇ ਆਏ ਆ। ਪੱਕਾ ਮਕਾਨ ਤਾਂ ਕੀ, ਕਿਸੇ ਦਾ ਪੱਕਾ ਚੁੱਲ੍ਹਾ ਵੀ ਨਹੀਂ ਬਣਿਆ।"

ਘੁੰਮਨ, ਮੰਗੂ ਦੀ ਹਰ ਗੱਲ ’ਤੇ ਸਿਰ ਹਿਲਾ ਰਿਹਾ ਸੀ। ਮੰਗੂ ਆਪਣੀ ਗੱਲ ਜਾਰੀ ਰੱਖਦਾ ਹੋਇਆ ਬੋਲਿਆ:

“ਮੇਰੇ ਮਾਮੇ ਦਾ ਸਾਲਾ ਫੌਜ ਵਿੱਚ ਨਾਇਕ ਸੀ – ਸਿਪਾਹੀਆਂ ਦੇ ਉੱਤੇ ਅਫਸਰ। ਸਾਰੀ ਉਮਰ ਵੱਡੇ ਵੱਡੇ ਸ਼ਹਿਰਾਂ ਵਿੱਚ ਰਿਹਾ। ਏਨੇ ਵੱਡੇ ਵੱਡੇ ਸ਼ਹਿਰਾਂ ਵਿੱਚ, ਜਿਹਨਾਂ ਵਿੱਚ ਸਾਡੇ ਪਿੰਡ ਵਰਗੇ ਸੈਂਕੜੇ ਪਿੰਡ ਸਮਾ ਜਾਣ। ਦਿੱਲੀ ਦਸੌਰ ਤੱਕ ਉਹ ਘੁੰਮ ਆਇਆ। ਪਰ ਜਦੋਂ ਦਾ ਵਿਚਾਰਾ ਫੌਜ ਵਿੱਚੋਂ ਵਾਪਸ ਆਇਆ, ਰੋਟੀ ਲਈ ਵੀ ਤਰਸ ਰਿਹਾ।”

ਮੰਗੂ ਦੀ ਅਵਾਜ਼ ਸੁਣ ਕੇ ਸੁੱਤੇ ਪਏ ਲੋਕ ਵੀ ਉੱਠ ਪਏ। ਤਾਸ਼ ਅਤੇ ਬਾਰਾਂ-ਟਾਹਣੀ ਦੀਆਂ ਬਾਜ਼ੀਆਂ ਠੱਪ ਹੋ ਗਈਆਂ ਅਤੇ ਸਾਰਿਆਂ ਨੂੰ ਵਿਸ਼ਵਾਸ ਹੋਣ ਲੱਗਾ ਕਿ ਮੰਗੂ ਅਤੇ ਕਾਲੀ ਵਿੱਚ ਝਗੜਾ ਹੋ ਜਾਊਗਾ। ਸਭ ਮਹਿਸੂਸ ਕਰ ਰਹੇ ਸਨ ਕਿ ਮੰਗੂ ਜ਼ਿਆਦਤੀ ਕਰ ਰਿਹਾ ਹੈ ਪਰ ਡਰ ਦੇ ਮਾਰੇ ਚੁੱਪ ਸਨ। ਕਾਲੀ ਕਮਜ਼ੋਰ ਨਹੀਂ ਸੀ; ਉਹਦਾ ਤਕੜਾ ਲੰਮਾ ਸਰੀਰ ਮਕਾਨ ਦੀ ਛੱਤ ਨਾਲ ਲੱਗਦਾ ਸੀ। ਉਹ ਮੰਗੂ ਵਲ ਇਕ ਟਕ ਦੇਖਦਾ ਰਿਹਾ। ਉਹ ਗੱਲ ਟਾਲਣ ਲਈ ਬਾਬੇ ਫੱਤੂ ਨਾਲ ਗੱਲਾਂ ਕਰਨ ਲੱਗਾ। ਪਰ ਮੰਗੂ, ਉਹਦੇ ਮੋਢੇ ਨੂੰ ਝੰਝੋੜਦਾ ਹੋਇਆ ਬੋਲਿਆ:

“ਕਾਲੀ ਪੈਸੇ ਵਾਧੂ ਆ, ਤਾਂ ਕੁਛ ਸਾਨੂੰ ਵੀ ਦੇ ਦੇ।”

“ਕੀ ਉਹਦੀ ਸ਼ਰਾਬ ਪੀਊਂਗਾ?” ਕਾਲੀ ਨੇ ਗੁੱਸੇ ਵਿੱਚ ਕਿਹਾ।

“ਖਰੀਦ ਕੇ ਤਾਂ ਠੇਕੇ ਦੀ ਸ਼ਰਾਬ ਪੀਤੀ ਜਾਂਦੀ ਆ ਅਤੇ ਉਹ ਨਾਮਰਦ ਲੋਕ ਪੀਂਦੇ ਆ। ਤੇਰੀ ਕਮਾਈ ਹਰਾਮ ਦੀ ਆ, ਇਸ ਨਾਲ ਤਾਂ ਮੈਂ ਕੁਝ ਹੋਰ ਹੀ ਕਰੂੰਗਾ।” ਮੰਗੂ ਛਾਤੀ ਤਾਣ ਕੇ ਬੋਲਿਆ। ਕਾਲੀ ਨੇ ਉਹਦੀ ਵਲ ਘੂਰ ਕੇ ਦੇਖਿਆ ਤਾਂ ਉਹ ਤਿਣ ਕੇ ਬੋਲਿਆ:

“ਮੇਰੀ ਵਲ ਏਦਾਂ ਦੇਖ ਰਿਹਾ, ਜਿੱਦਾਂ ਮੇਰਾ ਸਾਹ ਪੀ ਜਾਊਗਾ। ਮੰਗੂ ਨਾਲ ਵੈਰ ਪਾ ਕੇ ਇਸ ਮੁਹੱਲੇ ਵਿੱਚ ਕੋਈ ਨਹੀਂ ਰਹਿ ਸਕਦਾ।”

ਮੰਗੂ ਦੀਆਂ ਇਹ ਗੱਲਾਂ ਸੁਣ ਕੇ ਬਾਬਾ ਫੱਤੂ ਚੁੱਪ ਨਾ ਰਹਿ ਸਕਿਆ। ਉਹ ਉਹਨੂੰ ਸਮਝਾਉਂਦਾ ਹੋਇਆ ਬੋਲਿਆ:

“ਮੰਗੂ ਕਿਉਂ ਲਾਗਤ-ਬਾਜ਼ੀ ਦੀ ਗੱਲ ਕਰਦਾਂ। ਖੁਸ਼ ਨਹੀਂ ਹੁੰਦਾ ਕਿ ਸਾਡੇ ਮੁਹੱਲੇ ਵਿੱਚ ਵੀ ਇਕ ਏਦਾਂ ਦਾ ਆਦਮੀ ਨਿਕਲ ਆਇਆ ਹੈ ਜੋ ਪੱਕਾ ਮਕਾਨ ਬਣਾ ਪਾ ਰਿਹਾ।”

“ਚੁੱਪ ਰਹਿ ਬੁੱਢਿਆ, ਹਰ ਵੇਲੇ ਟਰ-ਟਰ ਲਾਈ ਰੱਖਦਾਂ।” ਮੰਗੂ ਨੇ ਬਾਬੇ ਫੱਤੂ ਨੂੰ ਝਿੜਕ ਦਿੱਤਾ। ਉਹ ਨਿਮੋਝੂਣਾ ਜਿਹਾ ਹੋ ਕੇ ਸ਼ਿਕਾਇਤ ਭਰੇ ਲਹਿਜੇ ਵਿੱਚ ਬੋਲਿਆ:

“ਇਸ ਛੋਕਰੇ ਨੂੰ ਨਾ ਵੱਡਿਆ ਦੀ ਇੱਜ਼ਤ ਕਰਨੀ ਆਉਂਦੀ ਆ ਨਾ ਛੋਟਿਆਂ ਦਾ ਲਿਹਾਜ। ਸ਼ਿਕਾਰੀ ਕੁੱਤੇ ਵਾਂਗ ਪੰਜੇ ਝਾੜ ਕੇ ਪਿੱਛੇ ਪੈ ਜਾਂਦਾ।”

ਇਹ ਸੁਣ ਕੇ ਮੰਗੂ ਹੋਰ ਵੀ ਜ਼ਿਆਦਾ ਭੜਕ ਪਿਆ:

“ਚੁੱਪ ਰਹਿ ਬੁੱਢਿਆ, ਤੂੰ ਮੇਰੀ ਇਕ ਧੌਲ ਦੀ ਮਾਰ ਆਂ।”

ਕਾਲੀ ਦੀਆਂ ਅੱਖਾਂ ਵਿੱਚ ਅੰਗਾਰੇ ਚਮਕਣ ਲੱਗੇ। ਉਹਦੀਆਂ ਮੁੱਠੀਆਂ ਬੰਦ ਹੋਣ ਲੱਗੀਆਂ। ਉਹਦੇ ਚਿਹਰੇ ਤੋਂ ਸਾਫ ਪਤਾ ਲੱਗਦਾ ਸੀ ਕਿ ਉਹ ਖ਼ੂਨ ਦੇ ਘੁੱਟ ਪੀ ਰਿਹਾ ਹੈ। ਕਾਲੀ ਨੇ ਗੁੱਸੇ ਵਿੱਚ ਕੰਬਦੀ ਹੋਈ ਅਵਾਜ਼ ਵਿੱਚ ਕਿਹਾ:

“ਮੰਗੂ, ਤੂੰ ਮੇਰੇ ਨਾਲ ਗੱਲ ਕਰ ਰਿਹਾ ਸੀ। ਵਿਚਾਲੇ ਬਾਬੇ ਨੂੰ ਕਿਉਂ ਘਸੀਟ ਲਿਆਂਦਾ। ਉਹ ਤੇਰੇ ਪਿਉ ਦੇ ਬਰਾਬਰ ਆ।”

"ਤੇਰੇ ਪਿਉ ਦੇ ਬਰਾਬਰ ਹੋਊ, ਜਿਹਦੀ ਤੂੰ ਸ਼ਕਲ ਵੀ ਨਹੀਂ ਦੇਖੀ।" ਮੰਗੂ ਨੇ ਇਹ ਕਹਿ ਤਾਂ ਦਿੱਤਾ ਪਰ ਕਾਲੀ ਦੇ ਸ਼ੇਰ ਦੇ ਪੰਜਿਆਂ ਵਾਂਗ ਖੁਲ੍ਹੇ ਹੱਥਾਂ ਨੂੰ ਦੇਖ ਕੇ ਡਰ ਜਿਹਾ ਗਿਆ। ਕਈ ਲੋਕਾਂ ਨੇ ਦੱਬੀ ਜ਼ਬਾਨ ਵਿੱਚ ਮੰਗੂ ਨੂੰ ਕਿਹਾ ਕਿ ਉਹ ਇਸ ਝਗੜੇ ਵਿੱਚ ਮਾਂ-ਬਾਪ ਨੂੰ ਵਿੱਚ ਕਿਉਂ ਖਿੱਚ ਲਿਆਇਆ ਹੈ।

ਰੱਖ-ਰਖਾਅ ਕਰਨ ਲਈ ਬਹੁਤ ਸਾਰੇ ਲੋਕ ਇਕੋ ਵਾਰੀ ਬੋਲ ਰਹੇ ਸਨ। ਜੀਤੂ ਚਾਹੁੰਦਾ ਸੀ ਕਿ ਕਾਲੀ ਮੰਗੂ ਨਾਲ ਭਿੜ ਜਾਵੇ ਅਤੇ ਉਸ ਨੂੰ ਕੁੱਟ ਸੁੱਟੇ। ਬਾਬੇ ਫੱਤੂ ਦੇ ਪੱਲੇ ਕੁਝ ਨਹੀਂ ਸੀ ਪੈ ਰਿਹਾ ਅਤੇ ਉਹ ਬਿਟਰ ਬਿਟਰ ਹਰ ਇਕ ਦੇ ਚਿਹਰੇ ਵਲ ਦੇਖ ਰਿਹਾ ਸੀ। ਉਹਨੇ ਆਪਣੇ ਕੋਲ ਖੜੇ ਜੀਤੂ ਨੂੰ ਪੁੱਛਿਆ ਤਾਂ ਉਹਨੇ ਕੋਈ ਜੁਆਬ ਨਾ ਦਿੱਤਾ। ਬੰਤੂ ਨੂੰ ਪੁੱਛਿਆ ਤਾਂ ਉਹਨੇ 'ਕੁਛ ਨਹੀਂ' ਕਹਿ ਕੇ ਟਾਲ ਦਿੱਤਾ। ਬਾਬੇ ਫੱਤੂ ਨੇ ਵਾਰੀ ਵਾਰੀ ਹਰ ਇਕ ਨੂੰ ਪੁੱਛਿਆ ਪਰ ਕਿਸੇ ਨੇ ਉਸ ਨੂੰ ਕੁਛ ਨਹੀਂ ਦੱਸਿਆ। ਉਹ ਖਿੱਝ ਕੇ ਉੱਚੀ ਅਵਾਜ਼ ਵਿੱਚ ਬੋਲਿਆ:

"ਸਾਰੇ ਜਣੇ ਕਾਵਾਂ ਦੀ ਤਰ੍ਹਾਂ ਕਾਂ ਕਾਂ ਕਰ ਰਹੇ ਆ ਪਰ ਮੈਨੂੰ ਕਹਿੰਦੇ ਆ ਕਿ ਕੋਈ ਗੱਲ ਨਹੀਂ।"

ਬਾਬਾ ਫੱਤੂ ਆਪਣੀ ਲਾਠੀ ਟਟੋਲ ਕੇ ਉੱਠਿਆ, ਪਰ ਕਾਲੀ ਨੇ ਉਹਨੂੰ ਫਿਰ ਮੰਜੇ 'ਤੇ ਬਿਠਾਉਂਦੇ ਹੋਏ ਕਿਹਾ:

"ਬਾਬਾ ਜੀ, ਬੈਠੋ। ਆਰਾਮ ਨਾਲ ਲੰਮੇ ਪਉ। ਗੱਲ ਮੁੱਕ ਗਈ।"

ਮੰਗੂ ਉੱਥੋਂ ਉੱਠ ਕੇ ਪਰ੍ਹੇ ਚਲਾ ਗਿਆ। ਕਾਲੀ ਆਪਣੀ ਮੰਜੀ 'ਤੇ ਆ ਬੈਠਿਆ। ਜੀਤੂ ਉਹਦੀ ਵਲ ਇਕ ਟਕ ਦੇਖਦਾ ਹੋਇਆ ਹੌਲੀ ਅਵਾਜ਼ ਵਿੱਚ ਬੋਲਿਆ:

"ਬਾਬੂ ਜੀ, ਤੂੰ ਤਾਂ ਪੱਕਾਂ ਸ਼ਹਿਰੀਆ ਬਣ ਕੇ ਆਇਆਂ। ਅੱਜ ਤੂੰ ਬਿਲਕੁਲ ਸ਼ਹਿਰੀਆਂ ਵਾਂਗ ਲੜਿਆਂ। ਹਵਾਈ ਫੈਰ ਹੀ ਕੀਤੇ। ਮਜ਼ਾ ਤਾਂ ਸੀ ਜੇ ਮੰਗੂ ਦੇ ਸਾਰੇ ਦੰਦ ਉਹਦੀ ਝੋਲੀ ਵਿੱਚ ਪਾ ਦਿੰਦਾ।"

ਕਾਲੀ ਨੇ ਜੀਤੂ ਨੂੰ ਕੋਈ ਜੁਆਬ ਨਾ ਦਿੱਤਾ ਅਤੇ ਤਾਸ਼ ਚੁੱਕਦਾ ਹੋਇਆ ਬੋਲਿਆ:

"ਇਕ ਦੋ ਬਾਜ਼ੀਆਂ ਹੋ ਜਾਣ।"

ਜੀਤੂ ਤਾਸ਼ ਦੇ ਪੱਤੇ ਫੈਂਟਣ ਲੱਗਾ ਤਾਂ ਬਾਕੀ ਲੋਕ ਵੀ ਉਹਨਾਂ ਦੇ ਕੋਲ ਆ ਗਏ ਅਤੇ ਛੇਤੀਂ ਹੀ, ਹੀ-ਹੀ, ਹੂ-ਹੂ ਕਰਦੇ ਤਾਸ਼ ਦੇ ਪੱਤਿਆਂ ਵਿੱਚ ਗੁਆਚ ਗਏ।

ਜਦੋਂ ਦਿਨ ਢਲ ਗਿਆ ਤਾਂ ਕਾਲੀ ਨੇ ਤਾਸ਼ ਜੀਤੂ ਦੇ ਹੱਥ ਫੜਾ ਦਿੱਤੀ ਅਤੇ ਆਪਣੀ ਮੰਜੀ ਚੁੱਕ ਕੇ ਬੋਲਿਆ:

"ਪਰਛਾਵੇਂ ਲੰਮੇ ਹੋ ਗਏ। ਜਾ ਕੇ ਕੰਮ ਸ਼ੁਰੂ ਕਰਾਂ।"

ਕਾਲੀ ਅਜੇ ਤਕੀਏ ਦੇ ਅੰਦਰ ਹੀ ਸੀ ਕਿ ਮੰਗੂ ਨੇ ਬਾਬੇ ਫੱਤੂ ਦੀ ਮੰਜੀ ਨੂੰ ਠੋਕਰ ਮਾਰਦਿਆਂ ਕਿਹਾ:

"ਬੁੱਢਿਆ ਚੁੱਕ ਮੰਜੀ ਏਥੋਂ। ਕਿੰਨੀ ਜਗਹ ਘੇਰੀ ਹੋਈ ਆ। ਹੁਣ ਤੂੰ ਏਥੇ ਨਾ ਆਇਆ ਕਰ। ਕਾਲੀ ਦੇ ਚੁਬਾਰੇ ਵਿੱਚ ਦੁਪਹਿਰ ਕੱਟਿਆ ਕਰ।"

ਇਹਦੇ ਨਾਲ ਦੋ ਤਿੰਨ ਠਹਾਕੇ ਗੂੰਜ ਉੱਠੇ ਅਤੇ ਕਾਫੀ ਦੂਰ ਤੱਕ ਕਾਲੀ ਦਾ ਪਿੱਛਾ ਕਰਦੇ ਰਹੇ।

## 8

ਦੋ ਦਿਨਾਂ ਵਿੱਚ ਹੀ ਕਾਲੀ ਨੇ ਡਿਉਢੀ ਢਾਹ ਕੇ ਮਲਬਾ ਸਾਫ ਕਰ ਦਿੱਤਾ। ਉਹਨੇ ਜਗਹ ਦੀ ਲੰਬਾਈ ਚੌੜਾਈ ਦਾ ਹਿਸਾਬ ਲਾ ਕੇ ਮਕਾਨ ਦਾ ਨਕਸ਼ਾ ਬਣਾ ਲਿਆ: ਅੱਗੇ ਡਿਉਢੀ, ਉਹਦੇ ਪਿੱਛੇ ਵਿਹੜਾ ਜਿਸ ਵਿੱਚ ਇਕ ਪਾਸੇ ਰਸੋਈ, ਦੂਸਰੇ ਪਾਸੇ ਇਕ ਖੂੰਜੇ ਵਿੱਚ ਪੌੜੀ ਅਤੇ ਫਿਰ ਇਕ ਖੁੱਲ੍ਹੀ ਕੋਠੜੀ। ਉਸ ਦਾ ਜੀਅ ਕੀਤਾ ਕਿ ਉਹਦੇ ਘਰ ਵੀ ਉਸ ਤਰ੍ਹਾਂ ਦਾ ਹੀ ਨਲਕਾ ਹੋਵੇ, ਜਿਸ ਤਰ੍ਹਾਂ ਦਾ ਨਲਕਾ ਪਾਦਰੀ ਦੇ ਘਰ ਵਿੱਚ ਹੈ। ਉਹਨੂੰ ਵਾਰ ਵਾਰ ਖਿਆਲ ਆਉਂਦਾ ਕਿ ਕੋਠੜੀ ਉੱਪਰ ਇਕ ਚੁਬਾਰਾ ਵੀ ਹੋਣਾ ਚਾਹੀਦਾ, ਜਿਹਦੇ ਵਿੱਚ ਚਾਰੇ ਪਾਸੀਂ ਰੰਗਦਾਰ ਸ਼ੀਸ਼ਿਆਂ ਵਾਲੀਆਂ ਬਾਰੀਆਂ ਹੋਣ ਅਤੇ ਉਹਨਾਂ ਵਿੱਚ ਦੀ ਫਰ ਫਰ ਕਰਦੀ ਹਵਾ ਆਵੇ ਜਾਵੇ। ਕਾਲੀ ਜਦੋਂ ਚੁਬਾਰੇ ਬਾਰੇ ਸੋਚਦਾ ਤਾਂ ਉਹ ਬਿਲਕੁਲ ਅੱਖਾਂ ਦੇ ਸਾਹਮਣੇ ਆ ਜਾਂਦਾ, ਪਰ ਜਦੋਂ ਉਹ ਉਹਨੂੰ ਕੋਠੜੀ ਦੇ ਉੱਤੇ ਦੇਖਣ ਦੀ ਕੋਸ਼ਿਸ਼ ਕਰਦਾ ਤਾਂ ਉਹ ਉਹਨੂੰ ਦੂਰ ਤੱਕ ਨਜ਼ਰ ਨਾ ਆਉਂਦਾ। ਜਦੋਂ ਉਹਨੂੰ ਯਾਦ ਆਉਂਦਾ ਕਿ ਉਹ ਸਿਰਫ ਬਾਹਰਲੀਆਂ ਕੰਧਾਂ ਹੀ ਪੱਕੀਆਂ ਪਾ ਸਕੂਗਾ ਤਾਂ ਉਹਦੇ ਦਿਲ ਵਿੱਚ ਇਕ ਜਲਣ ਜਿਹੀ ਹੁੰਦੀ। ਪਰ ਨਾਲ ਹੀ ਮਨ ਵਿੱਚ ਸਵਾਲ ਉੱਠਦਾ ਕਿ ਏਨੇ ਰੁਪਈਏ ਕਿੱਥੋਂ ਆਉਣਗੇ। ਇਹ ਸੋਚ ਕੇ ਉਸ ਦਾ ਦਿਲ ਬੈਠਣ ਲੱਗਦਾ ਅਤੇ ਵਾਰ ਵਾਰ ਖਿਆਲ ਆਉਂਦਾ ਕਿ ਉਹਨੇ ਖਾਹਮਖਾਹ ਮਕਾਨ ਢਾਹ ਦਿੱਤਾ। ਜੇ ਹੁਣ ਪੱਕਾ ਨਾ ਬਣਾ ਸਕਿਆ ਤਾਂ ਜਗ-ਹਸਾਈ ਹੋਊਗੀ।

ਇਸ ਹਨ੍ਹੇਰੇ ਵਿੱਚ ਉਹਨੂੰ ਰੌਸ਼ਨੀ ਦੀ ਇਕ ਕਿਰਨ ਨਜ਼ਰ ਆਉਂਦੀ ਕਿ ਸ਼ਾਇਦ ਛੱਜੂ ਸ਼ਾਹ ਤੋਂ ਕੁਝ ਪੈਸੇ ਉਧਾਰ ਮਿਲ ਜਾਣ। ਸ਼ਾਇਦ ਉਹ ਉਹਦੇ ਮਨ ਦੀ ਮੁਰਾਦ ਪੂਰੀ ਕਰ ਦੇਵੇ। ਕਾਲੀ ਨੂੰ ਯਾਦ ਆਇਆ ਕਿ ਅਜੇ ਉਸ ਨੇ ਆਪਣੇ ਚਾਚੇ ਦਾ ਲਿਆ ਹੋਇਆ ਉਧਾਰ ਵੀ ਦੇਣਾ ਹੈ। ਇਸ ਉਮੀਦ ਦੇ ਆਸਰੇ ਉਹਨੇ ਸਾਰਾ ਮਕਾਨ ਇਕ ਹੀ ਵਾਰ ਪੱਕਾ ਪਾਉਣ ਦਾ ਇਰਾਦਾ ਕਰ ਲਿਆ ਅਤੇ ਜੇਬ ਵਿੱਚ ਪੰਜਾਹ ਰੁਪਈਏ ਪਾ ਛੱਜੂ ਸ਼ਾਹ ਦੀ ਦੁਕਾਨ ਵਲ ਚਲਾ ਗਿਆ।

ਕਾਲੀ ਛੱਜੂ ਸ਼ਾਹ ਦੀ ਦੁਕਾਨ 'ਤੇ ਪਹੁੰਚਿਆ ਤਾਂ ਚੌਧਰੀ ਹਰਨਾਮ ਸਿੰਘ ਅਤੇ ਹੈਂਬੜਾ ਕਲੋਏ ਦਾ ਜ਼ੈਲਦਾਰ ਫੌਜਾ ਸਿੰਘ ਉੱਥੇ ਬੈਠੇ ਸਨ। ਉਹ ਕਿਸੇ ਭੇਦਭਰੀ ਗੱਲਬਾਤ ਵਿੱਚ ਰੁੱਝੇ ਹੋਏ ਸਨ। ਕਾਲੀ ਨੇ ਤਿੰਨਾਂ ਨੂੰ ਬੰਦਗੀ ਕੀਤੀ। ਚੌਧਰੀ ਹਰਨਾਮ ਸਿੰਘ ਅਤੇ ਜ਼ੈਲਦਾਰ ਫੌਜਾ ਸਿੰਘ ਨੇ ਕਾਲੀ 'ਤੇ ਸਰਸਰੀ ਨਜ਼ਰ ਸੁੱਟੀ ਪਰ ਛੱਜੂ ਸ਼ਾਹ ਨੇ ਉਹਦਾ ਹਾਲ ਚਾਲ ਪੁੱਛਿਆ ਅਤੇ ਖਲ ਵੜੇਵਿਆਂ ਦੀਆਂ ਬੋਰੀਆਂ ਦੇ ਨਾਲ ਵਿਛੇ ਟਾਟ ਦੇ ਟੁੱਕੜੇ 'ਤੇ ਬੈਠਣ ਦਾ ਇਸ਼ਾਰਾ ਕੀਤਾ। ਉਹ ਤਿੰਨੇ ਆਪਸ ਵਿੱਚ ਖੁਸਰ ਫੁਸਰ ਕਰਨ ਲੱਗੇ। ਕਾਲੀ ਪਹਿਲਾਂ ਤਾਂ ਬਿਨਾਂ ਮਤਲਬ ਦੇ ਏਧਰ ਉਧਰ ਦੇਖਦਾ ਰਿਹਾ ਪਰ ਜਦੋਂ ਉਹਨਾਂ ਦੀਆਂ ਗੱਲਾਂ ਵਿੱਚ ਪੈਸਿਆਂ ਦਾ ਵਾਰ ਵਾਰ ਜ਼ਿਕਰ ਆਉਣ ਲੱਗਾ ਤਾਂ ਉਹ ਵੀ ਕੰਨ ਲਾ ਕੇ ਉਹਨਾਂ ਦੀਆਂ ਗੱਲਾਂ ਸੁਣਨ ਦੀ ਕੋਸ਼ਿਸ਼ ਕਰਨ ਲੱਗਾ।

ਜ਼ੈਲਦਾਰ ਫੌਜਾ ਸਿੰਘ ਨੂੰ ਪੈਸਿਆਂ ਦੀ ਜ਼ਰੂਰਤ ਸੀ। ਚੌਧਰੀ ਹਰਨਾਮ ਸਿੰਘ ਸਿਫਾਰਿਸ਼ ਲਈ ਨਾਲ ਆਇਆ ਸੀ। ਛੱਜੂ ਸ਼ਾਹ ਨੂੰ ਭਲੀ ਭਾਂਤ ਪਤਾ ਸੀ ਕਿ ਫੌਜਾ ਸਿੰਘ ਜ਼ੈਲਦਾਰੀ ਦੇ ਰੋਅਬ ਵਿੱਚ ਹੈ। ਥਾਣੇ ਕਚਿਹਰੀ ਤੱਕ ਉਸ ਦੀ ਰਸਾਈ ਹੈ। ਜ਼ਿਲਾ ਮੁਖੀ ਨਾਲ ਵੀ ਦੁਆ ਸਲਾਮ ਹੈ। ਛੱਜੂ ਸ਼ਾਹ ਉਹਨੂੰ ਵੱਡੀ ਰਕਮ ਦੇਣ ਤੋਂ ਘਬਰਾ ਰਿਹਾ ਸੀ ਕਿਉਂਕਿ ਉਹਨੂੰ ਅਸਾਮੀ 'ਤੇ ਵਿਸ਼ਵਾਸ ਨਹੀਂ ਸੀ। ਪਰ ਉਹ ਬਹਾਨਾ ਇਹ ਬਣਾ ਰਿਹਾ ਸੀ ਕਿ ਉਹਦੇ ਕੋਲ ਏਨੀ ਵੱਡੀ ਰਕਮ ਨਹੀਂ ਹੈ। ਉਹ ਠੋਸ ਜ਼ਮਾਨਤ ਚਾਹੁੰਦਾ ਸੀ ਪਰ ਜ਼ੈਲਦਾਰ ਹੱਥ ਉਧਾਰ ਰਕਮ ਚਾਹੁੰਦਾ ਸੀ। ਜਦੋਂ ਗੱਲ ਲੰਮੀ ਹੋਣ ਲੱਗੀ ਅਤੇ ਛੱਜੂ ਸ਼ਾਹ ਦੱਬੀ ਜ਼ਬਾਨ ਵਿੱਚ ਅਵਿਸ਼ਵਾਸ ਪ੍ਰਗਟ ਕਰਨ ਲੱਗਾ ਤਾਂ ਚੌਧਰੀ ਹਰਨਾਮ ਸਿੰਘ ਸ਼ਾਹ ਨੂੰ ਸਮਝਾਉਂਦਾ ਹੋਇਆ ਬੋਲਿਆ:

"ਸ਼ਾਹ ਸਰਦਾਰਾਂ ਦੀ ਜ਼ਬਾਨ ਹੀ ਸਾਰਿਆਂ ਤੋਂ ਵੱਡੀ ਜ਼ਮਾਨਤ ਹੁੰਦੀ ਹੈ। ਏਸ ਜ਼ਬਾਨ ਨਾਲ ਵੱਡੇ ਵੱਡੇ ਵਪਾਰ ਅਤੇ ਰਿਸ਼ਤੇ ਨਾਤੇ ਤਹਿ ਹੁੰਦੇ ਹਨ।"

"ਤੁਹਾਡੀ ਗੱਲ ਸੋਲਾਂ ਆਨੇ ਸੱਚ ਹੈ ਪਰ ਵਿਹਾਰ ਵੀ ਕੋਈ ਚੀਜ਼ ਹੈ।" ਛੱਜੂ ਸ਼ਾਹ ਨੇ ਜੁਆਬ ਦਿੱਤਾ।

ਜ਼ੈਲਦਾਰ ਫੌਜਾ ਸਿੰਘ ਨੇ ਜਦੋਂ ਦੇਖਿਆ ਕਿ ਸ਼ਾਹ ਆਪਣੀ ਗੱਲ 'ਤੇ ਅੜ ਗਿਆ ਹੈ ਤਾਂ ਉਹ ਜ਼ਮਾਨਤ ਦੇਣ ਲਈ ਰਾਜ਼ੀ ਹੋ ਗਿਆ।

"ਸ਼ਾਹ, ਸਾਡੇ ਕੋਲ ਜ਼ਮਾਨਤ ਰੱਖਣ ਲਈ ਇਕ ਹੀ ਚੀਜ਼ ਹੁੰਦੀ ਆ ਅਤੇ ਉਹ ਮੈਂ ਤੇਰੇ ਨਾਂ ਗਹਿਣੇ ਨਹੀਂ ਕਰ ਸਕਦਾ ਕਿਉਂਕਿ ਕਾਨੂੰਨ ਇਜਾਜ਼ਤ ਨਹੀਂ ਦਿੰਦਾ।"

"ਸਰ ਛੋਟੂਰਾਮ ਦੇ ਬਣਾਏ ਹੋਏ ਕਾਨੂੰਨ ਦੀ ਗੱਲ ਕਰਦੈਂ? ਇਸ ਦਾ ਇਲਾਜ ਮੇਰੇ ਕੋਲ ਹੈਗਾ।" ਅਤੇ ਛੱਜੂ ਸ਼ਾਹ ਆਪਣਾ ਮੂੰਹ ਜ਼ੈਲਦਾਰ ਦੇ ਕੰਨ ਦੇ ਲਾਗੇ ਲਿਜਾ ਕੇ ਬੋਲਿਆ:

"ਮੇਰੇ ਰਿਸ਼ਤੇਦਾਰ ਜ਼ਮੀਨਾਂ ਦੇ ਮਾਲਕ ਹਨ। ਉਹਨਾਂ ਦੇ ਨਾਂ ਤਾਂ ਤੁਹਾਡੀ ਜ਼ਮੀਨ ਗਹਿਣੇ ਰੱਖੀ ਜਾ ਸਕਦੀ ਹੈ। ਚਲੋ ਉਹ ਨਾ ਸਹੀ, ਬਾਬਕ ਵਾਲਾ ਜੱਟ ਜਗਤਾ ਮੇਰਾ ਆਪਣਾ ਆਦਮੀ ਹੈ। ਉਹਦੇ ਨਾਂ ਗਹਿਣੇ ਕਰਵਾ ਦੇਣਾ।"

ਜ਼ੈਲਦਾਰ ਫੌਜਾ ਸਿੰਘ ਅਤੇ ਚੌਧਰੀ ਹਰਨਾਮ ਸਿੰਘ ਥੜ੍ਹੇ ਦੇ ਦੂਸਰੇ ਪਾਸੇ ਚਲੇ ਗਏ ਅਤੇ ਆਪਸ ਵਿੱਚ ਸਲਾਹ ਕਰਨ ਬਾਅਦ ਸ਼ਾਹ ਦੇ ਕੋਲ ਵਾਪਸ ਆ ਗਏ। ਚੌਧਰੀ ਹਰਨਾਮ ਸਿੰਘ ਕਹਿਣ ਲੱਗਾ:

"ਜ਼ੈਲਦਾਰ ਦੀ ਅੱਠ-ਦਸ ਘੁਮਾਂ ਬੰਜਰ ਜ਼ਮੀਨ ਹੈ। ਉਹਦੇ ਵਿੱਚੋਂ ਦੋ ਘੁਮਾਂ ਗਹਿਣੇ ਰੱਖ ਲੈ।"

"ਜੇ ਉਹ ਜ਼ਮੀਨ ਗਹਿਣੇ ਰੱਖਣੀ ਹੈ ਤਾਂ ਸੂਦ ਵੀ ਡਬਲ ਲੱਗੂਗਾ। ਜਿਸ ਜ਼ਮੀਨ ਵਿੱਚ ਘਾਹ ਦਾ ਤਿਨਕਾ ਵੀ ਨਾਂ ਉੱਗਦਾ ਹੋਵੇ, ਉਹਨੂੰ ਗਹਿਣੇ ਰੱਖ ਕੇ ਮੈਂ ਕੀ ਕਮਾਊਂਗਾ?" ਛੱਜੂ ਸ਼ਾਹ ਨੇ ਕਿਹਾ।

ਉਹ ਤਿੰਨੇ ਆਪਸ ਵਿੱਚ ਫਿਰ ਸਲਾਹ ਕਰਨ ਲੱਗੇ ਅਤੇ ਹੌਲੀ ਹੌਲੀ ਉਹਨਾਂ ਦੀ ਅਵਾਜ਼ ਹੌਲੀ ਅਤੇ ਸਿਰ ਹੋਰ ਨੇੜੇ ਹੁੰਦੇ ਗਏ। ਜਦੋਂ ਫੌਜਾ ਸਿੰਘ ਆਪਣੀ ਜ਼ੈਲਦਾਰੀ ਦਾ ਰੋਅਬ ਦਿਖਾਉਣ ਲੱਗਦਾ ਤਾਂ ਸ਼ਾਹ ਏਸ ਤਰ੍ਹਾਂ ਪੈਂਤੜਾ ਬਦਲਦਾ ਕਿ ਜ਼ੈਲਦਾਰ ਨੂੰ ਫਿਰ ਝੁਕਣਾ ਪੈਂਦਾ। ਚੌਧਰੀ ਹਰਨਾਮ ਸਿੰਘ ਜ਼ੈਲਦਾਰ ਨੂੰ ਇਕ ਵਾਰ ਫਿਰ ਥੜ੍ਹੇ ਤੋਂ ਪਰ੍ਹੇ ਲੈ ਗਿਆ ਅਤੇ ਥੋੜ੍ਹੀ ਦੇਰ ਬਾਅਦ ਸ਼ਾਹ ਦੇ ਕੰਨ ਵਿੱਚ ਕੁਝ ਕਿਹਾ। ਸ਼ਾਹ ਨੇ ਕੁਝ ਪਲ ਸੋਚਣ ਤੋਂ ਬਾਅਦ ਚੌਧਰੀ ਤੋਂ ਇਕ ਦੋ ਸਵਾਲ ਪੁੱਛੇ ਅਤੇ ਫਿਰ ਫੈਸਲਾਕੁੰਨ ਅਵਾਜ਼ ਵਿੱਚ ਬੋਲਿਆ:

"ਅੱਛਾ ਜ਼ੈਲਦਾਰ ਸਾਹਿਬ, ਤੁਸੀਂ ਕੋਈ ਬਿਗਾਨੇ ਤਾਂ ਨਹੀਂ। ਤੁਸੀਂ ਇਲਾਕੇ ਦੇ ਮਾਲਕ ਹੋ। ਤੁਹਾਡੇ ਵਰਗੇ ਚੌਧਰੀਆਂ ਅਤੇ ਸਰਦਾਰਾਂ ਦੇ ਸਹਾਰੇ ਤਾਂ ਅਸੀਂ ਲੋਕ ਪਿੰਡ ਵਿੱਚ ਇੱਜ਼ਤ ਨਾਲ ਦਿਨ ਗੁਜਾਰ ਰਹੇ ਹਾਂ।" ਛੱਜੂ ਸ਼ਾਹ ਨੇ ਇਹ ਕਹਿ ਕੇ ਦੋਨਾਂ ਦੇ ਕੰਨਾਂ ਨੇੜੇ ਮੂੰਹ ਕਰ ਆਪਣਾ ਫੈਸਲਾ ਸੁਣਾ ਦਿੱਤਾ। ਚੌਧਰੀ ਅਤੇ ਜ਼ੈਲਦਾਰ ਦੋਨੋਂ ਚੌਂਕ ਪਏ ਪਰ ਛੱਜੂ ਸ਼ਾਹ ਨੇ ਉਹਨਾਂ ਨੂੰ ਇਕ ਵੀ ਸ਼ਬਦ ਬੋਲਣ ਦਾ ਮੌਕਾ ਨਹੀਂ ਦਿੱਤਾ। ਉਹ ਆਪਣੀ ਜਿੱਤ 'ਤੇ ਮੁਸਕਰਾਉਂਦਾ ਹੋਇਆ ਬੋਲਿਆ:

"ਤੁਸੀਂ ਹੋਏ ਚੌਧਰੀ ਜ਼ਮੀਨਾਂ ਦੇ ਮਾਲਕ ਅਤੇ ਅਸੀਂ ਹਾਂ ਮਜ਼ਦੂਰ ਹਟਬਾਣੀਏ। ਤੁਹਾਡੇ ਵਰਗੇ ਲੋਕਾਂ ਦੇ ਆਸਰੇ ਦਾਲ ਰੋਟੀ ਚੱਲ ਜਾਂਦੀ ਆ। ਤੁਸੀਂ ਵੱਡੀ ਤੋਂ ਵੱਡੀ ਸੱਟ ਸਹਿ ਸਕਦੇ ਹੋ, ਪਰ ਅਸੀਂ ਲੋਕ ਜੇ ਇਕ ਵਾਰ ਡਿੱਗ ਪਏ ਤਾਂ ਬਸ ਸਾਰੀ ਉਮਰ ਨਹੀਂ ਉੱਠ ਸਕਦੇ।... ਕਿਉਂ ਕਾਲੀ?" ਛੱਜੂ ਸ਼ਾਹ ਨੇ ਆਪਣੀ ਗੱਲ ਦੀ ਪੁਸ਼ਟੀ ਲਈ ਕਾਲੀ ਨੂੰ ਸੰਬੋਧਿਤ ਕਰਦੇ ਹੋਏ ਕਿਹਾ। ਕਾਲੀ ਜੁਆਬ ਵਿੱਚ ਸਿਰਫ ਮੁਸਕਰਾਇਆ। ਉਹਨੂੰ ਛੱਜੂ ਸ਼ਾਹ 'ਤੇ ਗੁੱਸਾ ਆ ਰਿਹਾ ਸੀ ਕਿ ਉਹ ਚੌਧਰੀ ਅਤੇ ਜ਼ੈਲਦਾਰ ਦੇ ਸਾਹਮਣੇ ਆਪਣੇ ਆਪ ਨੂੰ ਏਨਾ ਨਿਗੂਣਾ ਕਿਉਂ ਦਰਸਾ ਰਿਹਾ ਹੈ।

ਮੰਗੂ ਨੇ ਜਦੋਂ ਛੱਜੂ ਸ਼ਾਹ ਨੂੰ ਕਾਲੀ ਨੂੰ ਸੰਬੋਧਨ ਕਰਦਿਆਂ ਦੇਖਿਆ ਤਾਂ ਉਹ ਵੜੇਵਿਆਂ ਦੀ ਬੋਰੀ ਦੇ ਪਿੱਛਿਉਂ ਝਾਕਦਾ ਹੋਇਆ ਬੋਲਿਆ:

"ਸ਼ਾਹ ਜੀ, ਤੁਸੀਂ ਤਾਂ ਸੇਠ ਆਂ ਸੇਠ! ਦੁਨੀਆਂ ਵਿੱਚ ਦੋ ਤਰ੍ਹਾਂ ਦੇ ਹੀ ਤਾਂ ਆਦਮੀ ਹਨ... ਇਕ ਚੌਧਰੀ ਅਤੇ ਦੂਸਰੇ ਸੇਠ।" ਉਹ ਠਹਾਕੇ ਮਾਰਨ ਲੱਗਾ।

ਚੌਧਰੀ ਅਤੇ ਜ਼ੈਲਦਾਰ ਇਕ ਵਾਰ ਫਿਰ ਆਪਸ ਵਿੱਚ ਸਲਾਹ ਕਰਨ ਲੱਗੇ। ਚੌਧਰੀ, ਜ਼ੈਲਦਾਰ 'ਤੇ ਸ਼ਾਹ ਦੀ ਗੱਲ ਮੰਨਣ ਲਈ ਜ਼ੋਰ ਪਾ ਰਿਹਾ ਸੀ ਪਰ ਜ਼ੈਲਦਾਰ ਕੁਝ ਹਿਚਕਚਾ ਰਿਹਾ ਸੀ। ਮੰਗੂ ਨੇ ਕਾਲੀ 'ਤੇ ਆਪਣਾ ਰੋਹਬ ਪੂਰੀ ਤਰ੍ਹਾਂ ਪਾਉਣ ਲਈ ਇਸ ਮੌਕੇ ਤੋਂ ਪੂਰਾ ਪੂਰਾ ਫਾਇਦਾ ਉਠਾਉਣਾ ਚਾਹਿਆ। ਉਹ ਇਕ ਵਾਰ ਫਿਰ ਬੋਰੀ ਦੇ ਪਿੱਛਿਉਂ ਸਿਰ ਕੱਢ ਕੇ ਉੱਚੀ ਅਵਾਜ਼ ਵਿੱਚ ਬੋਲਿਆ:

"ਜ਼ੈਲਦਾਰ ਸਾਹਿਬ, ਤੁਸੀਂ ਸ਼ਾਹ ਦੀ ਗੱਲ ਮੰਨ ਲਉ। ਇਸ ਵਿੱਚ ਕੋਈ ਹਰਜ਼ ਨਹੀਂ ਹੈ।"

ਪਰ ਜਦੋਂ ਉਹਨੇ ਦੇਖਿਆ ਕਿ ਉਹਨਾਂ ਵਿੱਚੋਂ ਕਿਸੇ ਨੇ ਵੀ ਉਹਦੀ ਗੱਲ 'ਤੇ ਧਿਆਨ ਨਹੀਂ ਦਿੱਤਾ ਤਾਂ ਉਹ ਬੋਰੀ ਦੇ ਪਿੱਛਿਉਂ ਉੱਠ ਆਇਆ ਅਤੇ ਨੇੜੇ ਆ ਕੇ ਬੋਲਿਆ:

"ਮੇਰੀ ਗੱਲ ਮੰਨੋ ਤਾਂ ਸ਼ਾਹ ਕੋਈ ਨਿਹੱਕ ਗੱਲ ਨਹੀਂ ਕਰ ਰਿਹਾ। ਫਿਰ ਉਹ ਕੋਈ ਗੈਰ ਆਦਮੀ ਤਾਂ ਹੈ ਨਹੀਂ।" ਮੰਗੂ ਨੇ ਜੇਤੂ ਨਿਗਾਹਾਂ ਨਾਲ ਕਾਲੀ ਵਲ ਦੇਖਿਆ। ਜਦੋਂ ਮੰਗੂ ਨੇ ਮਹਿਸੂਸ ਕੀਤਾ ਕਿ ਇਸ ਵਾਰ ਵੀ ਉਹਦੀ ਗੱਲ ਨੂੰ ਅਣਸੁਣੀ ਕਰ ਦਿੱਤਾ ਗਿਆ ਹੈ ਤਾਂ ਉਹ ਉਹਨਾਂ ਵਲ ਇਕ ਕਦਮ ਵਧਾ ਕੇ ਛੱਜੂ ਸ਼ਾਹ ਨੂੰ ਸੰਬੋਧਿਤ ਹੁੰਦਾ ਬੋਲਿਆ:

"ਸ਼ਾਹ ਜੀ, ਤੁਸੀਂ ਹੀ ਥੋੜ੍ਹਾ ਨਰਮ ਹੋ ਜਾਉ।"

ਮੰਗੂ ਨੇ ਅਜੇ ਆਪਣੀ ਗੱਲ ਪੂਰੀ ਵੀ ਨਹੀਂ ਕੀਤੀ ਸੀ ਕਿ ਚੌਧਰੀ ਹਰਨਾਮ ਸਿੰਘ ਗਰਜਦੀ ਹੋਈ ਅਵਾਜ਼ ਵਿੱਚ ਬੋਲਿਆ:

"ਕੁੱਤੇ ਦੀ ਔਲਾਦ ਚੁੱਪ ਬੈਠ। ਕੁੱਤਾ ਚਮਾਰ ਆਪਣੇ ਆਪ ਨੂੰ ਵੱਡਾ ਪੰਚ ਸਮਝਦਾ।"

ਛੱਜੂ ਸ਼ਾਹ ਵੀ ਮੰਗੂ ਨੂੰ ਝਿੜਕਦਾ ਬੋਲਿਆ:

"ਮੰਗੂ ਕਿਉਂ ਮੂਰਖ ਬਣਦਾ। ਵੱਡਿਆਂ ਦੀਆਂ ਗੱਲਾਂ ਵਿੱਚ ਕਿਉਂ ਦਖਲ ਦਿੰਦਾ।"

ਮੰਗੂ ਖਿਸਿਆਨਾ ਹੋ ਕੇ ਫਿਰ ਵੜੇਵਿਆਂ ਦੀ ਬੋਰੀ ਦੇ ਪਿੱਛੇ ਜਾ ਬੈਠਿਆ ਅਤੇ ਮੂੰਹ ਵਿੱਚ ਹੀ ਬੁੜਬੜਾਉਣ ਲੱਗਾ। ਉਹਨੇ ਕਾਲੀ ਵਲ ਦੇਖਿਆ ਤਾਂ ਉਹਨੂੰ ਮਹਿਸੂਸ ਹੋਇਆ ਜਿਵੇਂ ਉਹ ਉਹਦੇ ਨਿਰਾਦਰ ਤੋਂ ਬਹੁਤ ਖੁਸ਼ ਹੋਇਆ ਹੋਵੇ। ਉਹ ਮੂੰਹ ਹੀ ਮੂੰਹ ਵਿੱਚ ਕਾਲੀ ਨੂੰ ਗਾਲ੍ਹਾਂ ਕੱਢਦਾ ਧਮਕੀਆਂ ਦੇਣ ਲੱਗਾ। ਕਾਲੀ ਨੀਵੀਂ ਪਾਈ ਸੋਚ ਰਿਹਾ ਸੀ ਕਿ ਚੌਧਰੀ ਨੇ ਮੰਗੂ ਨੂੰ ਕੁੱਤਾ ਚਮਾਰ ਕਿਉਂ ਕਿਹਾ। ਕਾਲੀ ਗੁੱਸੇ ਨੂੰ ਦਬਾਉਂਦਾ ਜਾਣ ਲਈ ਉੱਠ ਖੜਿਆ। ਪਰ ਛੱਜੂ ਸ਼ਾਹ ਉਹਨੂੰ ਹੱਥ ਨਾਲ ਬੈਠਣ ਦਾ ਇਸ਼ਾਰਾ ਕਰਦਾ ਹੋਇਆ ਬੋਲਿਆ:

"ਬਾਬੂ ਕਾਲੀ ਦਾਸ ਤੂੰ ਕਿੱਥੇ ਚੱਲਿਆਂ? ਬੈਠ ਬੈਠ। ਲੈ ਆਹ ਸਿਗਰਟ ਪੀ।" ਛੱਜੂ ਸ਼ਾਹ ਨੇ ਲੈਂਪ ਦਾ ਸਿਗਰਟ ਅਤੇ ਮਾਚਿਸ ਉਹਦੇ ਵਲ ਸੁੱਟਦੇ ਹੋਏ ਕਿਹਾ। ਕਾਲੀ ਸਿਗਰਟ ਲਾ ਕੇ ਫਿਰ ਬੈਠ ਗਿਆ। ਮੰਗੂ ਆਪਣੇ ਅੰਦਰ-ਹੀ- ਅੰਦਰ ਜ਼ਹਿਰ ਘੋਲਦਾ ਹੋਇਆ ਆਪਣੇ ਨੇੜੇ ਹਫ ਰਹੇ ਸ਼ਿਕਾਰੀ ਕੁੱਤੇ ਦੇ ਗਲ ਵਿੱਚ ਪਏ ਪਟੇ ਨੂੰ ਕੱਸਣ ਲੱਗਾ।

ਚੌਧਰੀ ਹਰਨਾਮ ਸਿੰਘ ਨੇ ਕੁੱਤੇ ਦੀ ਚੂੰ-ਚੂੰ ਦੀ ਅਵਾਜ਼ ਸੁਣੀ ਤਾਂ ਮੰਗੂ ਨੂੰ ਅਵਾਜ਼ ਦੇ ਕੇ ਕੁੱਤੇ ਦੇ ਗਲ ਦੇ ਪਟੇ ਨੂੰ ਢਿੱਲਾ ਕਰਨ ਲਈ ਕਿਹਾ। ਮੰਗੂ ਬੋਰੀ ਦੇ ਪਿੱਛਿਉਂ ਨਿਕਲ ਕੇ ਬੋਲਿਆ:

"ਪਟਾ ਤਾਂ ਢਿੱਲਾ ਈ ਆ। ਬੈਠਾ ਬੈਠਾ ਤੰਗ ਆ ਗਿਆ ਹੈ।"

"ਤਾਂ ਇਹਨੂੰ ਹਵੇਲੀ ਲੈ ਜਾ ਅਤੇ ਪਟਾ ਲਾਹ ਕੇ ਵੱਡਾ ਗੇਟ ਬੰਦ ਕਰ ਦਈਂ।" ਚੌਧਰੀ ਨੇ ਕਿਹਾ। ਮੰਗੂ ਕੁੱਤੇ ਦੀ ਸੰਗਲੀ ਫੜੀ ਕਾਲੀ ਨੂੰ ਘੂਰਦਾ ਹੋਇਆ ਥੜ੍ਹੇ ਤੋਂ ਹੇਠਾਂ ਉਤਰ ਗਿਆ।

ਜਦੋਂ ਜ਼ੈਲਦਾਰ ਫੌਜਾ ਸਿੰਘ ਅਤੇ ਛੱਜੂ ਸ਼ਾਹ ਦੀ ਗੱਲ ਸਿਰੇ ਚੜ੍ਹਦੀ ਨਜ਼ਰ ਨਾ ਆਈ ਤਾਂ ਚੌਧਰੀ ਹਰਨਾਮ ਸਿੰਘ ਨੇ ਜ਼ੈਲਦਾਰ ਨੂੰ ਕਿਹਾ:

"ਜ਼ੈਲਦਾਰਾ, ਜੇ ਤੂੰ ਆਪਣੀ ਜ਼ਮੀਨ ਗਹਿਣੇ ਨਹੀਂ ਰੱਖਣਾ ਚਾਹੁੰਦਾ ਤਾਂ ਮੈਂ ਆਪਣੀ ਜ਼ਮੀਨ ਰੱਖ ਦਿੰਦਾ। ਜੋ ਕੰਮ ਕਰਨਾ ਉਹ ਕਰਨਾ ਈ ਹੈ। ਦੋ ਜ਼ਰੀਬ ਜ਼ਮੀਨ ਪਿੱਛੇ ਕਿਉਂ ਜਾਨ ਦੇਈ ਜਾਂਦਾ।"

"ਇਹ ਹੈ ਚੌਧਰੀਆਂ ਵਾਲਾ ਜਿਗਰਾ।" ਛੱਜੂ ਸ਼ਾਹ ਨੇ ਖੁਸ਼ ਹੁੰਦਿਆਂ ਉੱਚੀ ਅਵਾਜ਼ ਵਿੱਚ ਕਿਹਾ।

"ਜ਼ੈਲਦਾਰ ਜੀ ਮੈਂ ਵਿਆਜ ਵਿੱਚ ਦਮੜੇ ਪਾਈ ਘਟਾ ਦਊਂਗਾ ਪਰ ਮੇਰੀ ਸ਼ਰਤ ਤੁਹਾਨੂੰ ਮੰਨਣੀ ਹੀ ਪਏਗੀ। ਨੀਤੀ ਦੇ ਉਲਟ ਜਾਣਾ ਮੇਰਾ ਧਰਮ ਨਹੀਂ। ਰੱਬ ਗਵਾਹ ਹੈ, ਮੈਨੂੰ ਆਪਣੀ ਰਕਮ ਅਤੇ ਵਿਆਜ ਦਾ ਫਿਕਰ ਨਹੀਂ, ਮੈਨੂੰ ਤਾਂ ਸਿਰਫ ਤੁਹਾਡੀ ਜ਼ਰੂਰਤ ਅਤੇ ਇਜ਼ਤ ਦਾ ਖਿਆਲ ਹੈ। ਜੀ ਖੋਲ੍ਹ ਕੇ ਖਰਚ ਕਰੋ। ਜੇ ਸਰਦਾਰ ਖਰਚ ਨਹੀਂ ਕਰਨਗੇ ਤਾਂ ਕੀ ਘੁਮਾਰ ਅਤੇ ਚਮਾਰ ਖਰਚ ਕਰਨਗੇ।" ਛੱਜੂ ਸ਼ਾਹ ਨੇ ਆਪਣੇ ਇਕ ਇਕ ਸ਼ਬਦ 'ਤੇ ਜ਼ੋਰ ਦਿੰਦਿਆ ਕਿਹਾ। ਜ਼ੈਲਦਾਰ ਫੌਜਾ ਸਿੰਘ ਲਈ ਹੁਣ ਕੋਈ ਰਾਹ ਨਾ ਰਿਹਾ। ਚੌਧਰੀ ਹਰਨਾਮ ਸਿੰਘ ਦੇ ਇਸ਼ਾਰੇ 'ਤੇ ਉਹਨੇ ਹਾਂ ਕਹਿ ਦਿੱਤੀ ਅਤੇ ਉਹ ਤਿੰਨੇ ਉੱਠ ਖੜ੍ਹੇ ਹੋਏ। ਛੱਜੂ ਸ਼ਾਹ ਨੇ ਜ਼ੈਲਦਾਰ ਨੂੰ ਕਿਹਾ:

"ਤੁਹਾਨੂੰ ਪਤਾ ਈ ਹੈ ਜੋ ਕਾਗਜ਼ ਪੱਤਰ ਚਾਹੀਦੇ ਨੇ। ਕਿਸੇ ਨੂੰ ਤਹਿਸੀਲ ਭੇਜ ਕੇ ਮੰਗਵਾ ਲੈਣਾ। ਮੈਂ ਏਨੀ ਦੇਰ ਵਿੱਚ ਰਕਮ ਦਾ ਬੰਦੋਬਸਤ ਕਰ ਲਊਂਗਾ।"

ਚੌਧਰੀ ਹਰਨਾਮ ਸਿੰਘ ਅਤੇ ਜ਼ੈਲਦਾਰ ਫੌਜਾ ਸਿੰਘ, ਛੱਜੂ ਸ਼ਾਹ ਨਾਲ ਦਿਨ ਨਿਸ਼ਚਿਤ ਕਰਕੇ ਥੜ੍ਹੇ ਤੋਂ ਉਤਰਨ ਲੱਗੇ। ਉਹਨਾਂ ਨੂੰ ਜਾਂਦੇ ਦੇਖ ਕਾਲੀ ਵੀ ਖੜ੍ਹਾ ਹੋ ਗਿਆ। ਚੌਧਰੀ ਹਰਨਾਮ ਸਿੰਘ ਨੇ ਉਹਦੀ ਵਲ ਹੋਰ ਧਿਆਨ ਨਾਲ ਦੇਖਿਆ ਅਤੇ ਉਸ ਦੇ ਰਿਸ਼ਟ ਪੁਸ਼ਟ ਸਰੀਰ ਅਤੇ ਸਾਫ ਕੱਪੜਿਆਂ ਦਾ ਜਾਇਜ਼ਾ ਲੈਂਦਾ ਹੋਇਆ ਬੋਲਿਆ:

"ਸੁਣਾ ਕਾਲੀ, ਕੀ ਹਾਲ ਹੈ ਤੇਰਾ?"

ਕਾਲੀ ਦੇ ਜੁਆਬ ਦੇਣ ਤੋਂ ਪਹਿਲਾਂ ਹੀ ਛੱਜੂ ਸ਼ਾਹ ਬੋਲ ਪਿਆ:

"ਚੌਧਰੀ, ਕਾਲੀ ਪੱਕਾ ਮਕਾਨ ਪਾ ਰਿਹਾ।"

ਚੌਧਰੀ ਨੇ ਇਕ ਵਾਰ ਫਿਰ ਕਾਲੀ 'ਤੇ ਨਜ਼ਰ ਸੁੱਟੀ ਅਤੇ ਕੁਛ ਕਹੇ ਬਿਨਾਂ ਥੜ੍ਹੇ ਤੋਂ ਹੇਠਾਂ ਉਤਰ ਗਿਆ।

ਜਦੋਂ ਉਹ ਕੁਛ ਦੂਰ ਚਲੇ ਗਏ ਤਾਂ ਛੱਜੂ ਸ਼ਾਹ ਨੇ ਕਾਲੀ ਨੂੰ ਕਿਹਾ:

"ਕੀ ਕੀਤਾ ਜਾਵੇ? ਚੌਧਰੀ ਲੋਕ ਨੇ, ਜ਼ਮੀਨਾਂ ਦੇ ਮਾਲਕ ਹਨ। ਰੁਪਈਆਂ ਪੈਸਿਆਂ ਦੀ ਜ਼ਰੂਰਤ ਹੁੰਦੀ ਹੈ ਤਾਂ ਏਧਰ ਆ ਜਾਂਦੇ ਹੈ। ਇਹਨਾਂ ਦੀ ਜ਼ਰੂਰਤ ਪੂਰੀ ਕਰਨੀ ਹੀ ਪੈਂਦੀ ਹੈ। ਜੇ ਨਾ ਕਰੋ ਤਾਂ ਕਦੇ ਦੁਕਾਨ 'ਤੇ ਡਾਕਾ ਅਤੇ ਕਦੇ ਘਰ ਵਿੱਚ ਚੋਰੀ। ਹੁਣ

ਦੋ ਹਜ਼ਾਰ ਮੰਗ ਰਿਹਾ ਸੀ, ਕੁੜੀ ਦੇ ਵਿਆਹ ਲਈ। ਹੱਥ ਉਧਾਰ ਚਾਹੁੰਦਾ ਸੀ। ਇਹ ਤਾਂ ਕਾਗਜ਼ ਪੱਤਰ ਹੁੰਦੇ ਹੋਏ ਰਕਮ ਖਾ ਜਾਂਦੇ ਨੇ, ਹੱਥ ਉਧਾਰ ਲਈ ਹੋਈ ਰਕਮ ਕਦੋਂ ਵਾਪਸ ਕਰਨਗੇ।"

ਕਾਲੀ ਆਪਣੀ ਮਨ ਦੀ ਗੱਲ ਕਹਿਣ ਲਈ ਛੱਜੂ ਸ਼ਾਹ ਦੀ ਹਾਂ ਵਿੱਚ ਹਾਂ ਮਿਲਾਉਂਦਾ ਹੋਇਆ ਬੋਲਿਆ:

"ਸ਼ਾਹ ਜੀ ਇਸ ਦੁਨੀਆਂ 'ਚ ਹਰ ਆਦਮੀ ਜ਼ਰੂਰਤਮੰਦ ਹੈ। ਬੰਦਾ ਹੀ ਬੰਦੇ ਦਾ ਦਾਰੂ ਹੈ। ਇਸ ਇਲਾਕੇ ਵਿੱਚ ਕਿਸੇ ਨੂੰ ਪੈਸੇ ਦੀ ਜ਼ਰੂਰਤ ਪਊਗੀ ਤਾਂ ਤੁਹਾਡੇ ਕੋਲ ਹੀ ਆਊਗਾ।"

"ਬੰਦਾ ਕਿਸੇ ਲਈ ਕੀ ਕਰ ਸਕਦਾ। ਕਰਨ ਵਾਲਾ ਤਾਂ ਰੱਬ ਹੈ। ਬੰਦਾ ਤਾਂ ਸਿਰਫ ਬਹਾਨਾ ਬਣਦਾ ਹੈ।" ਛੱਜੂ ਸ਼ਾਹ ਨੇ ਨਿਮਰਤਾ ਨਾਲ ਕਿਹਾ।

ਕਾਲੀ ਛੱਜੂ ਸ਼ਾਹ ਵਲ ਦੇਖਦਾ ਰਿਹਾ ਕਿ ਆਪਣੇ ਮਨ ਦੀ ਗੱਲ ਕਹਿ ਦੇਵੇ। ਪਰ ਉਹਦੀ ਹਿੰਮਤ ਨਹੀਂ ਪੈ ਰਹੀ ਸੀ। ਆਖਿਰ ਉਹਨੇ ਜੇਬ ਵਿੱਚੋਂ ਪੱਚੀ ਰੁਪਈਏ ਕੱਢੇ ਅਤੇ ਛੱਜੂ ਸ਼ਾਹ ਵਲ ਵਧਾਉਂਦਾ ਬੋਲਿਆ:

"ਏਧਰ ਆਇਆ ਸੀ ਤਾਂ ਕਿ ਤੁਹਾਨੂੰ ਉਹ ਪੈਸੇ ਦਿੰਦਾ ਜਾਂਵਾਂ ਜੋ ਚਾਚੇ ਨੇ ਤੁਹਾਡੇ ਕੋਲੋਂ ਉਧਾਰ ਲਏ ਸੀ।"

ਛੱਜੂ ਸ਼ਾਹ ਯਾਦ ਕਰਦਾ ਹੋਇਆ ਉੱਚੀ ਅਵਾਜ਼ ਵਿੱਚ ਬੋਲਿਆ:

"ਅੱਛਾ-ਅੱਛਾ, ਯਾਦ ਆ ਗਿਆ। ਇਹ ਤਾਂ ਦਸ ਬਾਰਾਂ ਸਾਲ ਪੁਰਾਣੀ ਗੱਲ ਹੈ। ਸ਼ਾਇਦ ਇਸ ਤੋਂ ਵੀ ਪੁਰਾਣੀ ਗੱਲ ਹੋਵੇ।"

"ਉਹ ਤਾਂ ਮੈਨੂੰ ਪਤਾ ਨਹੀਂ। ਤੁਸੀਂ ਪੱਚੀ ਰੁਪਏ ਕਹੇ ਸੀ, ਉਹ ਮੈਂ ਲੈ ਆਇਆਂ।"

"ਪਰ ਇਹਦੇ ਨਾਲ ਵਿਆਜ ਵੀ ਹੋਊਗਾ... ਚਲੋ ਬਾਰਾਂ ਸਾਲਾਂ ਦਾ ਨਾ ਸਹੀ, ਛੇ ਸਾਲਾਂ ਦਾ ਹੀ ਦੇ ਦੇ। ਆਪਣੇ ਆਦਮੀ ਨਾਲ ਏਨੀ ਰਿਆਇਤ ਤਾਂ ਕਰਨੀ ਹੀ ਚਾਹੀਦੀ।"

ਛੱਜੂ ਸ਼ਾਹ ਨੇ ਪੱਚੀ ਰੁਪਈਆਂ ਦੇ ਨੋਟ ਤਿੰਨ-ਚਾਰ ਵਾਰ ਉਂਗਲੀਆਂ ਵਿੱਚ ਮਸਲਨ ਤੋਂ ਬਾਅਦ ਕਿਹਾ। ਕਾਲੀ ਵਿਆਜ ਦਾ ਜ਼ਿਕਰ ਸੁਣ ਕੇ ਕੁਛ ਉਦਾਸ ਜਿਹਾ ਹੋ ਗਿਆ ਕਿਉਂਕਿ ਛੱਜੂ ਸ਼ਾਹ ਨੇ ਪਹਿਲਾਂ ਤਾਂ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਸੀ। ਕਾਲੀ ਦਿਖਾਵੇ ਲਈ ਖੁਸ਼ ਹੋ ਕੇ ਬੋਲਿਆ:

"ਕਿੰਨਾ ਵਿਆਜ ਹੈ ਸ਼ਾਹ ਜੀ?"

"ਸੋਲਾਂ ਰੁਪਈਏ ਹੋਰ ਦੇ ਦੇ। ਉਦਾਂ ਬਣਦੇ ਤਾਂ ਜ਼ਿਆਦਾ।" ਛੱਜੂ ਸ਼ਾਹ ਨੇ ਹਿਸਾਬ ਲਾਉਂਦੇ ਹੋਏ ਕਿਹਾ। ਕਾਲੀ ਨੇ ਉਹਦੇ ਹੱਥ ਵਿੱਚ ਸੋਲਾਂ ਰੁਪਈਏ ਹੋਰ ਫੜਾ ਦਿੱਤੇ। ਉਹਨੇ ਇਹਨਾਂ ਨੋਟਾਂ ਨੂੰ ਵੀ ਤਿੰਨ-ਚਾਰ ਵਾਰ ਗਿਣਿਆ ਅਤੇ ਉਹਨਾਂ ਨੂੰ ਕਮੀਜ਼ ਦੇ ਹੇਠਾਂ ਕੁਰਤੀ ਦੀ ਅੰਦਰਲੀ ਜੇਬ ਵਿੱਚ ਰੱਖ ਕੇ ਬੋਲਿਆ:

"ਪਹਿਲਾਂ ਮਲਕਾ ਦਾ ਚਾਂਦੀ ਦਾ ਰੁਪਈਆ ਚਲਦਾ ਸੀ। ਫਿਰ ਜਾਰਜ ਪੰਚਮ ਦਾ ਚਾਂਦੀ ਦਾ ਰੁਪਈਆ ਆਇਆ। ਜੇਬ ਵਿੱਚ ਦਸ ਰੁਪਈਏ ਵੀ ਹੁੰਦੇ ਤਾਂ ਮਹਿਸੂਸ ਹੁੰਦਾ ਸੀ ਕਿ ਉਸ ਵਿੱਚ ਕੁਛ ਹੈ। ਹੁਣ ਕਾਗਜ਼ ਦੇ ਨੋਟ ਆ ਗਏ ਹਨ। ਜੇਬ ਵਿੱਚ ਹਜ਼ਾਰ ਰੁਪਈਆ ਵੀ ਪਾ ਲਵੋ ਤਾਂ ਖਬਰ ਤੱਕ ਨਹੀਂ ਹੋਊਗੀ।" ਛੱਜੂ ਸ਼ਾਹ ਇਕ ਵਾਰ ਫਿਰ ਕਮੀਜ਼ ਦੇ ਅੰਦਰ ਹੱਥ ਪਾ ਕੇ ਨੋਟਾਂ ਨੂੰ ਟਟੋਲਦਾ ਹੋਇਆ ਬੋਲਿਆ:

"ਏਦਾਂ ਦੀਆਂ ਸਾਮੀਆਂ ਨੂੰ ਤਾਂ ਜ਼ਮਾਨਤ ਦੇ ਬਿਨਾਂ ਰਕਮ ਦੇਣ ਵਿੱਚ ਵੀ ਕੋਈ ਝਿਜਕ ਨਹੀਂ ਹੁੰਦੀ। ਜੇ ਬਾਪ ਉਧਾਰ ਲਾਹੇ ਬਿਨਾਂ ਮਰ ਗਿਆ ਤਾਂ ਪੁੱਤ ਨੇ ਲਾਹ ਦਿੱਤਾ। ਕਈ ਵਾਰ ਤਾਂ ਏਦਾਂ ਵੀ ਹੋਇਆ ਕਿ ਦਾਦੇ ਦਾ ਲਿਆ ਹੋਇਆ ਉਧਾਰ ਪੋਤੇ ਨੇ ਲਾਹਿਆ। ਪਰ ਹੁਣ ਜ਼ਮਾਨਾ ਬਦਲ ਗਿਆ ਹੈ।"

ਛੱਜੂ ਸ਼ਾਹ ਦੀਆਂ ਗੱਲਾਂ ਸੁਣ ਕੇ ਕਾਲੀ ਨੂੰ ਵਿਸ਼ਵਾਸ ਹੋ ਗਿਆ ਕਿ ਉਹਨੂੰ ਸ਼ਾਹ ਕੋਲੋਂ ਪੈਸੇ ਉਧਾਰ ਮਿਲ ਜਾਣਗੇ। ਉਹ ਕੁਛ ਪਲ ਛੱਜੂ ਸ਼ਾਹ ਵਲ ਦੇਖਦਾ ਰਿਹਾ ਅਤੇ ਫਿਰ ਹੌਲੀ ਅਵਾਜ਼ ਵਿੱਚ ਬੋਲਿਆ:

"ਸ਼ਾਹ ਜੀ।"

"ਕੀ ਗੱਲ ਹੈ ਕਾਲੀ ਦਾਸ?" ਛੱਜੂ ਸ਼ਾਹ ਉਹਦੇ ਮਨ ਦੀ ਗੱਲ ਨੂੰ ਬੁੱਝਣ ਦੀ ਕੋਸ਼ਿਸ਼ ਕਰਦਾ ਹੋਇਆ ਬੋਲਿਆ। ਕਾਲੀ ਨੇ ਰੁਕ-ਰੁਕ ਕੇ ਕਿਹਾ:

"ਸ਼ਾਹ ਜੀ, ਮੈਂ ਸੋਚ ਰਿਹਾਂ ਕਿ ਇਕ ਵਾਰ ਸਾਰੀਆਂ ਕੰਧਾਂ ਪੱਕੀਆਂ ਕਰ ਦੇਵਾਂ। ਵਾਰ ਵਾਰ ਉਧੇੜਨ-ਬਣਾਉਣ ਨਾਲ ਖਰਚ ਵੀ ਜ਼ਿਆਦਾ ਹੋਊਗਾ ਅਤੇ ਮਕਾਨ ਵੀ ਚੰਗਾ ਨਹੀਂ ਬਣੂ।"

"ਜੇ ਏਦਾਂ ਕਰ ਸਕੋ ਤਾਂ ਬਹੁਤ ਚੰਗੀ ਗੱਲ ਹੈ।" ਛੱਜੂ ਸ਼ਾਹ ਨੇ ਜੁਆਬ ਦਿੱਤਾ।

"ਪਰ ਸਾਰੀਆਂ ਕੰਧਾਂ ਨੂੰ ਇਕ ਵਾਰ ਹੀ ਪੱਕੀਆਂ ਕਰਨ ਲਈ ਮੇਰੇ ਕੋਲ ਰਕਮ ਘੱਟ ਹੈ। ਜੇ... ਜੇ... ਤੁਸੀਂ...।" ਕਾਲੀ ਆਪਣੀ ਗੱਲ ਪੂਰੀ ਨਾ ਕਰ ਸਕਿਆ ਅਤੇ ਜਦੋਂ ਛੱਜੂ ਸ਼ਾਹ ਨੇ ਉਹਨੂੰ ਹੌਂਸਲਾ ਦਿੱਤਾ ਤਾਂ ਬਹੁਤ ਤੇਜ਼ ਅਵਾਜ਼ ਵਿੱਚ ਬੋਲਿਆ:

"ਜੇ ਤੁਸੀਂ ਵਿਆਜ 'ਤੇ ਕੁਛ ਪੈਸੇ ਦੇ ਦਿਉ ਤਾਂ ਕੰਮ ਬਣ ਸਕਦਾ।"

"ਕਿੰਨੇ ਰੁਪਈਆਂ ਦੀ ਲੋੜ ਹੋਊਗੀ।"

"ਮੇਰੇ ਕੋਲ ਦੋ-ਢਾਈ ਸੌ ਹੈਗਾ। ਜੇ ਸੌ-ਡੇਢ ਸੌ ਹੋਰ ਮਿਲ ਜਾਵੇ ਤਾਂ ਕੰਮ ਬਣ ਸਕਦਾ।" ਕਾਲੀ ਨੇ ਹਿਸਾਬ ਲਾਉਂਦੇ ਨੇ ਕਿਹਾ।

ਛੱਜੂ ਸ਼ਾਹ ਸੋਚ ਵਿੱਚ ਪੈ ਗਿਆ। ਕਾਲੀ ਸਾਹ ਰੋਕ ਕੇ ਉਹਦੇ ਵਲ ਦੇਖਣ ਲੱਗਾ। ਉਹਦਾ ਦਿਲ, ਦਿਮਾਗ, ਕੰਨ, ਅੱਖਾਂ ਸਭ ਛੱਜੂ ਸ਼ਾਹ ਵਲ ਲੱਗੇ ਹੋਏ ਸਨ।

"ਏਨੀ ਰਕਮ ਦਾ ਬੰਦੋਬਸਤ ਕਿਵੇਂ ਹੋਊਗਾ।"

"ਜੇ ਤੁਸੀਂ ਚਾਹੋ ਤਾਂ ਸਭ ਕੁਛ ਹੋ ਸਕਦਾ। ਮੈਂ ਸਾਲ-ਦੋ-ਸਾਲ ਵਿੱਚ ਵਿਆਜ ਸਮੇਤ ਪੂਰੀ ਰਕਮ ਲਾਹ ਦਊਂਗਾ।"

"ਉਹ ਤਾਂ ਠੀਕ ਆ ਪਰ ਏਨੀ ਰਕਮ ਆਊ ਕਿੱਥੋਂ। ਮੇਰੇ ਕੋਲ ਪੈਸੇ ਹੁੰਦੇ ਤਾਂ ਜ਼ਰੂਰ ਦੇ ਦਿੰਦਾ। ਕਿਸੇ ਹੋਰ ਤੋਂ ਲਿਆ ਕੇ ਦਊਂਗਾ ਤਾਂ ਉਹ ਜ਼ਮਾਨਤ ਮੰਗੂ।" ਛੱਜੂ ਸ਼ਾਹ ਨੇ ਕਿਹਾ।

"ਤੁਹਾਡੇ ਕੋਲ ਪੈਸੇ ਦੀ ਕੀ ਕਮੀ। ਮੇਰਾ ਕੰਮ ਹੋ ਜਾਊ ਤਾਂ ਸਾਰੀ ਉਮਰ ਤੁਹਾਡਾ ਅਹਿਸਾਨ ਮੰਨੂਗਾਂ"

"ਅਹਿਸਾਨ ਦੀ ਤਾਂ ਕੋਈ ਗੱਲ ਨਹੀਂ। ਅੱਜ-ਕੱਲ੍ਹ ਕੰਮ-ਕਾਜ ਤਾਂ ਰਿਹਾ ਨਹੀਂ, ਚਾਰੇ ਪਾਸੀਂ ਮੰਦਾ ਹੀ ਮੰਦਾ ਹੈ। ਪੁਰਾਣੇ ਸਮੇਂ ਹੁਣ ਕਿੱਥੇ। ਦਾਲ-ਰੋਟੀ ਵੀ ਹੁਣ ਮੁਸ਼ਕਿਲ ਨਾਲ ਚਲਦੀ ਹੈ। ਪੈਸੇ ਕਿੱਦਾਂ ਜਮ੍ਹਾਂ ਹੋਣਗੇ।" ਛੱਜੂ ਸ਼ਾਹ ਅਸਮਾਨ ਵਲ ਦੇਖਦਾ ਹੋਇਆ ਬੋਲਿਆ। ਕਾਲੀ ਨੇ ਆਪਣੀ ਗੱਲ ਫਿਰ ਦੁਹਰਾਈ ਤਾਂ ਛੱਜੂ ਸ਼ਾਹ ਸੋਚ ਵਿੱਚ ਪੈ ਗਿਆ ਅਤੇ ਕੁਛ ਪਲਾਂ ਬਾਅਦ ਭੇਤਭਰੀ ਅਵਾਜ਼ ਵਿੱਚ ਬੋਲਿਆ:

"ਕੋਈ ਜ਼ਮਾਨਤ ਦੇ ਲਾਇਕ ਚੀਜ਼ ਹੈ। ਕੋਈ ਗਹਿਣਾ...?"

"ਬਸ ਆਹ ਘੜੀ ਹੈ।" ਕਾਲੀ ਨੇ ਜੇਬ ਵਿੱਚੋਂ ਪੁਰਾਣੀ ਘੜੀ ਕੱਢ ਕੇ ਦਿਖਾਉਂਦਿਆਂ ਕਿਹਾ, ਜਿਹੜੀ ਉਹਨੇ ਪੰਦਰਾਂ ਰੁਪਈਆਂ ਦੀ ਖ੍ਰੀਦੀ ਸੀ।

"ਇਹ ਕਿਸ ਕੰਮ? ਪਿੰਡ ਵਿੱਚ ਘੜੀ ਦਾ ਕੀ ਕੰਮ? ਏਥੇ ਲੋਕ ਦਿਨ ਵਿੱਚ ਪਰਛਾਂਵੇਂ ਅਤੇ ਰਾਤ ਨੂੰ ਤਾਰੇ ਦੇਖ ਕੇ ਸਮੇਂ ਦਾ ਅੰਦਾਜ਼ਾ ਲਾ ਲੈਂਦੇ ਹਨ। ਕੋਈ ਏਦਾਂ ਦੀ ਚੀਜ਼ ਬਾਰੇ ਦੱਸ ਜਿਹੜੀ ਜ਼ਮਾਨਤ ਦੇ ਕੰਮ ਆ ਸਕੇ।" ਛੱਜੂ ਸ਼ਾਹ ਆਪਣੀ ਗੱਲ 'ਤੇ ਜ਼ੋਰ ਦਿੰਦਾ ਹੋਇਆ ਬੋਲਿਆ।

"ਤੁਸੀਂ ਜ਼ੈਲਦਾਰ ਨੂੰ ਦੋ ਹਜ਼ਾਰ ਰੁਪਈਏ ਦੇਣ ਦਾ ਵਚਨ ਦਿੱਤਾ ਹੈ।" ਕਾਲੀ ਨੇ ਤਿੱਖੀ ਅਵਾਜ਼ ਵਿੱਚ ਕਿਹਾ।

"ਉਹਨਾਂ ਦੀ ਗੱਲ ਨਾ ਕਰ। ਉਹ ਮਾਲਿਕ ਲੋਕ ਨੇ। ਜ਼ਿਮੀਂਦਾਰ ਨੇ। ਦੋ ਘੁਮਾ ਜ਼ਮੀਨ ਗਹਿਣੇ ਰੱਖ ਗਿਆ ਹੈ। ਜਦੋਂ ਤੱਕ ਉਹਨਾਂ ਕੋਲ ਜ਼ਮੀਨ ਹੈ ਉਹਨਾਂ ਨੂੰ ਵਿਆਜ 'ਤੇ ਪੈਸਿਆਂ ਦੀ ਕਮੀ ਨਹੀਂ।" ਛੱਜੂ ਸ਼ਾਹ ਨੇ ਆਪਣੇ ਇਕ ਇਕ ਸ਼ਬਦ 'ਤੇ ਜ਼ੋਰ ਦਿੰਦਿਆਂ ਕਿਹਾ।

ਛੱਜੂ ਸ਼ਾਹ ਦੇ ਸ਼ਬਦਾਂ ਨੇ ਕਾਲੀ ਦੀਆਂ ਸਾਰੀਆਂ ਉਮੀਦਾਂ ਨੂੰ ਫੂਕ ਮਾਰ ਕੇ ਉੜਾ ਦਿੱਤਾ। ਉਹਨੂੰ ਸਮਝ ਨਹੀਂ ਸੀ ਆ ਰਿਹਾ ਕਿ ਸ਼ਾਹ ਨੂੰ ਕੀ ਜੁਆਬ ਦੇਵੇ। ਉਹਨੇ ਆਪਣੇ ਆਪ ਨੂੰ ਸੰਭਾਲਦੇ ਹੋਏ ਕਿਹਾ:

"ਸ਼ਾਹ ਜੀ ਤੁਸੀਂ ਮੇਰੇ ਮਕਾਨ ਦੀ ਜ਼ਮੀਨ ਗਹਿਣੇ ਰੱਖ ਲਵੋ।" ਕਾਲੀ ਨੂੰ ਇਹ ਕਹਿੰਦੇ ਹੋਏ ਬਹੁਤ ਦੁੱਖ ਹੋਇਆ ਅਤੇ ਉਹਨੂੰ ਇਸ ਤਰ੍ਹਾਂ ਲੱਗਿਆ ਕਿ ਉਹ ਬੂਟਾ ਲਾਉਣ ਤੋਂ ਪਹਿਲਾਂ ਹੀ ਉਹਦੀ ਥਾਂ ਅਮਰਵੇਲ ਦਾ ਬੀ ਪਾ ਰਿਹਾ ਹੈ। ਛੱਜੂ ਸ਼ਾਹ ਕਾਲੀ ਦੀ ਉਦਾਸੀ ਨੂੰ ਭਾਂਪਦਾ ਹੋਇਆ ਬੋਲਿਆ:

"ਕਾਲੀ ਦਾਸ ਜਿਸ ਜ਼ਮੀਨ ਦੀ ਤੂੰ ਗੱਲ ਕਰ ਰਿਹਾਂ ਉਹ ਜ਼ਮੀਨ ਵੀ ਤੇਰੀ ਨਹੀਂ। ਉਹ ਸ਼ਾਮਲਾਤ ਦੀ (ਪਿੰਡ ਦੇ ਜ਼ਿਮੀਂਦਾਰਾਂ ਦੀ ਸਾਂਝੀ ਜ਼ਮੀਨ) ਜ਼ਮੀਨ ਹੈ। ਜਦੋਂ ਤੱਕ ਤੂੰ ਜਾਂ ਤੇਰੇ ਵਾਰਿਸ ਇਸ ਪਿੰਡ ਵਿੱਚ ਰਹੋਗੇ, ਜ਼ਮੀਨ ਦਾ ਉਹ ਟੁਕੜਾ ਰਿਹਾਇਸ਼ ਲਈ ਤੁਹਾਡਾ ਹੈ। ਬਾਅਦ ਵਿੱਚ ਉਸ ਦਾ ਮਾਲਕ ਪਿੰਡ ਹੋਊਗਾ। ਉਹ ਤੇਰੀ ਮਲਕੀਅਤ ਵਾਲੀ ਜ਼ਮੀਨ ਨਹੀਂ, ਮੌਰੂਸੀ ਜ਼ਮੀਨ ਹੈ।"

ਛੱਜੂ ਸ਼ਾਹ ਦੀ ਗੱਲ ਸੁਣ ਕੇ ਕਾਲੀ ਦੀ ਰਹਿੰਦੀ-ਸਹਿੰਦੀ ਹਿੰਮਤ ਵੀ ਜੁਆਬ ਦੇ ਗਈ। ਉਹਨੂੰ ਮਹਿਸੂਸ ਹੋਣ ਲੱਗਾ ਕਿ ਪਿੰਡ ਵਿੱਚ ਉਸ ਦੀ ਹਸਤੀ ਸਿਫਰ ਬਰਾਬਰ ਹੈ। ਉਹ ਦੀਆਂ ਅੱਖਾਂ ਅੱਗੇ ਹਨ੍ਹੇਰਾ ਛਾਉਣ ਲੱਗਾ। ਉਹ ਕੁਛ ਦੇਰ ਤੱਕ ਉਸ ਹੀ ਹਾਲਤ ਵਿੱਚ ਬੈਠਾ ਜ਼ਮੀਨ ਨੂੰ ਘੂਰਦਾ ਰਿਹਾ। ਉਹ ਸੌ ਸਾਲਾਂ ਦੇ ਬੁੱਢੇ ਵਾਂਗ ਗੋਡਿਆਂ 'ਤੇ ਹੱਥ ਰੱਖ ਕੇ ਹੌਲੀ ਹੌਲੀ ਉੱਠਿਆ ਅਤੇ ਥੜ੍ਹੇ ਤੋਂ ਹੇਠਾਂ ਉਤਰ ਆਇਆ। ਛੱਜੂ ਸ਼ਾਹ ਉਹਨੂੰ ਦਿਲਾਸਾ ਦਿੰਦਾ ਹੋਇਆ ਬੋਲਿਆ:

"ਕਾਲੀ ਦਾਸ ਨਿਰਾਸ਼ ਹੋਣ ਦੀ ਗੱਲ ਨਹੀਂ। ਮੇਰੇ ਕੋਲ ਰੁਪਈਆ ਹੁੰਦਾ ਤਾਂ ਫੌਰਨ ਦੇ ਦਿੰਦਾ। ਜਦੋਂ ਮੈਂ ਤੇਰੇ ਚਾਚੇ ਨੂੰ ਦਿੱਤਾ ਸੀ ਤਾਂ ਤੈਨੂੰ ਦੇਣ ਵਿੱਚ ਕੀ ਹਰਜ ਹੈ... ਅਜੇ ਇਕ ਕੰਧ ਹੀ ਪੱਕੀ ਕਰ ਲਉ। ਰੱਬ ਨੇ ਚਾਹਿਆ ਤਾਂ ਦੋ ਸਾਲਾਂ 'ਚ ਉੱਪਰ ਚੁਬਾਰਾ ਵੀ ਬਣ ਜਾਊ।"

ਕਾਲੀ ਥੜ੍ਹੇ ਦੀ ਉਪਰਲੀ ਪੌੜੀ 'ਤੇ ਰੁਕ ਕੇ ਛੱਜੂ ਸ਼ਾਹ ਦੀਆਂ ਗੱਲਾਂ ਸੁਣਨ ਲੱਗਾ। ਜਦੋਂ ਸ਼ਾਹ ਨੇ ਹੁੱਕਾ ਗੁੜਗੁੜਾਉਣਾ ਸ਼ੁਰੂ ਕਰ ਦਿੱਤਾ ਤਾਂ ਉਹ ਹੇਠਾਂ ਉਤਰ ਹੌਲੀ ਹੌਲੀ ਪੈਰ ਧਰਦਾ ਹੋਇਆ ਆਪਣੇ ਘਰ ਵਲ ਚੱਲ ਪਿਆ। ਉਹਦੇ ਦਿਮਾਗ ਤੋਂ ਮਕਾਨ ਦਾ ਨਕਸ਼ਾ ਉਤਰ ਗਿਆ। ਚਮ੍ਹਾਰਲੀ ਦੇ ਬਾਹਰ ਖੂਹ ਦੇ ਨੇੜੇ ਗੰਦੇ ਪਾਣੀ ਦੀ ਛੱਪੜੀ ਦੇ ਨੇੜੇ ਆ ਕੇ ਉਹ ਰੁਕ ਗਿਆ। ਪਹਿਲਾਂ ਉਹ

ਇੱਥੇ ਬਦਬੂ ਤੋਂ ਬਚਣ ਲਈ ਨੱਕ 'ਤੇ ਹੱਥ ਰੱਖ ਲਿਆ ਕਰਦਾ ਸੀ। ਹੁਣ ਉਹਨੇ ਉੱਥੇ ਖੜ੍ਹਾ ਹੋ ਕੇ ਸਾਹ ਨੂੰ ਜ਼ੋਰ ਦੇਣੀ ਅੰਦਰ ਖਿੱਚਿਆ ਅਤੇ ਫਿਰ ਹੌਲੀ ਹੌਲੀ ਛੱਡਦਾ ਹੋਇਆ ਛੱਪੜੀ ਪਾਰ ਕਰਕੇ ਗਲੀ ਵਿੱਚ ਵੜ ਗਿਆ। ਗਲੀ ਵਿੱਚ ਚਿੱਕੜ ਨੂੰ ਪੈਰਾਂ ਹੇਠ ਮਿੱਧਦਾ ਉਹ ਆਪਣੇ ਖੰਡਰ ਦੇ ਸਾਹਮਣੇ ਆ ਖੜਿਆ। ਉਹ ਇਕ ਪਾਸੇ ਪਏ ਬੋਦੇ ਅਤੇ ਪੁਰਾਣੇ ਸ਼ਹਿਤੀਰਾਂ, ਕੜੀਆਂ ਅਤੇ ਸਿਰਕੀਆਂ ਨੂੰ ਦੇਖ ਕੇ ਭੌਂਚੱਕਾ ਰਹਿ ਗਿਆ। ਉਹਨੇ ਜ਼ਮੀਨ ਦੇ ਛੋਟੇ ਜਿਹੇ ਟੁਕੜੇ ਨੂੰ ਦੇਖਿਆ ਅਤੇ ਮੂੰਹ ਦੂਸਰੇ ਪਾਸੇ ਕਰ ਲਿਆ ਜਿਵੇਂ ਉਸ ਜ਼ਮੀਨ ਨਾਲ ਉਹਦਾ ਕੋਈ ਸੰਬੰਧ ਨਾ ਹੋਵੇ। ਦਿਲ ਵਿੱਚ ਘਿਰਣਾ ਅਤੇ ਬੇਬਸੀ ਨਾਲ ਉਹਦੇ ਮਨ-ਪ੍ਰਾਣ ਸੁੰਗੜਨ ਲੱਗੇ। ਉਹ ਜ਼ਮੀਨ ਦੇ ਟੁਕੜੇ ਨੂੰ ਘੂਰਦਾ ਹੋਇਆ ਸੋਚਣ ਲੱਗਾ ਕਿ ਇਹ ਵੀ ਉਹਦਾ ਨਹੀਂ ਹੈ। ਇਹ ਹੀ ਕੀ, ਇਸ ਮੁਹੱਲੇ 'ਚ ਹਰ ਚੀਜ਼ ਮੌਰੂਸੀ ਹੈ... ਚਮਾਰਾਂ ਦੀਆਂ ਔਲਾਦਾਂ ਤੱਕ ਮੌਰੂਸੀ ਹਨ। ਕਾਲੀ ਗਲੀ ਵਿੱਚ ਬੈਠ ਗਿਆ ਅਤੇ ਅੱਖਾਂ ਬੰਦ ਕਰਕੇ ਸਿਰ ਕੰਧ ਦੇ ਨਾਲ ਲਾ ਲਿਆ।

ਉਹਨੂੰ ਦੋ ਅਵਾਜ਼ਾਂ ਸੁਣ ਰਹੀਆਂ ਸਨ। ਇਕ ਬੁੱਢੀ ਅਤੇ ਦੂਸਰੀ ਜਵਾਨ। ਇਕ ਉਮੰਗਾਂ ਭਰੀ ਅਤੇ ਦੂਸਰੀ ਕਿਸੇ ਹੱਦ ਤੱਕ ਨਿਰਾਸ਼। ਉਹ ਧਿਆਨ ਨਾਲ ਦੋਵੇਂ ਅਵਾਜ਼ਾਂ ਨੂੰ ਸੁਣਨ ਲੱਗਾ। ਗਿਆਨੋ ਚਾਚੀ ਨੂੰ ਕਹਿ ਰਹੀ ਸੀ:

"ਚਾਚੀ, ਮਕਾਨ ਬਣ ਜਾਵੇ ਤਾਂ ਕਾਲੀ ਦਾ ਵਿਆਹ ਕਰ ਦਈਂ। ਚੰਗੀ ਜਿਹੀ ਵਹੁਟੀ ਲਿਆਂਈਂ - ਕਾਲੀ ਵਾਂਗ ਲੰਬੀ ਅਤੇ ਤੱਕੜੀ। ਕਿਤਿਉਂ ਕੋਈ ਬੌਣੀ ਨਾ ਫੜ ਲਿਆਂਈਂ। ਘਰ ਵਿੱਚ ਬਹੂ ਆ ਜਾਏ ਤਾਂ ਆਪਣਾ ਚਰਖਾ ਛੱਤ 'ਤੇ ਲੈ ਜਾਈਂ। ਪੀੜੇ 'ਤੇ ਬੈਠੀ ਬੈਠੀ ਰੋਟੀ ਖਾਈਂ...।" ਗਿਆਨੋ ਆਪਣੀ ਧੁਨ ਵਿੱਚ ਬੋਲੀ ਜਾ ਰਹੀ ਸੀ ਕਿ ਚਾਚੀ ਉਹਨੂੰ ਪਿਆਰ ਨਾਲ ਝਿੜਕਦੀ ਹੋਈ ਬੋਲੀ:

"ਚੁੱਪ, ਮੁਟਿਆਰ ਕੁੜੀਆਂ ਨਈਂ ਏਦਾਂ ਦੀਆਂ ਗੱਲਾਂ ਕਰਦੀਆਂ।...." ਫਿਰ ਸੋਚਾਂ ਵਿੱਚ ਡੁੱਬੀ ਕਹਿਣ ਲੱਗੀ:

"ਸੰਜੋਗ ਹੋਊ ਤਾਂ ਵਿਆਹ ਵੀ ਹੋ ਜਾਊ। ਹਾਲੇ ਤੱਕ ਤਾਂ ਉਹ ਨਾਂ ਨਹੀਂ ਲੈਣ ਦਿੰਦਾ। ਉਹ ਦੀ ਉਮਰ ਦੇ ਮੁੰਡੇ ਤਾਂ ਚਾਰ ਚਾਰ ਬੱਚਿਆਂ ਦੇ ਬਾਪ ਹਨ।"

ਚਾਚੀ ਅਤੇ ਗਿਆਨੋ ਆਪਣੇ ਆਪਣੇ ਢੰਗ ਨਾਲ ਕਾਲੀ ਬਾਰੇ ਗੱਲਾਂ ਵਿੱਚ ਗੁਆਚੀਆਂ ਹੋਈਆਂ ਸਨ ਕਿ ਉਹਨੇ ਖੰਘ ਕੇ ਦੋਹਾਂ ਦਾ ਧਿਆਨ ਆਪਣੀ ਵਲ ਖਿੱਚ ਲਿਆ। ਗਿਆਨੋ ਸ਼ਰਮ ਦੇ ਮਾਰੇ ਜ਼ਮੀਨ ਵਿੱਚ ਧਸਦੀ ਜਾ ਰਹੀ ਸੀ। ਪਰ ਜਦੋਂ ਉਹਨੇ ਕਾਲੀ ਨੂੰ ਬਹੁਤ ਉਦਾਸ ਅਤੇ ਨਿਰਾਸ਼ ਦੇਖਿਆ ਤਾਂ ਚੌਂਕ ਗਈ ਅਤੇ ਚਾਚੀ ਨੂੰ ਕਿਹਾ:

"ਚਾਚੀ, ਕਾਲੀ ਨੂੰ ਕੀ ਹੋ ਗਿਆ। ਬਹੁਤ ਚੁੱਪ-ਚੁੱਪ ਅਤੇ ਉਦਾਸ ਦਿਸਦਾ।"

"ਕਾਕਾ, ਇਥੇ ਧੁੱਪ ਵਿੱਚ ਕਿਉਂ ਬੈਠਾਂ।" ਚਾਚੀ ਘਬਰਾ ਕੇ ਉੱਠੀ ਅਤੇ ਕਾਲੀ ਦੇ ਕੋਲ ਆ ਕੇ ਬੋਲੀ।

ਚਾਚੀ ਦੀ ਅਵਾਜ਼ ਸੁਣ ਕੇ ਕਾਲੀ ਨੇ ਇਸ ਤਰ੍ਹਾਂ ਅੱਖਾਂ ਖੋਲ੍ਹੀਆਂ ਜਿਵੇਂ ਕੋਈ ਬਹੁਤ ਡਰਾਉਣਾ ਸੁਫਨਾ ਦੇਖਦਾ ਹੋਇਆ ਡਰ ਗਿਆ ਹੋਵੇ। ਕਾਲੀ ਨੇ ਚਾਚੀ ਅਤੇ ਗਿਆਨੋ 'ਤੇ ਸਰਸਰੀ ਜਿਹੀ ਨਜ਼ਰ ਮਾਰੀ ਅਤੇ ਵਿਹੜੇ ਵਿੱਚ ਆ ਕੇ ਨਾਲ ਦੀ ਕੰਧ ਦੇ ਪਰਛਾਵੇਂ ਵਿੱਚ ਬੈਠ ਗਿਆ।

"ਹੋ ਗਿਆ ਬੰਦੋਬਸਤ?"

"ਨਹੀਂ ਹੋਇਆ।" ਕਾਲੀ ਨੇ ਨਿਰਾਸ਼ਾ ਭਰੀ ਅਵਾਜ਼ ਵਿੱਚ ਕਿਹਾ। ਚਾਚੀ ਕੁਛ ਦੇਰ ਤੱਕ ਚੁੱਪ ਬੈਠੀ ਰਹੀ। ਉਸ ਦੇ ਹੱਥਾਂ 'ਚੋਂ ਅਟੇਰਨ ਡਿੱਗ ਪਿਆ। ਉਹਨੇ ਉਹਨੂੰ ਚੁੱਕਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਕਾਲੀ ਨੂੰ ਦਿਲਾਸਾ ਦਿੰਦੀ ਹੋਈ ਬੋਲੀ:

"ਬੰਦੋਬਸਤ ਨਹੀਂ ਹੋਇਆ ਤਾਂ ਕੋਈ ਹਰਜ ਨਹੀਂ। ਪੂਰਾ ਮਕਾਨ ਨਾ ਸਹੀ, ਕੱਚਾ-ਪੱਕਾ ਮਕਾਨ ਪਾ ਲਵਾਂਗੇ।"

ਕਾਲੀ ਝੁੰਜਲਾਈ ਹੋਈ ਅਵਾਜ਼ ਵਿੱਚ ਬੋਲਿਆ:

"ਚਾਚੀ ਮੈਂ ਖਾਹਮਖਾਹ ਕੋਠਾਂ ਢਾਹ ਦਿੱਤਾ। ਮੇਰੀ ਤਾਂ ਅਕਲ ਮਾਰੀ ਗਈ ਸੀ। ਤੂੰ ਹੀ ਮੈਨੂੰ ਮਨ੍ਹਾ ਕਰ ਦਿੰਦੀ।"

"ਜੋ ਹੋ ਗਿਆ ਸੋ ਹੋ ਗਿਆ। ਹੁਣ ਰੱਬ ਦਾ ਨਾਂ ਲੈ ਕੇ ਕੰਮ ਸ਼ੁਰੂ ਕਰ ਦੇ। ਜਿੱਦਾਂ ਦਾ ਪਾ ਸਕਾਂਗੇ, ਪਾ ਲਵਾਂਗੇ।"

"ਨਹੀਂ ਚਾਚੀ, ਹੁਣ ਮੈਂ ਪਿੰਡ ਵਿੱਚ ਨਹੀਂ ਰਹੂੰਗਾ। ਤੈਨੂੰ ਵੀ ਨਾਲ ਲੈ ਜਾਊਂਗਾ। ਮੇਰਾ ਇੱਥੇ ਕੀ ਰੱਖਿਆ। ਮੇਰੇ ਇੱਥੇ ਕਿਹੜੇ ਖੇਤ ਬੰਜਰ ਹੋ ਰਹੇ ਨੇ।" ਕਾਲੀ ਨੇ ਬਹੁਤ ਦੁੱਖ ਭਰੀ ਅਵਾਜ਼ ਵਿੱਚ ਕਿਹਾ।

"ਕਾਕਾ, ਇਸ ਬੁਢਾਪੇ ਵਿੱਚ ਮੇਰੀ ਕਿੱਥੇ ਮਿੱਟੀ ਖਰਾਬ ਕਰੂੰਗਾ। ਮੈਂ ਸਾਰੀ ਉਮਰ ਇਸ ਪਿੰਡ ਵਿੱਚ ਲੰਘਾਈ ਹੈ, ਬਾਕੀ ਜਿਹੜੀ ਹੈ ਉਹ ਵੀ ਇੱਥੇ ਕੱਟੂਗੀਂ। ਤੂੰ ਚਲਾ ਗਿਆ ਤਾਂ ਪਿੰਡ ਵਾਲੇ ਮੇਰੇ 'ਤੇ ਚਾਰ ਲੱਕੜੀਆਂ ਪਾ ਕੇ ਸਾੜ-ਫੂਕ ਦੇਣਗੇ।" ਇਹ ਕਹਿੰਦੀ ਹੋਈ ਚਾਚੀ ਰੋਣ ਲੱਗੀ। ਕਾਲੀ ਵੀ ਰੁਆਂਸਾ ਹੋ ਗਿਆ। ਉਹ ਕੁਛ ਚਿਰ ਚੁੱਪ ਰਹਿ ਕੇ ਬੋਲਿਆ:

"ਚਾਚੀ। ਤੂੰ ਹੀ ਦਸ ਹੁਣ ਮੈਂ ਇਸ ਪਿੰਡ ਵਿੱਚ ਕਿਸ ਮੂੰਹ ਨਾਲ ਰਹੂੰਗਾ। ਸਾਰੇ ਪਿੰਡ ਵਿੱਚ ਖਬਰ ਧੁੰਮ ਗਈ ਹੈ ਕਿ ਮੈਂ ਪੱਕਾ ਮਕਾਨ ਪਾ ਰਿਹਾਂ। ਹੁਣ ਕੱਚਾ ਕੋਠਾ ਹੀ ਖੜ੍ਹਾ ਕਰੂੰਗਾਂ ਤਾਂ ਲੋਕ ਕਹਿਣਗੇ ਕਿ ਮਕਾਨ ਢਾਹਿਆ ਤਾਂ ਇਸ ਤੇਜ਼ੀ ਨਾਲ ਸੀ ਜਿਵੇਂ ਉਹਦੀ ਜਗਹ 'ਤੇ ਸੋਨੇ ਦੀ ਲੰਕਾ ਬਣਾਉਣੀ ਹੈ। ਹੁਣ ਫਿਰ ਮਿੱਟੀ ਦੇ ਢੇਲੇ 'ਤੇ ਢੇਲਾ ਰੱਖ ਕੇ ਕੰਧਾਂ ਖੜੀਆਂ ਕਰ ਰਿਹਾ। ਇਹ ਗੱਲਾਂ ਨਹੀਂ ਸੁਣੀਆਂ ਜਾਣਗੀਆਂ।"

ਗਿਆਨੋ ਹੈਰਾਨ ਅਤੇ ਪਰੇਸ਼ਾਨ ਹੋਈ ਕਾਲੀ ਦੀਆਂ ਗੱਲਾਂ ਸੁਣ ਰਹੀ ਸੀ ਅਤੇ ਉਹਨੂੰ ਧਿਆਨ ਨਾਲ ਦੇਖ ਰਹੀ ਸੀ। ਉਹਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਕਾਲੀ ਇਸ ਤਰ੍ਹਾਂ ਦੀਆਂ ਗੱਲਾਂ ਕਿਉਂ ਕਰ ਰਿਹਾ ਹੈ। ਉਹ ਉਤੇਜਿਤ ਅਵਾਜ਼ ਵਿੱਚ ਬੋਲੀ:

"ਇਸ ਵਿੱਚ ਸ਼ਰਮ ਦੀ ਕਿਹੜੀ ਗੱਲ ਹੈ? ਆਪਣਾ ਮਕਾਨ ਕੋਈ ਜਿਸ ਤਰ੍ਹਾਂ ਦਾ ਮਰਜ਼ੀ ਬਣਾਵੇ।"

ਇਹਨਾਂ ਸ਼ਬਦਾਂ ਵਿੱਚ ਕੋਈ ਜਾਦੂ ਨਹੀਂ ਸੀ। ਪਰ ਗਿਆਨੋ ਨੇ ਆਪਣੀ ਗੱਲ ਏਨੇ ਵਿਸ਼ਵਾਸ ਨਾਲ ਕਹੀ ਕਿ ਕਾਲੀ ਹੈਰਾਨ ਜਿਹਾ ਉਹਦੀ ਵਲ ਦੇਖਣ ਲੱਗਾ। ਗਿਆਨੋ ਉਸ ਹੀ ਲਹਿਜੇ ਵਿੱਚ ਬੋਲੀ:

"ਜੇ ਆਦਮੀ ਪਿੰਡ ਦੇ ਲੋਕਾਂ ਦੀ ਮਰਜ਼ੀ ਨਾਲ ਚੱਲਣ ਲੱਗੇ ਤਾਂ ਇਕ ਹੀ ਦਿਨ ਵਿੱਚ ਜਾਂ ਤਾਂ ਉਹਨੂੰ ਪਿੰਡ ਛੱਡਣਾ ਪਊਗਾ ਜਾਂ ਖੂਹ ਵਿੱਚ ਛਾਲ ਮਾਰਨੀ ਪਊਗੀ।" ਕਾਲੀ ਨੂੰ ਇਸ ਸਾਂਵਲੀ, ਨਿੱਗਰ ਜੁੱਸੇ ਵਾਲੀ ਅਤੇ ਸਿਹਤਮੰਦ ਕੁੜੀ ਵਲ ਅਚਾਨਕ ਹੀ ਬਹੁਤ ਜ਼ਿਆਦੀ ਖਿੱਚ ਮਹਿਸੂਸ ਹੋਈ। ਉਸ ਨੇ ਆਪਣੀ ਕਹੀ ਦੇ ਫਾਲੇ ਜਿੱਡੀਆਂ ਲੰਬੀਆਂ ਲੰਬੀਆਂ ਉਂਗਲੀਆਂ ਅਤੇ ਰੰਬੇ ਵਰਗੀਆਂ ਚੌੜੀਆਂ ਹਥੇਲੀਆਂ ਵਲ ਦੇਖਿਆ। ਆਪਣੀ ਚੌੜੀ ਚਕਲੀ ਛਾਤੀ ਵਲ ਦੇਖਿਆ ਅਤੇ ਆਪਣੇ ਮਜ਼ਬੂਤ ਬਾਂਹਾਂ ਨੂੰ ਅਕੜਾਇਆ ਅਤੇ ਮਨ ਹੀ ਮਨ ਵਿੱਚ ਸੋਚਣ ਲੱਗਾ ਕਿ ਉਹ ਚਾਹੇ ਤਾਂ ਧਰਤੀ ਨੂੰ ਇਕ ਸਿਰੇ ਤੋਂ ਫੜ ਕੇ ਉਲਟਾ ਦੇਵੇ। ਕਾਲੀ ਦਾ ਚਿਹਰ ਤਮਤਮਾਉਣ ਲੱਗਾ ਅਤੇ ਉਹ ਚਾਚੀ ਨੂੰ ਬਾਹਾਂ ਵਿੱਚ ਚੁੱਕਦਾ ਹੋਇਆ ਬੋਲਿਆ:

"ਚਾਚੀ ਇੱਥੇ ਰਹੂੰਗਾ ਅਤੇ ਮਕਾਨ ਵੀ ਪੱਕਾ ਹੀ ਬਣਾਊਂਗਾ।... ਮੈਂ ਗੜੀ ਦੇ ਭੱਠੇ 'ਤੇ ਜਾ ਕੇ ਇੱਟਾਂ ਲਈ ਕਹਿ ਆਵਾਂ। ਫਿਰ ਛੱਪੜ ਤੋਂ ਮਿੱਟੀ ਢੋਣ ਲਈ ਦੀਨੇ ਘੁੰਮਹਾਰ ਕੋਲ ਵੀ ਜਾਣਾ। ਸੰਤਾ ਸਿੰਘ ਮਿਸਤਰੀ ਨੂੰ ਮਿਲਣਾ।"

ਕਾਲੀ ਨੇ ਮੁਸਕਰਾ ਕੇ ਗਿਆਨੋ ਵਲ ਦੇਖਿਆ ਅਤੇ ਉਹਦੀਆਂ ਝੁਕੀਆਂ ਹੋਈਆਂ ਅੱਖਾਂ ਨੂੰ ਨਿਹਾਰਦਾ ਹੋਇਆ ਗਲੀ ਵਲ ਚਲਾ ਗਿਆ।

## 9

ਦੀਨੇ ਘੁੰਮਹਾਰ ਦਾ ਘਰ ਪਿੰਡ ਦੇ ਪੱਛਮ ਵਿੱਚ ਸੀ। ਕਾਲੀ ਜਦੋਂ ਉਹਨੂੰ ਲੱਭਣ ਉੱਥੇ ਗਿਆ ਤਾਂ ਉਹ ਗੋਹੇ ਦੇ ਢੇਰਾਂ ਕੋਲ ਬੇਰੀ ਹੇਠ ਲੰਮਾ ਪਿਆ ਸੀ ਅਤੇ ਉਹਦੇ ਦੋਵੇਂ ਗਧੇ ਢੇਰਾਂ ਦੇ ਪਿੱਛੇ ਘੁੰਮ ਰਹੇ ਸਨ। ਕਾਲੀ ਦੀ ਅਵਾਜ਼ ਸੁਣ ਕੇ ਦੀਨਾ ਉੱਠ ਖੜਿਆ ਅਤੇ ਉਹਦੀ ਵਲ ਧਿਆਨ ਨਾਲ ਦੇਖਦਾ ਹੋਇਆ ਸ਼ਰਮਿੰਦੀ ਆਵਾਜ਼ ਵਿੱਚ ਬੋਲਿਆ:

"ਅੱਖ ਲੱਗ ਗਈ ਸੀ।"

"ਅੱਛਾ... ਕੋਈ ਹਰਜ ਨਹੀਂ।" ਕਾਲੀ ਨੇ ਮੁਸਕਰਾਉਂਦਿਆਂ ਕਿਹਾ। ਦੀਨਾ ਅੰਗੜਾਈ ਲੈਂਦਾ ਹੋਇਆ ਉੱਠਿਆ ਅਤੇ ਆਪਣੀ ਮੈਲ਼ੀ ਜਿਹੀ ਪੱਗ ਨੂੰ ਚੁੱਕ ਕੇ ਆਪਣੇ ਸਿਰ ਦੁਆਲੇ ਲਪੇਟ ਕੇ ਬੋਲਿਆ:

"ਸੁਣਿਆ ਤੂੰ ਪੱਕਾ ਮਕਾਨ ਪਾ ਰਿਹਾਂ। ਕੱਲ੍ਹ ਤਕੀਏ ਵਿੱਚ ਕੋਈ ਕਹਿ ਰਿਹਾ ਸੀ।"

"ਇਸ ਲਈ ਤਾਂ ਤੇਰੇ ਕੋਲ ਆਇਆਂ। ਪਹਿਲਾਂ ਮੇਰੇ ਨਾਲ ਗੜੀ ਦੇ ਭੱਠੇ 'ਤੇ ਚੱਲ, ਇੱਟਾਂ ਦੇਖਣੀਆਂ। ਉਸ ਤੋਂ ਬਾਅਦ ਛੱਪੜ ਤੋਂ ਮਿੱਟੀ ਢੋਣੀ ਆਂ।" ਕਾਲੀ ਨੇ ਸਾਰੀਆਂ ਗੱਲਾਂ ਇਕ ਹੀ ਸਾਹ ਵਿੱਚ ਕਹਿ ਦਿੱਤੀਆਂ। ਦੀਨੇ ਨੇ ਬੇਰੀ ਦੀਆਂ ਜੜ੍ਹਾਂ ਨੇੜੇ ਪਈ ਆਪਣੇ ਟੁੱਟੀ ਅਤੇ ਮਿੱਟੀ ਨਾਲ ਲਿਬੜੀ ਜੁੱਤੀ ਪਾਈ ਅਤੇ ਕਾਲੀ ਦੇ ਨਾਲ ਤੁਰ ਪਿਆ।

ਭੱਠੇ ਦੇ ਨੇੜੇ ਪਹੁੰਚ ਕੇ ਦੀਨਾ ਬੋਲਿਆ, "ਕਿਹੜੀਆਂ ਇੱਟਾਂ ਲੈਣੀਆਂ - ਅੱਵਲ, ਦੋਮ, ਸੋਮ ਜਾਂ ਧੜਾ...?"

"ਪਹਿਲਾਂ ਦੇਖ ਤਾਂ ਲਈਏ, ਫਿਰ ਫੈਸਲਾ ਕਰਾਂਗੇ।" ਕਾਲੀ ਨੇ ਜੁਆਬ ਦਿੱਤਾ।

ਦੀਨਾ ਭੱਠੇ ਦੀਆਂ ਦੋ ਵੱਡੀਆਂ ਵੱਡੀਆਂ ਚਿਮਨੀਆਂ ਦੇ ਕੋਲ ਜਾ ਕੇ ਮੁਨਸ਼ੀ ਨੂੰ ਅਵਾਜ਼ ਮਾਰਨ ਲੱਗਾ। ਮੁਨਸ਼ੀ ਦਾ ਜੁਆਬ ਸੁਣ ਕੇ ਦੀਨਾ ਭੱਠੇ ਦੇ ਪਾਸੇ ਤੋਂ ਅੰਦਰ ਜਾਣ ਵਾਲੇ ਰਾਹ ਵਲ ਮੁੜਦਾ ਹੋਇਆ ਬੋਲਿਆ:

"ਮੁਨਸ਼ੀ ਭੱਠੇ ਦੇ ਅੰਦਰ ਹੈ। ਸ਼ਾਇਦ ਕੱਚੀਆਂ ਇੱਟਾਂ ਦੀ ਚਿਣਾਈ ਹੋ ਰਹੀ ਹੈ।"

ਦੀਨੇ ਦੇ ਪਿੱਛੇ ਪਿੱਛੇ ਕਾਲੀ ਵੀ ਭੱਠੇ ਦੇ ਅੰਦਰ ਚਲਾ ਗਿਆ। ਇਥੇ ਅੱਠ-ਦਸ ਆਦਮੀ ਕਰੀਨੇ ਨਾਲ ਕੱਚੀਆਂ ਇੱਟਾਂ ਚੁਣ ਰਹੇ ਸਨ। ਦੀਨੇ ਨੂੰ ਦੇਖ ਕੇ ਮੁਨਸ਼ੀ ਖੁਸ਼ ਹੋ ਕੇ ਬੋਲਿਆ:

"ਸੁਣਾ ਪਰਜਾਪਾਤਾ, ਕਿੱਥੇ ਰਿਹਾਂ ਏਨੇ ਦਿਨ। ਤੂੰ ਤਾਂ ਕਦੇ ਕਦੇ ਏਦਾਂ ਗਾਇਬ ਹੋ ਜਾਂਦਾ, ਜਿੱਦਾਂ ਗਧੇ ਦੇ ਸਿਰ ਦੇ ਸਿੰਗ।"

"ਸੱਚ ਮੁਨਸ਼ੀ ਜੀ? ਕਿਹਦੇ ਗਧੇ ਦੇ ਸਿੰਗ ਗਾਇਬ ਹੋ ਗਏ?" ਦੀਨੇ ਨੇ ਹੈਰਤ ਨਾਲ ਕਿਹਾ ਅਤੇ ਫਿਰ ਦੁੱਖ ਭਰੀ ਅਵਾਜ਼ ਵਿੱਚ ਬੋਲਿਆ:

"ਬਹੁਤ ਜ਼ੁਲਮ ਹੋਇਆ ਹੈ। ਗਧਾ ਬਚ ਗਿਆ ਜਾਂ ਉਹ ਵੀ ਨਾਲ ਹੀ ਗਾਇਬ ਹੋ ਗਿਆ?" ਦੀਨੇ ਨੇ ਮਾਸੂਮੀਅਤ ਨਾਲ ਪੁੱਛਿਆ।

ਮੁਨਸ਼ੀ ਦਾ ਹਾਸਾ ਨਹੀਂ ਸੀ ਰੁਕ ਰਿਹਾ। ਕਾਲੀ ਵੀ ਖਿੜਖਿੜਾ ਕੇ ਹੱਸ ਰਿਹਾ ਸੀ। ਕੱਚੀਆਂ ਇੱਟਾਂ ਦੀ ਚਿਣਾਈ ਵਿੱਚ ਲੱਗੇ ਹੋਏ ਮਜ਼ਦੂਰ ਵੀ ਢਿੱਡ ਫੜ ਕੇ ਹੱਸ ਰਹੇ ਸਨ। ਉਹਨਾਂ ਵਲ ਦੇਖ ਕੇ ਦੀਨੇ ਦੀਆਂ ਗੱਲ੍ਹਾਂ ਦੀਆਂ ਝੁਰੜੀਆਂ ਕਨਪੱਟੀਆਂ ਤੱਕ ਜਾ ਪਹੁੰਚੀਆਂ ਸਨ। ਮੁਨਸ਼ੀ ਨੇ ਬਹੁਤ ਮੁਸ਼ਕਿਲ ਨਾਲ ਆਪਣਾ ਹਾਸਾ ਰੋਕਿਆ ਅਤੇ ਦੀਨੇ ਵਲ ਦੇਖਦਾ ਹੋਇਆ ਬੋਲਿਆ:

"ਤੂੰ ਵੀ ਅਕਲ ਦਾ ਪੂਰਾ ਈ ਆਂ। ਕਦੇ ਗਧੇ ਦੇ ਸਿਰ 'ਤੇ ਵੀ ਸਿੰਗ ਹੁੰਦੇ ਹਨ?"

"ਮੁਨਸ਼ੀ ਜੀ ਤੁਸੀਂ ਆਪਣੇ ਆਪ ਹੀ ਤਾਂ ਕਿਹਾ ਹੈ। ਪਹਿਲਾਂ ਮੈਨੂੰ ਵੀ ਸ਼ੱਕ ਹੋਇਆ ਸੀ, ਪਰ ਮੈਂ ਇਹ ਸੋਚ ਕੇ ਯਕੀਨ ਕਰ ਲਿਆ ਕਿਉਂਕਿ ਭੱਠੇ 'ਤੇ ਪਿੰਡ-ਪਿੰਡ ਤੋਂ ਗਧੇ ਆਉਂਦੇ ਹਨ।"

ਮੁਨਸ਼ੀ ਦਾ ਹਾਸਾ ਰੁਕਿਆ ਤਾਂ ਉਹ ਖੰਘ ਕੇ ਗਲ਼ ਸਾਫ ਕਰਕੇ ਬੋਲਿਆ:

"ਪਰਜਾਪਤ ਕਿਵੇਂ ਆਉਣੇ ਹੋਏ?"

"ਇਹਨੇ ਇੱਟਾਂ ਖ਼ੀਦਣੀਆਂ।" ਦੀਨੇ ਨੇ ਕਾਲੀ ਵਲ ਇਸ਼ਾਰਾ ਕਰਦੇ ਹੋਏ ਕਿਹਾ। ਮੁਨਸ਼ੀ ਨੇ ਕਾਲੀ ਨੂੰ ਸਿਰ ਤੋਂ ਪੈਰਾਂ ਤੱਕ ਦੇਖਿਆ ਅਤੇ ਉਸ ਦੇ ਪਹਿਰਾਵੇ ਤੋਂ ਉਹਦੀ ਜਾਤ ਬਾਰੇ ਕਿਸੇ ਨਤੀਜੇ 'ਤੇ ਨਾ ਪਹੁੰਚ ਸਕਣ ਕਾਰਨ ਦੁਬਿਧਾ ਵਿੱਚ ਪੈ ਗਿਆ। ਉਹਨੇ ਕਾਲੀ ਵਲ ਇਕ ਵਾਰ ਫਿਰ ਧਿਆਨ ਨਾਲ ਦੇਖਿਆ ਅਤੇ ਦੀਨੇ ਨੂੰ ਸੰਬੋਧਨ ਕਰਦਾ ਕਹਿਣ ਲੱਗਾ:

"ਕਿਹੜੀਆਂ ਇੱਟਾਂ ਚਾਹੀਦੀਆਂ?"

ਦੀਨਾ ਕਾਲੀ ਵਲ ਦੇਖਣ ਲੱਗਾ ਤਾਂ ਉਹ ਬੋਲਿਆ:

"ਅੱਵਲ ਨੰਬਰ।"

"ਕਿੰਨੀਆਂ ਚਾਹੀਦੀਆਂ?"

"ਪੰਦਰਾਂ-ਵੀਹ ਹਜ਼ਾਰ ਤਾਂ ਲੱਗ ਹੀ ਜਾਣਗੀਆਂ।" ਕਾਲੀ ਨੇ ਕੱਚਾ-ਪੱਕਾ ਅੰਦਾਜ਼ਾ ਲਾਉਂਦੇ ਹੋਏ ਕਿਹਾ।

ਮੁਨਸ਼ੀ ਉਹਨਾਂ ਨੂੰ ਅੱਵਲ ਨੰਬਰ ਦੀਆਂ ਇੱਟਾਂ ਦੇ ਢੇਰ ਕੋਲ ਲੈ ਗਿਆ ਅਤੇ ਇਕ ਇੱਟ ਹੱਥ ਵਿੱਚ ਚੁੱਕ ਕੇ ਬੋਲਿਆ:

"ਅੱਵਲ ਤੋਂ ਵੀ ਅੱਵਲ ਇੱਟ ਹੈ। ਦਸ ਸਾਲਾਂ ਤੋਂ ਭੱਠੇ 'ਤੇ ਕੰਮ ਕਰ ਰਿਹਾਂ, ਪਰ ਅੱਜ ਤੱਕ ਇਸ ਤਰ੍ਹਾਂ ਦੀ ਪੱਕੀ ਇੱਟ ਨਹੀਂ ਬਣੀ। ਬਿਲਕੁਲ ਲਹੂ ਵਰਗਾ ਰੰਗ ਹੈ।"

ਕਾਲੀ ਨੇ ਵੀ ਇਕ ਇੱਟ ਚੁੱਕ ਕੇ ਦੇਖੀ ਅਤੇ ਫਿਰ ਚੱਕੇ 'ਤੇ ਰੱਖਦਾ ਹੋਇਆ ਬੋਲਿਆ:

"ਕਿਉਂ ਪਰਜਾਪਤ, ਮੁਨਸ਼ੀ ਜੀ ਠੀਕ ਕਹਿੰਦੇ ਹਨ?"

"ਪਰਜਾਪਤ ਤੋਂ ਕਿਉਂ ਪੁੱਛਦਾਂ। ਇੱਟਾਂ ਦੀ ਪਛਾਣ ਇਹਦੇ ਨਾਲੋ ਇਹਦੇ ਗਧਿਆਂ ਨੂੰ ਵੱਧ ਹੈ। ਉਹਨਾਂ 'ਤੇ ਅੱਵਲ ਨੰਬਰ ਦੀਆਂ ਇੱਟਾਂ ਲੱਦੀਆਂ ਹੋਣ ਤਾਂ ਏਨਾ ਤੇਜ਼ ਤੁਰਦੇ ਹਨ ਕਿ ਪਰਜਾਪਤ ਨੂੰ ਵੀ ਪਿੱਛੇ ਛੱਡ ਜਾਂਦੇ ਹਨ। ਦੋਮ ਨੰਬਰ ਦੀਆਂ ਇੱਟਾਂ ਹੋਣ ਤਾਂ ਰਾਹ ਵਿੱਚ ਏਧਰ-ਉਧਰ ਹਿਚਕੋਲੇ ਮਾਰਦੇ ਜਾਂਦੇ ਹਨ। ਜੇ ਸੋਮ ਨੰਬਰ ਦੀਆਂ ਇੱਟਾਂ ਲੱਦੀਆਂ ਹੋਣ ਤਾਂ ਉਹਨਾਂ ਦੀਆਂ ਆਪਸ ਵਿੱਚ ਲੱਤਾਂ ਟਕਰਾਉਣ ਲਗਦੀਆਂ ਹਨ। ਕਿਉਂ ਪਰਜਾਪਤ ਠੀਕ ਹੈ ਨਾ?" ਮੁਨਸ਼ੀ ਨੇ ਹਸਦੇ ਹੋਏ ਕਿਹਾ।

ਕਾਲੀ ਇੱਟਾਂ ਦੇਖਣ ਲਈ ਥੋੜ੍ਹੀ ਦੂਰ ਪਏ ਚੱਕਿਆਂ ਵਲ ਗਿਆ ਤਾਂ ਮੁਨਸ਼ੀ ਨੇ ਦੀਨੇ ਨੂੰ ਪੁੱਛਿਆ:

"ਪਰਜਾਪਤ। ਕੌਣ ਆਦਮੀ ਹੈ ਇਹ!"

"ਤੂੰ ਨਹੀਂ ਜਾਣਦਾ ਇਹਨੂੰ?" ਦੀਨੇ ਨੇ ਹੈਰਾਨੀ ਨਾਲ ਕਿਹਾ ਅਤੇ ਫਿਰ ਉੱਚੀ ਅਵਾਜ਼ ਵਿੱਚ ਬੋਲਿਆ:

" ਚਮਾਰਾਂ ਦਾ ਕਾਲੀ ਹੈ। ਇਹਦੇ ਬਾਪ ਦਾ ਭਲਾ-ਜਿਹਾ ਨਾਂ ਹੈ - ਭਲਾ-ਜਿਹਾ-ਨਾਂ ਹੈ-" ਇਹ ਸੋਚਦਿਆਂ ਸੋਚਦਿਆਂ ਦੀਨੇ ਨੇ ਆਪਣੀ ਪੱਗ ਹੋਰ ਵੀ ਟੇਢੀ ਕਰ ਲਈ ਅਤੇ ਮੂੰਹ ਵਿੱਚ ਬੁੜਬੜਾਉਣ ਲੱਗਾ:

"ਭਲਾ-ਜਿਹਾ ਨਾਂ ਹੈ ਉਹਦਾ।" ਅਤੇ ਫਿਰ ਮੁਨਸ਼ੀ ਵਲ ਦੇਖਦਾ ਹੋਇਆ ਬੋਲਿਆ:

"ਇਹ ਸ਼ਹਿਰ ਵਿੱਚ ਰਹਿੰਦਾ ਸੀ। ਥੋੜ੍ਹੇ ਹੀ ਦਿਨ ਪਹਿਲਾਂ ਪਿੰਡ ਵਿੱਚ ਵਾਪਸ ਆਇਆ। ਚੰਗੇ ਪੈਸੇ ਕਮਾ ਕੇ ਲਿਆਇਆ।"

"ਮੈਂ ਵੀ ਸੋਚ ਰਿਹਾ ਸੀ ਕਿ ਸ਼ਕਲ ਤੋਂ ਚਮਾਰ ਲੱਗਦਾ ਪਰ ਪਹਿਰਾਵਾ ਕੁਛ ਹੋਰ ਕਹਿੰਦਾ।" ਮੁਨਸ਼ੀ ਨੇ ਕਿਹਾ।

ਜਦੋਂ ਕਾਲੀ ਉਹਨਾਂ ਦੇ ਕੋਲ ਆਇਆ ਤਾਂ ਉਹ ਚੁੱਪ ਹੋ ਗਏ। ਮੁਨਸ਼ੀ ਦਾ ਲਹਿਜਾ ਪਹਿਲਾਂ ਨਾਲੋਂ ਕੁਛ ਬਦਲ ਗਿਆ ਸੀ। ਉਹ ਅੱਵਲ ਨੰਬਰ ਦੀਆਂ ਇੱਟਾਂ 'ਤੇ ਹੱਥ ਰੱਖਦਾ ਹੋਇਆ ਬੋਲਿਆ:

"ਫਿਰ ਕਿਹੜੀਆਂ ਇੱਟਾਂ ਪਸੰਦ ਕੀਤੀਆਂ?"

"ਮੈਨੂੰ ਨਾ ਤਾਂ ਪਤਾ ਨਹੀਂ । ਮਿਸਤਰੀ ਸੰਤਾ ਸਿੰਘ ਨੇ ਕਿਹਾ ਸੀ ਕਿ ਅੱਵਲ ਨੰਬਰ ਦੀਆਂ ਇੱਟਾਂ ਚੰਗੀਆਂ ਹੁੰਦੀਆਂ।"

"ਤਾਂ ਅੱਵਲ ਨੰਬਰ ਦੀਆਂ ਇੱਟਾਂ ਲੈ ਲਾ।" ਮੁਨਸ਼ੀ ਨੇ ਕਿਹਾ।

"ਕੀ ਭਾਅ ਹੈ ਇਹਨਾਂ ਦਾ?"

"ਇਹ ਬਾਰਾਂ ਰੁਪਈਆਂ ਦੀਆਂ ਹਜ਼ਾਰ ਹਨ।" ਮੁਨਸ਼ੀ ਨੇ ਜੁਆਬ ਦਿੱਤਾ।

"ਜੋ ਮੁਨਾਸਿਬ ਹੈ ਉਹ ਭਾਅ ਲਾ ਲਉ।"

"ਮੁਨਸ਼ੀ ਜੀ, ਕਾਲੀ ਚੌਧਰੀ ਨਹੀਂ ਹੈ। ਭਾਅ ਵਿੱਚ ਕੁਛ ਰਿਆਇਤ ਕਰ ਦਿਉ।" ਦੀਨੇ ਨੇ ਕਿਹਾ।

"ਸਾਡੇ ਲਈ ਸਾਰੇ ਚੌਧਰੀ ਹਨ। ਪਰਜਾਪਤਾ, ਚੌਧਰ ਪੈਸੇ ਨਾਲ ਹੁੰਦੀ ਹੈ। ਜਿਹਦੇ ਕੋਲ ਚਾਦਰ ਹੈ, ਉਹ ਚੌਧਰੀ ਹੈ।"

ਮੁਨਸ਼ੀ ਏਧਰ-ਉਧਰ ਦੀਆਂ ਗੱਲਾਂ ਕਰਨ ਲੱਗਾ ਤਾਂ ਦੀਨੇ ਨੇ ਕਾਲੀ ਨੂੰ ਕਿਹਾ:

"ਜਿੰਨੀਆਂ ਇੱਟਾਂ ਲੈਣੀਆਂ, ਉਹਨਾਂ ਦਾ ਪਰਚਾ ਬਣਵਾ ਲੈ।"

ਕਾਲੀ ਨੇ ਮੁਨਸ਼ੀ ਨੂੰ ਪੰਜ ਹਜ਼ਾਰ ਇੱਟਾਂ ਦਾ ਪਰਚਾ ਕੱਟਣ ਨੂੰ ਕਿਹਾ ਪਰ ਉਹ ਚੁੱਪਚਾਪ ਖੜ੍ਹਾ ਅਵਿਸ਼ਵਾਸ ਭਰੀਆਂ ਅੱਖਾਂ ਨਾਲ ਕਾਲੀ ਵਲ ਦੇਖਣ ਲੱਗਾ। ਦੀਨੇ ਨੇ ਵੀ ਮੁਨਸ਼ੀ ਨੂੰ ਪਰਚਾ ਕੱਟਣ ਨੂੰ ਕਿਹਾ ਤਾਂ ਉਹ ਅਵਿਸ਼ਵਾਸ ਭਰੀਆਂ ਅੱਖਾਂ ਨਾਲ ਦੇਖਦਾ ਹੋਇਆ ਬੋਲਿਆ:

"ਬਿਆਨੇ ਲਈ ਪੈਸੇ ਲਿਆਇਆਂ?"

"ਨਹੀਂ, ਇਸ ਵੇਲੇ ਤਾਂ ਮੇਰੀ ਜੇਬ ਵਿੱਚ ਇਕ-ਦੋ ਰੁਪਈਏ ਹੋਣਗੇ।" ਕਾਲੀ ਨੇ ਕਿਹਾ।

"ਸੱਠ ਰੁਪਈਆਂ ਦੀਆਂ ਇੱਟਾਂ ਹੋਣਗੀਆਂ, ਦੋ ਢਾਈ ਰੁਪਈਏ ਲਦਾਈ ਅਤੇ ਢਲਾਈ ਦੇ ਹੋਣਗੇ। ਏਨੀ ਰਕਮ ਲਈ ਦੋ ਰੁਪਏ ਦੇ ਬਿਆਨੇ ਦੀ ਕੀ ਹੈਸੀਅਤ ਹੈ।" ਮੁਨਸ਼ੀ ਨੇ ਕਿਹਾ। ਕਾਲੀ ਤਾਂ ਚੁੱਪ ਹੋ ਗਿਆ ਪਰ ਦੀਨੇ ਨੇ ਮੁਨਸ਼ੀ ਨੂੰ ਕਿਹਾ:

"ਪੈਸੇ ਆ ਜਾਣਗੇ। ਤੂੰ ਪਰਚਾ ਕੱਟ ਦੇ।"

"ਪਰਜਾਪਤਾ, ਜੇ ਪੈਸੇ ਨਾ ਆਏ ਤਾਂ ਮੈਂ ਤੇਰੇ ਦੋਨੋਂ ਗਧਿਆਂ ਸਮੇਤ ਤੈਨੂੰ ਇੱਥੇ ਬੰਨ ਲਊਂਗਾ।" ਮੁਨਸ਼ੀ ਨੇ ਕਿਹਾ।

ਇਹ ਸੁਣ ਕੇ ਕਾਲੀ ਨੂੰ ਗੁੱਸਾ ਆ ਗਿਆ। ਉਹ ਤਿੱਖੀ ਅਵਾਜ਼ ਵਿੱਚ ਬੋਲਿਆ:

"ਪਰਜਾਪਤਾ ਚੱਲ ਇਥੋਂ, ਜਦੋਂ ਪੈਸੇ ਦੇ ਕੇ ਹੀ ਮਾਲ ਖ਼੍ਰੀਦਣਾ ਹੈ ਤਾਂ ਜਿੱਥੋਂ ਮਰਜ਼ੀ ਖ਼੍ਰੀਦ ਲਵਾਂਗੇ। ਅਜੇ ਅਸੀਂ ਇਕ ਇੱਟ ਤੱਕ ਨਹੀਂ ਲਈ, ਮੁਨਸ਼ੀ ਜੀ ਨੇ ਪਹਿਲਾਂ ਹੀ ਸਾਨੂੰ ਬੇਈਮਾਨ ਸਮਝ ਲਿਆ।"

"ਇਸ ਵਿੱਚ ਗੁੱਸੇ ਵਾਲੀ ਕੋਈ ਗੱਲ ਨਹੀਂ। ਅਸੀਂ ਉਧਾਰ ਘੱਟ ਹੀ ਦਿੰਦੇ ਹਾਂ। ਜੇ ਦੇਣਾ ਹੀ ਪੈ ਜਾਏ ਤਾਂ ਪਹਿਲਾਂ ਅਸਾਮੀ ਦੇਖ ਲਈਦੀ ਹੈ। ਜੇ ਕੋਈ ਚੌਧਰੀ ਉਧਾਰ ਮੰਗੇ ਤਾਂ ਦੇਣ ਵਿੱਚ ਜ਼ਿਆਦਾ ਹਰਜ਼ ਨਹੀਂ ਕਿਉਂਕਿ ਹਰ ਛਿਮਾਹੀ ਫਸਲ ਦੇ ਮੌਕੇ 'ਤੇ ਵਸੂਲੀ ਕਰ ਲਵਾਂਗੇ। ਏਦਾਂ ਦੇ ਲੋਕਾਂ ਕੋਲੋਂ ਦੇਰ-ਸਵੇਰ ਪੈਸੇ ਮਿਲ ਹੀ ਜਾਂਦੇ ਹਨ ਪਰ ਬੇਹੈਸੀਅਤ ਆਦਮੀ ਤੋਂ ਪੈਸਾ ਕੱਢਣਾ ਬਹੁਤ ਮੁਸ਼ਕਿਲ ਹੁੰਦਾ ਹੈ। ... ਬਾਬਕ ਦਾ ਮੰਗਲੂ ਚਮਾਰ ਚਾਰ ਹਜ਼ਾਰ ਇੱਟਾਂ ਲੈ ਗਿਆ ਸੀ। ਤਿੰਨ ਸਾਲ ਹੋ ਗਏ ਹਨ, ਅਜੇ ਤੱਕ ਸਿਰਫ ਬਾਈ ਰੁਪਈਏ ਹੀ ਵਸੂਲ ਹੋਏ ਹਨ। ਹੁਣ ਉਹਦੇ ਕੋਲੋਂ ਭੱਠੇ 'ਤੇ ਦਿਹਾੜੀਆਂ ਲਵਾ ਕੇ ਪੈਸੇ ਪੂਰੇ ਕਰ ਰਿਹਾਂ। ਇਕ ਦਿਨ ਆਉਂਦਾ ਤਾਂ ਦੋ ਦਿਨ ਗਾਇਬ ਰਹਿੰਦਾ। ਕਿਤੇ ਸਾਲ-ਸਵਾ ਸਾਲ ਵਿੱਚ ਪੈਸੇ ਪੂਰੇ ਹੋਣਗੇ।"

ਮੁਨਸ਼ੀ ਦੀ ਗੱਲ ਸੁਣ ਕੇ ਕਾਲੀ ਦੀ ਗਰਦਨ ਝੁਕ ਗਈ। ਮੁਨਸ਼ੀ ਆਪਣੀ ਸਫਾਈ ਪੇਸ਼ ਕਰਦਾ ਹੋਇਆ ਬੋਲਿਆ:

"ਮੈਂ ਨਜੂਮੀ ਤਾਂ ਹੈਂ ਨਹੀਂ ਕਿ ਆਦਮੀ ਦਾ ਚੇਹਰਾ ਦੇਖ ਕੇ ਉਸ ਦਾ ਅੰਦਰ ਜਾਣ ਲਵਾਂ। ਨਵਾਂ ਆਦਮੀ ਆਵੇ ਤਾਂ ਪੁੱਛਣਾ ਹੀ ਪੈਂਦਾ... ਮੈਂ ਪਰਚਾ ਕੱਟ ਦਿੰਦਾ, ਅੱਜ ਤਕਾਲਾਂ ਨੂੰ ਜਾਂ ਕੱਲ੍ਹ ਸਵੇਰ ਨੂੰ ਪੈਸੇ ਦੇ ਜਾਵੀਂ।"

"ਨਹੀਂ, ਮੈਂ ਇਕ ਹੀ ਵਾਰ ਪੂਰੇ ਪੈਸੇ ਦੇ ਕੇ ਇੱਟਾਂ ਲਿਜਾਊਂ।" ਕਾਲੀ ਦੀਨੇ ਨੂੰ ਨਾਲ ਲੈ ਕੇ ਆਪਣੇ ਪਿੰਡ ਵਲ ਤੁਰ ਪਿਆ।

ਜਦੋਂ ਉਹ ਭੱਠੇ ਤੋਂ ਥੋੜ੍ਹੀ ਦੂਰ ਆ ਗਏ ਤਾਂ ਕਾਲੀ ਨੇ ਪੁੱਛਿਆ:

"ਪਰਜਾਪਤਾ, ਮੁਨਸ਼ੀ ਸ਼ੱਕੀ ਆਦਮੀ ਹੈ।"

"ਨਹੀਂ, ਮੁਨਸ਼ੀ ਆਦਮੀ ਬੁਰਾ ਨਹੀਂ। ਜੇ ਅਸਾਮੀਆਂ ਪੈਸੇ ਨਾ ਦੇਣ ਤਾਂ ਆਦਮੀ ਸ਼ੱਕੀ ਹੋ ਹੀ ਜਾਂਦਾ। ਲੋਕ ਤਾਂ ਇਕ ਜੁੱਤੀ ਨਾਲ ਦੋ ਚਾਰ ਸਾਲ ਕੱਢ ਲੈਂਦੇ ਹਨ, ਪਰ ਮੁਨਸ਼ੀ ਸਾਲ ਵਿੱਚ ਜੁੱਤੀਆਂ ਦੇ ਦੋ ਜੋੜੇ ਤੋੜਦਾ।" ਦੀਨੇ ਨੇ ਕਿਹਾ।

ਦੀਨਾ ਮੁਨਸ਼ੀ ਦੀ ਸਿਫਤ ਅਤੇ ਉਹਦੀਆਂ ਮਜ਼ਬੂਰੀਆਂ ਬਾਰੇ ਦਸ ਕੇ ਕਾਲੀ ਨੂੰ ਇਹ ਵਿਸ਼ਵਾਸ ਦਿਵਾਉਣ ਦੀ ਕੋਸ਼ਿਸ਼ ਕਰਦਾ ਰਿਹਾ ਕਿ ਉਹ ਚੰਗਾ ਆਦਮੀ ਹੈ। ਸਾਰੀ ਗੱਲ ਸੁਣਨ ਤੋਂ ਬਾਵਜੂਦ ਕਾਲੀ ਇਹ ਮਹਿਸੂਸ ਕਰ ਰਿਹਾ ਸੀ ਕਿ ਮੁਨਸ਼ੀ ਨੇ ਉਹਦੀ ਬੇਇੱਜ਼ਤੀ ਕੀਤੀ ਹੈ। ਉਹਦੇ ਮਨ ਵਿੱਚ ਤਰ੍ਹਾਂ ਤਰ੍ਹਾਂ ਦੇ ਵਿਚਾਰ ਆ ਰਹੇ ਸਨ, ਪਰ ਉਹ ਚੁੱਪ ਸੀ। ਜਦੋਂ ਉਹ ਪਿੰਡ ਦੇ ਨੇੜੇ ਪਹੁੰਚ ਗਏ ਤਾਂ ਕਾਲੀ ਆਪਣੇ ਮੁਹੱਲੇ ਨੂੰ ਜਾਣ ਵਾਲੀ ਗਲੀ ਦੇ ਸਾਹਮਣੇ ਰੁਕ ਗਿਆ ਅਤੇ ਦੀਨੇ ਨੂੰ ਕਹਿਣ ਲੱਗਾ:

"ਪਰਜਾਪਤਾ, ਮੈਂ ਮਿੱਟੀ ਪੁੱਟਣ ਛੱਪੜ 'ਤੇ ਜਾ ਰਿਹਾਂ। ਤੂੰ ਦੋਨੋਂ ਗਧੇ ਲੈ ਕੇ ਜਲਦੀ ਉੱਥੇ ਪਹੁੰਚ ਜਾਵੀਂ। ਦੁਪਹਿਰ ਤੋਂ ਪਹਿਲਾਂ ਪਹਿਲਾਂ ਦੋ-ਤਿੰਨ ਫੇਰੇ ਲਾ ਲਈਏ ਤਾਂ ਚੰਗਾ ਹੈ।"

*********

ਕਾਲੀ ਜਦੋਂ ਛੱਪੜ 'ਤੇ ਪਹੁੰਚਿਆ ਤਾਂ ਧੁੱਪ ਬਹੁਤ ਤੇਜ਼ ਹੋ ਗਈ ਸੀ। ਉਹਨੇ ਚਿਕਨੀ ਮਿੱਟੀ ਵਾਲਾ ਇਕ ਹਿੱਸਾ ਚੁਣਿਆ ਅਤੇ ਪੂਰੇ ਧਿਆਨ ਨਾਲ ਮਿੱਟੀ ਪੁੱਟਣ ਲੱਗਾ। ਉਹਦੇ ਸਰੀਰ ਵਿੱਚੋਂ ਪਸੀਨੇ ਦੀਆਂ ਨਦੀਆਂ ਵਗ ਰਹੀਆਂ ਸਨ। ਥੋੜ੍ਹੇ ਹੀ ਸਮੇਂ ਵਿੱਚ ਉਹਨੇ ਮਿੱਟੀ ਪੁੱਟ ਕੇ ਢੇਰ ਲਾ ਲਿਆ।

ਦੀਨਾ ਆਪਣੇ ਗਧਿਆਂ ਦੇ ਨਾਲ ਛੱਪੜ ਦੇ ਬਹੁਤ ਨੇੜੇ ਆ ਗਿਆ ਤਾਂ ਕਾਲੀ ਨੇ ਕਹੀ ਸੁੱਟ ਦਿੱਤੀ ਅਤੇ ਉਹਨੂੰ ਅਵਾਜ਼ ਮਾਰੀ:

"ਪਰਜਾਪਤ ਜੀ, ਆ ਗਏ?"

ਦੀਨੇ ਨੇ ਗਧਿਆਂ ਨੂੰ ਢੇਰ ਦੇ ਨਾਲ ਖੜ੍ਹਾ ਕਰ ਲਿਆ ਅਤੇ ਦੋਵੇਂ ਰਲ ਕੇ ਬੋਰਿਆਂ ਵਿੱਚ ਮਿੱਟੀ ਭਰਨ ਲੱਗੇ। ਬੋਰੇ ਭਰ ਗਏ ਤਾਂ ਦੋਹਾਂ ਨੇ ਰਲ ਕੇ ਉਹਨਾਂ ਨੂੰ ਗਧਿਆਂ 'ਤੇ ਲੱਦ ਲਿਆ। ਦੀਨਾ ਉਹਨਾਂ ਨੂੰ ਪਿੰਡ ਵਲ ਨੂੰ ਹੱਕਣ ਲੱਗਾ ਤਾਂ ਕਾਲੀ ਕਹੀ ਚੁੱਕਦਾ ਬੋਲਿਆ:

"ਪਰਜਾਪਤ ਜੀ, ਮਿੱਟੀ ਵਿਹੜੇ ਦੇ ਇਕ ਖੂੰਜੇ ਵਿੱਚ ਸੁੱਟਿਓ ਅਤੇ ਜਲਦੀ ਵਾਪਸ ਆ ਜਾਇਓ।"

ਕਾਲੀ ਅਜੇ ਦੀਨੇ ਨੂੰ ਸਮਝਾ ਹੀ ਰਿਹਾ ਸੀ ਕਿ ਛੱਪੜ ਦੇ ਕੰਢੇ ਕਿਸੇ ਦੀ ਤਾਬੜਤੋੜ ਗਾਲ੍ਹਾਂ ਕੱਢਣ ਦੀ ਅਵਾਜ਼ ਸੁਣਨ ਲੱਗੀ। ਕਾਲੀ ਅਤੇ ਦੀਨਾ ਹੈਰਾਨ ਹੋ ਕੇ ਉਸ ਪਾਸੇ ਦੇਖਣ ਲੱਗੇ। ਮੰਗੂ ਚੌਧਰੀ ਦੀ ਘੋੜੀ ਨੂੰ ਖੁਲ੍ਹੀ ਛੱਡ ਉਹਨਾਂ ਵਲ ਦੌੜਿਆ ਆ ਰਿਹਾ ਸੀ। ਉਹਨੇ ਛੱਪੜ ਵਿੱਚ ਛਾਲ ਮਾਰਦਿਆਂ ਹੋਇਆਂ ਗਾਲ੍ਹ ਕੱਢ ਕੇ ਪੁੱਛਿਆ ਕਿ ਕੌਣ ਮਿੱਟੀ ਪੁੱਟ ਰਿਹਾ, ਜਦੋਂ ਕਿ ਉਹਨੂੰ ਪਤਾ ਹੀ ਸੀ ਕਿ ਕੌਣ ਮਿੱਟੀ ਪੁੱਟ ਰਿਹਾ। ਮੰਗੂ ਨੇ ਉਹਨਾਂ ਦੇ ਕੋਲ ਪਹੁੰਚ ਕੇ ਬਹੁਤ ਰੋਅਬ ਨਾਲ ਪੁੱਛਿਆ:

"ਕਿਸ ਕੋਲੋਂ ਪੁੱਛ ਕੇ ਮਿੱਟੀ ਪੁੱਟ ਰਿਹਾਂ?" ਮੰਗੂ ਇਸ ਤਰ੍ਹਾਂ ਗੱਲ ਕਰ ਰਿਹਾ ਸੀ ਜਿਵੇਂ ਉਹ ਛੱਪੜ ਦਾ ਮਾਲਕ ਹੋਵੇ। ਮੰਗੂ ਨੇ ਅੱਗੇ ਵਧ ਕੇ ਕਹੀ ਚੁੱਕਣੀ ਚਾਹੀ ਪਰ ਕਾਲੀ ਨੇ ਉਸ 'ਤੇ ਆਪਣਾ ਪੈਰ ਰੱਖ ਦਿੱਤਾ। ਮੰਗੂ ਗਾਲ੍ਹ ਕੱਢ ਕੇ ਬੋਲਿਆ:

"ਮੈਂ ਪੁੱਛਦਾਂ ਕਿ ਕਿਸ ਕੋਲੋਂ ਪੁੱਛ ਕੇ ਮਿੱਟੀ ਪੁੱਟ ਰਿਹਾਂ?"

"ਛੱਪੜ ਤੋਂ ਅੱਜ ਤੱਕ ਕਿਸੇ ਨੇ ਪੁੱਛ ਕੇ ਮਿੱਟੀ ਪੁੱਟੀ ਹੈ ਜੋ ਮੈਂ ਵੀ ਪੁੱਛਣ ਜਾਂਦਾ... ਅਤੇ ਕਿਹਨੂੰ ਪੁੱਛਦਾ?"

"ਇਹ ਛੱਪੜ ਤੇਰੇ ਬਾਪ ਦੀ ਮਲਕੀਅਤ ਨਹੀਂ ਹੈ, ਕੁੱਤੇ ਦਾ ਪੁੱਤ ਅੱਗੇ ਪੁੱਠਾ ਜੁਆਬ ਦੇ ਰਿਹਾ।"

"ਛੱਪੜ ਦਾ ਪਟਾ ਤੇਰੇ ਬਾਪ ਦੇ ਨਾਂ ਵੀ ਨਹੀਂ।" ਕਾਲੀ ਨੇ ਗੁੱਸੇ ਭਰੀ ਅਵਾਜ਼ ਵਿੱਚ ਕਿਹਾ। ਉਹ ਸੋਚਣ ਲੱਗਾ ਕਿ ਚੌਧਰੀ ਉਹਨੂੰ ਇਸ ਲਈ ਨੀਚ ਸਮਝਦਾ ਕਿਉਂਕਿ ਉਹ ਚਮਾਰ ਹੈ – ਛੱਜੂ ਸ਼ਾਹ ਉਹਨੂੰ ਕਿਸੇ ਗਿਣਤੀ ਵਿੱਚ ਸ਼ਾਮਲ ਨਹੀਂ ਕਰਦਾ ਕਿਉਂਕਿ ਉਹ ਗਰੀਬ ਹੈ। ਮੁਨਸ਼ੀ ਉਸ 'ਤੇ ਇਸ ਲਈ ਵਿਸ਼ਵਾਸ ਨਹੀਂ ਕਰਦਾ ਕਿਉਂਕਿ ਉਹ ਜ਼ਮੀਨ ਦਾ ਮਾਲਕ ਨਹੀਂ, ਪਰ ਮੰਗੂ ਕਿਸ ਕਾਰਨ ਏਨਾ ਰੋਅਬ ਦਿਖਾਉਂਦਾ। ਕਾਲੀ ਮੰਗੂ ਨੂੰ ਸਮਝਾਉਂਦਾ ਹੋਇਆ ਬੋਲਿਆ:

"ਤੇਰੀਆਂ ਰਗਾਂ 'ਚ ਖੂਨ ਦੀ ਥਾਂ ਪਾਣੀ ਵਗਦਾ, ਜਿਹੜਾ ਤੂੰ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਿਹਾਂ।"

ਕਾਲੀ ਪਹਿਲਾਂ ਹੀ ਧੁੱਪ ਦਾ ਸਤਾਇਆ ਹੋਇਆ ਸੀ ਅਤੇ ਮੰਗੂ ਦੀਆਂ ਗਾਲ੍ਹਾਂ ਸੁਣ ਕੇ ਉਹਦਾ ਸਾਰਾ ਸਰੀਰ ਗੁੱਸੇ ਵਿੱਚ ਜਲਣ ਲੱਗਾ। ਮੰਗੂ ਗਧਿਆਂ 'ਤੇ ਲੱਦੇ ਹੋਏ ਬੋਰੇ ਸੁੱਟਣ ਲੱਗਾ ਤਾਂ ਕਾਲੀ ਨੇ ਅੱਗੇ ਵਧ ਕੇ ਉਹਦਾ ਹੱਥ ਫੜ ਲਿਆ। ਦੀਨੇ ਨੇ ਜਦੋਂ ਦੇਖਿਆ ਕਿ ਦੋਨਾਂ ਵਿੱਚ ਹੱਥੋਪਾਈ ਤੱਕ ਦੀ ਨੌਬਤ ਪਹੁੰਚ ਰਹੀ ਹੈ ਤਾਂ ਉਹ ਉੱਥੋਂ ਦੌੜ ਕੇ ਛੱਪੜ ਦੇ ਕੰਢੇ ਦਰੱਖਤ ਦੇ ਹੇਠਾਂ ਜਾ ਖੜਾ ਹੋਇਆ। ਮੰਗੂ ਆਪਣਾ ਹੱਥ ਛੁਡਾਉਣ ਦੀ ਕੋਸ਼ਿਸ਼ ਕਰਦਾ ਹੋਇਆ ਗਾਲ੍ਹਾਂ ਕੱਢਦਾ ਰਿਹਾ। ਉਹ ਇਸ ਵਿੱਚ ਅਸਫਲ ਰਿਹਾ ਤਾਂ ਉਹਨੇ ਆਪਣਾ ਸਿਰ ਕਾਲੀ ਦੀ ਛਾਤੀ ਵਿੱਚ ਮਾਰਿਆ। ਕਾਲੀ ਨੇ ਉਹਦਾ ਗੁੱਟ ਮਰੋੜ ਕੇ ਬਾਂਹ ਪਿੱਠ ਦੇ ਪਿੱਛੇ ਲਾ ਦਿੱਤੀ। ਮੰਗੂ ਦਾ ਸਰੀਰ ਆਕੜਨ ਲੱਗਾ।

"ਇਨਸਾਨ ਦੀ ਔਲਾਦ ਹੈ ਤਾਂ ਅੱਗੇ ਵਾਸਤੇ ਕਿਸੇ 'ਤੇ ਹੱਥ ਨਾ ਚੁੱਕੀਂ।" ਕਾਲੀ ਨੇ ਮੰਗੂ ਦਾ ਗੁੱਟ ਮਰੋੜਦੇ ਹੋਏ ਕਿਹਾ।

ਮੰਗੂ ਗਾਲ੍ਹਾਂ ਕੱਢਦਾ ਕਾਲੀ ਵਲ ਝਪਟਿਆ ਅਤੇ ਉਹਦੀ ਛਾਤੀ 'ਤੇ ਦੁਹੱਥੜ ਮਾਰਨ ਲੱਗਾ।

"ਠਹਿਰ ਜਾ...।" ਕਾਲੀ ਨੇ ਦੰਦ ਕਰੀਚਦਿਆਂ ਕਿਹਾ ਅਤੇ ਮੰਗੂ ਨੂੰ ਗਰਦਨ ਤੋਂ ਫੜ ਕੇ ਹੇਠਾਂ ਸੁੱਟ ਲਿਆ। ਉਹ ਆਪਣਾ ਇਕ ਪੈਰ ਉਹਦੇ ਗੁੱਟ ਅਤੇ ਦੂਸਰਾ ਉਹਦੀ ਛਾਤੀ 'ਤੇ ਰੱਖਦਾ ਹੋਇਆ ਬੋਲਿਆ:

"ਜੇ ਥੋੜ੍ਹਾ ਜਿਹਾ ਜ਼ੋਰ ਲਾ ਦਿਆਂ ਤਾਂ ਤੇਰੀਆਂ ਹੱਡੀਆਂ ਗਰਮ ਭੱਠੀ ਵਿੱਚ ਭੁੱਜ ਰਹੇ ਛੋਲਿਆਂ ਦੀ ਤਰ੍ਹਾਂ ਤੜਾਕ ਤੜਾਕ ਕਰਨ ਲੱਗਣਗੀਆਂ।"

ਜਦੋਂ ਛਾਤੀ 'ਤੇ ਦਬਾਅ ਦੇ ਕਾਰਨ ਮੰਗੂ ਦੀ ਸਾਹ ਰੁਕਣ ਲੱਗੀ ਅਤੇ ਉਹਦੀਆਂ ਅੱਖਾਂ ਬਾਹਰ ਨਿਕਲ ਆਈਆਂ ਤਾਂ ਕਾਲੀ ਨੇ ਆਪਣਾ ਪੈਰ ਚੁੱਕਦਿਆਂ ਕਿਹਾ:

"ਬਸ ਇਸ ਜ਼ੋਰ 'ਤੇ ਏਨਾ ਆਕੜਦਾਂ?"

ਮੰਗੂ ਕੱਪੜੇ ਝਾੜਦਾ ਹੋਇਆ ਉੱਠਿਆ ਅਤੇ ਬਹੁਤ ਹੀ ਗੁੱਸੇ ਭਰੀ ਅਵਾਜ਼ ਵਿੱਚ ਬੋਲਿਆ:

"ਜੇ ਤੈਨੂੰ ਕੈਦ ਨਾ ਕਰਾਇਆ ਤਾਂ ਮੇਰਾ ਨਾਂ ਵੀ ਮੰਗੂ ਨਹੀਂ।"

"ਜਾਂਦਾ ਇੱਥੋਂ ਕਿ ਨਹੀਂ।... ਵੱਡਾ ਆਇਆ ਥਾਣੇਦਾਰ ਦਾ ਸਾਲਾ... ਜਾ, ਜਾਕੇ ਚੌਧਰੀ ਦੇ ਤਲਵੇ ਚੱਟ। ਉਹਦੇ ਪੈਰਾਂ ਵਿੱਚ ਵੀ ਖਾਜ ਹੋ ਰਹੀ ਹੋਣੀ ਹੈ।"

ਕਾਲੀ ਨੂੰ ਆਪਣੀ ਵਲ ਵਧਦਾ ਦੇਖ ਕੇ ਮੰਗੂ ਗਾਲ੍ਹਾਂ ਕੱਢਦਾ ਛੱਪੜ ਤੋਂ ਬਾਹਰ ਚਲੇ ਗਿਆ। ਜਦੋਂ ਉਹ ਕਾਫੀ ਦੂਰ ਚਲੇ ਗਿਆ ਤਾਂ ਦੀਨਾ ਕਾਲੀ ਦੇ ਕੋਲ ਆ ਕੇ ਡਰੀ ਹੋਈ ਅਵਾਜ਼ ਵਿੱਚ ਬੋਲਿਆ:

"ਕਾਲੀ ਦਾਸਾ ਬੁਰਾ ਹੋਇਆ... ਮੰਗੂ ਬਹੁਤ ਨਾਮੁਰਾਦ ਆਦਮੀ ਹੈ। ਹੁਣ ਇਹ ਚੌਧਰੀ ਨੂੰ ਤੇਰੇ ਖਿਲਾਫ ਭੜਕਾਏਗਾ।"

ਕਾਲੀ ਉਹਦੀ ਗੱਲ ਦਾ ਕੋਈ ਜੁਆਬ ਦਿੱਤੇ ਬਿਨਾਂ ਬੋਲਿਆ:

"ਪਰਜਾਪਤਾ, ਮਿੱਟੀ ਸੁੱਟ ਕੇ ਜਲਦੀ ਆ ਜਾਈਂ।... ਅਤੇ ਦੇਖ ਇਸ ਲੜਾਈ ਬਾਰੇ ਕਿਸੇ ਨਾਲ ਵੀ ਗੱਲ ਨਹੀਂ ਕਰਨੀ।"

"ਮੈਂ ਕਿਉਂ ਕਰੂੰਗਾ। ਮੈਂ ਗਰੀਬ ਆਦਮੀ ਹਾਂ - ਮੇਰੇ ਵਿੱਚ ਤਾਂ ਕੁੱਟ ਖਾਣ ਦੀ ਹਿੰਮਤ ਨਹੀਂ।" ਦੀਨੇ ਨੇ ਕੰਨ ਫੜਦਿਆਂ ਕਿਹਾ।

ਦੀਨੇ ਦੇ ਜਾਣ ਬਾਅਦ ਕਾਲੀ ਕੁਝ ਸਮੇਂ ਤੱਕ ਉਦਾਂ ਹੀ ਖੜਾ ਏਧਰ-ਉਧਰ ਦੇਖਦਾ ਰਿਹਾ ਅਤੇ ਉਹਨੇ ਫਿਰ ਆਰਾਮ ਦਾ ਸਾਹ ਲਿਆ ਅਤੇ ਸੋਚਣ ਲੱਗਾ ਕਿ ਹੋਰ ਕੁਛ ਨਹੀਂ ਤਾਂ ਅੱਜ ਉਹਨੂੰ ਮੰਗੂ ਦੀ ਤਾਕਤ ਦਾ ਪਤਾ ਲੱਗ ਗਿਆ। ਨਾਲ ਹੀ ਉਹਦੇ ਮਨ ਵਿੱਚ ਡਰ ਦੀ ਇਕ ਪਰਛਾਈਂ ਲਹਿਰਾ ਗਈ ਕਿ ਜੇ ਮੰਗੂ ਨੇ ਚੌਧਰੀ ਨੂੰ ਦਸ ਦਿੱਤਾ ਤਾਂ ਗੱਲ ਵਿਗੜ ਜਾਊਗੀ। ਉਹਨੇ ਇਸ ਡਰ ਨੂੰ ਝਟਕਦੇ ਹੋਏ ਕਿਹਾ ਕਿ ਵਕਤ ਆਉਣ 'ਤੇ ਉਹ ਚੌਧਰੀ ਨਾਲ ਵੀ ਨਜਿੱਠ ਲਊ। ਡਰ-ਡਰ ਕੇ ਦਿਨ ਗੁਜ਼ਾਰਨ ਨਾਲੋਂ ਮਰ ਜਾਣਾ ਹੀ ਚੰਗਾ ਹੈ।

ਦੀਨਾ ਵਾਪਸ ਆਇਆ ਤਾਂ ਕਾਲੀ ਦੇ ਮਨ ਵਿੱਚ ਮੰਗੂ ਨਾਲ ਹੋਈ ਲੜਾਈ ਨਾਲ ਪੈਦਾ ਹੋਣ ਵਾਲੀ ਬੇਚੈਨੀ, ਕਲੇਸ਼ ਅਤੇ ਗੁੱਸਾ ਦੂਰ ਹੋ ਚੁੱਕੇ ਸਨ। ਉਹਨੇ ਬੋਰੇ ਭਰ ਕੇ ਦੋਨੋਂ ਗਧਿਆਂ 'ਤੇ ਲਦਵਾ ਦਿੱਤੇ ਅਤੇ ਕਹੀ ਚੁੱਕਦਾ ਹੋਇਆ ਬੋਲਿਆ:

"ਪਰਜਾਪਤ ਜੀ, ਧੁੱਪ ਬਹੁਤ ਤੇਜ਼ ਹੋ ਗਈ ਹੈ। ਹੁਣ ਦਿਨ ਢਲੇ ਹੀ ਕੰਮ ਸ਼ੁਰੂ ਕਰਾਂਗੇ।" ਉਹ ਗਧਿਆਂ ਦੇ ਪਿੱਛੇ ਤੁਰਨ ਲੱਗੇ। ਦੀਨਾ ਕਾਲੀ ਦੇ ਬਹੁਤ ਨੇੜੇ ਹੋ ਕੇ ਬੋਲਿਆ:

"ਜਦੋਂ ਮੈਂ ਏਧਰ ਆ ਰਿਹਾ ਸੀ ਤਾਂ ਮੰਗੂ ਚੌਧਰੀ ਦੀ ਹਵੇਲੀ ਦੇ ਬਾਹਰ ਖੜਾ ਸੀ।" (ਚਲਦਾ)

**-ਅਨੁਵਾਦ: ਸੁਖਵੰਤ ਹੁੰਦਲ**

***

ਸਥਾਈ ਕਾਲਮ

# ਪਰਦਾ ਜੋ ਉੱਠ ਗਿਆ

## ਅਮਰੀਕੀ ਹਮਲੇ ਤੋਂ ਛੇ ਸਾਲਾਂ ਬਾਅਦ ਅਫਗਾਨਿਸਤਾਨ

**ਸੁਖਵੰਤ ਹੁੰਦਲ**

(shundal@sfu.ca)

ਸਤੰਬਰ 2001 ਵਿੱਚ ਦਹਿਸ਼ਤਵਾਦੀਆਂ ਵਲੋਂ ਨਿਊਯਾਰਕ ਦੀਆਂ ਦੋ ਇਮਾਰਤਾਂ 'ਤੇ ਕੀਤੇ ਹਮਲਿਆਂ ਦੇ ਜੁਆਬ ਵਿੱਚ ਅਮਰੀਕਾ ਨੇ 7 ਅਕਤੂਬਰ 2001 ਨੂੰ ਅਫਗਾਨਿਸਤਾਨ 'ਤੇ ਹਮਲਾ ਕੀਤਾ ਸੀ। ਸ਼ੁਰੂ ਵਿੱਚ ਇਸ ਹਮਲੇ ਦਾ ਮਕਸਦ ਨਿਊਯਾਰਕ 'ਤੇ ਕੀਤੇ ਹਮਲਿਆਂ ਲਈ ਜ਼ਿੰਮੇਵਾਰ ਦਹਿਸ਼ਤਗਰਦਾਂ ਨੂੰ ਖਤਮ ਕਰਨਾ ਸੀ। ਬਾਅਦ ਵਿੱਚ ਇਸ ਹਮਲੇ ਦਾ ਮਕਸਦ ਅਫਗਾਨਿਸਤਾਨ ਦੇ ਤਾਲਿਬਾਨ ਹੁਕਮਰਾਨਾਂ ਨੂੰ ਤਾਕਤ ਤੋਂ ਲਾਹ ਕੇ (ਕਿਉਂਕਿ ਅਮਰੀਕਾ ਦੇ ਕਹਿਣ ਮੁਤਾਬਕ, ਉਹਨਾਂ ਨੇ ਅਫਗਾਨਿਸਤਾਨ ਵਿੱਚ ਕੇਂਦਰ ਸਥਾਪਤ ਕਰਕੇ ਬੈਠੇ ਅਲ-ਕਾਇਦਾ ਦੇ ਨੇਤਾਵਾਂ ਨੂੰ ਅਮਰੀਕਾ ਦੇ ਹਵਾਲੇ ਕਰਨਾ ਨਹੀਂ ਸੀ ਮੰਨਿਆ) ਉੱਥੇ ਲੋਕਤੰਤਰੀ ਸਰਕਾਰ ਕਾਇਮ ਕਰਨਾ ਅਤੇ ਬਰਾਬਰੀ ਅਤੇ ਇਨਸਾਫ 'ਤੇ ਆਧਾਰਿਤ ਨਿਜਾਮ ਸਥਾਪਤ ਕਰਨਾ ਬਣ ਗਿਆ ਤਾਂ ਕਿ ਅਫਗਾਨਿਸਤਾਨ ਦੇ ਲੋਕਾਂ ਨੂੰ ਤਾਲਿਬਾਨ-ਨਿਜਾਮ ਦੇ ਜ਼ੁਲਮਾਂ ਤੋਂ ਨਿਜਾਤ ਦਿਵਾਈ ਜਾ ਸਕੇ। ਉਸ ਤੋਂ ਬਾਅਦ ਇਸ ਹਮਲੇ ਦੇ ਮਕਸਦ ਵਿੱਚ ਹੋਰ ਕਈ ਉਦੇਸ਼ ਵੀ ਜੁੜਦੇ ਗਏ ਜਿਹਨਾਂ ਵਿੱਚ ਅਫਗਾਨਿਸਤਾਨੀ ਔਰਤਾਂ ਨੂੰ ਅਫਗਾਨਿਸਤਾਨ ਵਿੱਚ ਬਰਾਬਰੀ ਦੀ ਥਾਂ ਦਿਵਾਉਣਾ, ਅਫਗਾਨਿਸਤਾਨ ਵਿੱਚ ਵਿਕਾਸ ਦੇ ਕਾਰਜ ਸ਼ੁਰੂ ਕਰਨਾ ਤਾਂ ਕਿ ਲੋਕਾਂ ਵਿੱਚ ਅਲਕਾਇਦਾ ਅਤੇ ਤਾਲਿਬਾਨ ਦਾ ਸਮੱਰਥਨ ਪੈਦਾ ਕਰਨ ਦਾ ਆਧਾਰ ਬਣਨ ਵਾਲੀਆਂ ਮੁਢਲੀਆਂ ਹਾਲਤਾਂ ਨੂੰ ਬਦਲਿਆ ਜਾ ਸਕੇ, ਵਰਗੇ ਉਦੇਸ਼ ਵੀ ਸ਼ਾਮਲ ਹੁੰਦੇ ਗਏ। ਇਸ ਦੇ ਨਾਲ ਹੀ ਹਮਲੇ ਤੋਂ ਬਾਅਦ ਛੇਤੀਂ ਹੀ ਅਫਗਾਨਿਸਤਾਨ ਵਿੱਚ ਅਮਰੀਕਾ ਦੀ ਇਹ ਮੁਹਿੰਮ ਇਕੱਲੇ ਅਮਰੀਕਾ ਦੀ ਮੁਹਿੰਮ ਨਾ ਰਹੀ ਸਗੋਂ ਇਸ ਮੁਹਿੰਮ ਵਿੱਚ ਪੱਛਮ ਦੇ ਹੋਰ ਦੇਸ਼ ਵੀ ਅਮਰੀਕਾ ਦੇ ਮਿੱਤਰ ਦੇਸ਼ਾਂ ਦੇ ਤੌਰ 'ਤੇ ਸ਼ਾਮਲ ਹੋ ਗਏ ਅਤੇ ਨਤੀਜੇ ਵਜੋਂ ਅਫਗਾਨਿਸਤਾਨ ਦੀ ਇਹ ਮੁਹਿੰਮ ਅਮਰੀਕਾ ਦੀ ਅਗਵਾਈ ਹੇਠ ਚਲਦੀ ਪੱਛਮੀ ਦੇਸ਼ਾਂ ਦੀ ਮੁਹਿੰਮ ਬਣ ਗਈ। ਇਸ ਲੇਖ ਦਾ ਮਕਸਦ ਅਫਗਾਨਿਸਤਾਨ 'ਤੇ ਕੀਤੇ ਅਮਰੀਕੀ ਹਮਲੇ ਤੋਂ ਛੇ ਸਾਲਾਂ ਬਾਅਦ ਇਹ ਦੇਖਣਾ ਹੈ ਕਿ ਕੀ ਅਮਰੀਕਾ ਅਫਗਾਨਿਸਤਾਨ ਵਿੱਚ ਆਪਣੇ ਐਲਾਨੇ ਉਦੇਸ਼ਾਂ ਨੂੰ ਪੂਰਾ ਕਰਨ ਵਿੱਚ ਕਾਮਯਾਬ ਹੋਇਆ ਹੈ? ਕੀ ਅਮਰੀਕਾ ਅਫਗਾਨਿਸਤਾਨ ਵਿੱਚ ਦਹਿਸ਼ਤਵਾਦੀਆਂ ਨੂੰ ਖਤਮ ਕਰਨ ਵਿੱਚ ਕਾਮਯਾਬ ਹੋਇਆ ਹੈ ਜਾਂ ਇਸ ਮਕਸਦ ਦੀ ਕਾਮਯਾਬੀ ਵਲ ਵੱਧ ਰਿਹਾ ਹੈ? ਕੀ ਅਫਗਾਨਿਸਤਾਨ ਵਿੱਚ ਲੋਕਤੰਤਰੀ

ਸਰਕਾਰ ਸਥਾਪਤ ਹੋ ਗਈ ਹੈ ਜਾਂ ਅਫਗਾਨਿਸਤਾਨ ਦੇ ਹਾਲਾਤ ਅਜਿਹੀ ਸਥਿਤੀ ਵੱਲ ਵੱਧ ਰਹੇ ਹਨ? ਕੀ ਅਫਗਾਨਿਸਤਾਨ ਦੇ ਲੋਕ ਇਕ ਸੁਰੱਖਿਅਤ ਅਤੇ ਜ਼ੁਲਮ-ਰਹਿਤ ਜ਼ਿੰਦਗੀ ਜੀ ਸਕਣ ਯੋਗ ਹੋ ਗਏ ਹਨ ਜਾਂ ਅਜਿਹਾ ਕਰ ਸਕਣ ਦੇ ਯੋਗ ਹੋਣ ਵਲ ਵੱਧ ਰਹੇ ਹਨ।

**ਦਹਿਸ਼ਤਵਾਦ ਦਾ ਖਾਤਮਾ:** ਇਹ ਗੱਲ ਤਾਂ ਬਹੁਤ ਸਪਸ਼ਟ ਹੈ ਕਿ ਅਮਰੀਕਾ ਅਫਗਾਨਿਸਤਾਨ ਵਿੱਚ ਦਹਿਸ਼ਤਵਾਦ ਖਤਮ ਕਰਨ ਵਿੱਚ ਕਾਮਯਾਬ ਨਹੀਂ ਹੋਇਆ। ਹਮਲੇ ਤੋਂ ਛੇਤੀਂ ਬਾਅਦ ਜਾਪਦਾ ਸੀ ਕਿ ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਦੀਆਂ ਫੌਜਾਂ ਅਫਗਾਨਿਸਤਾਨ ਵਿੱਚੋਂ ਤਾਲਿਬਾਨਾਂ ਦਾ ਖਾਤਮਾ ਕਰਨ ਜਾਂ ਉਹਨਾਂ ਨੂੰ ਖਦੇੜਨ ਵਿੱਚ ਕਾਮਯਾਬ ਹੋ ਗਈਆਂ ਹਨ, ਪਰ ਮੌਜੂਦਾ ਹਾਲਤ ਇਸ ਤੱਥ ਦੇ ਉਲਟ ਗਵਾਹੀ ਭਰਦੇ ਹਨ। ਤਾਲਿਬਾਨ ਮੁੜ ਜਥੇਬੰਦ ਹੋਣ ਵਿੱਚ ਕਾਮਯਾਬ ਹੋ ਗਏ ਹਨ ਅਤੇ ਉਹਨਾਂ ਨੇ ਅਫਗਾਨਿਸਤਾਨ ਦੇ ਕਾਫੀ ਹਿੱਸੇ ਵਿੱਚ ਅਮਰੀਕੀ ਅਤੇ ਅਫਗਾਨਿਸਤਾਨੀ ਫੌਜਾਂ ਦਾ ਦਾਖਲਾ ਅਸੰਭਵ ਬਣਾ ਦਿੱਤਾ ਹੈ। ਅਮਰੀਕਾ ਅਤੇ ਮਿੱਤਰ ਦੇਸ਼ਾਂ ਦੀਆਂ ਫੌਜਾਂ ਅਤੇ ਦੂਸਰੇ ਲੋਕਾਂ 'ਤੇ ਹਮਲੇ ਹੋਣ ਦੀਆਂ ਘਟਨਾਵਾਂ ਹਰ ਰੋਜ਼ ਵਾਪਰ ਰਹੀਆਂ ਹਨ। ਇਹ ਹਮਲੇ ਅਫਗਾਨਿਸਤਾਨ ਦੇ ਦੂਰ ਦੁਰੇਡੇ ਇਲਾਕਿਆਂ ਵਿੱਚ ਹੀ ਨਹੀਂ ਹੋ ਰਹੇ ਸਗੋਂ ਅਫਗਾਨਿਸਤਾਨ ਦੀ ਰਾਜਧਾਨੀ ਕਾਬਲ ਵੀ ਇਹਨਾਂ ਹਮਲਿਆਂ ਤੋਂ ਬਚੀ ਹੋਈ ਨਹੀਂ। 13 ਸਤੰਬਰ, 2007 ਨੂੰ ਲੌਸ ਏਂਜਲਸ ਟਾਇਮਜ਼ ਵਿੱਚ ਛਪੇ ਇਕ ਆਰਟੀਕਲ ਵਿੱਚ ਕਿਹਾ ਗਿਆ ਹੈ ਕਿ ਕਾਬਲ ਏਨਾ ਖਤਰਨਾਕ ਹੋ ਗਿਆ ਹੈ ਕਿ ਵਿਦੇਸ਼ੀ ਦੂਤਾਵਾਸ ਤਾਲਾਬੰਦੀ ਦੀ ਸਥਿਤੀ ਵਿੱਚ ਹਨ, ਸਫੀਰ ਆਪਣੇ ਦਫਤਰਾਂ ਵਿੱਚੋਂ ਨਹੀਂ ਨਿਕਲਦੇ ਅਤੇ ਸਿਕਿਉਰਟੀ ਘੇਰੇ ਤੋਂ ਅਗਾਂਹ ਸਿਰਫ ਦਿਨ ਦੇ ਵਕਤ ਹੀ ਜਾਂਦੇ ਹਨ, ਉਹ ਵੀ ਬਕਤਰਬੰਦ ਗੱਡੀਆਂ ਵਿੱਚ ਅਤੇ ਹਥਿਆਰਬੰਦ ਪਹਿਰੇ ਅਧੀਨ।

ਛੇ ਸਾਲਾਂ ਬਾਅਦ ਵੀ ਅਮਰੀਕਨ ਅਤੇ ਉਸ ਦੇ ਮਿੱਤਰ ਦੇਸ਼ਾਂ ਦੀਆਂ ਫੌਜਾਂ ਬਿਨ-ਲਾਦੇਨ ਅਤੇ ਅਲਕਾਇਦਾ ਦੇ ਹੋਰ ਉਤਲੇ ਨੇਤਾਵਾਂ ਨੂੰ ਫੜਨ ਵਿੱਚ ਨਾਕਾਮਯਾਬ ਰਹੀਆਂ ਹਨ। ਬਿਨ-ਲਾਦੇਨ ਅਜੇ ਵੀ ਦੁਨੀਆਂ ਭਰ ਵਿੱਚ ਆਡਿਓ ਅਤੇ ਵੀਡੀਓ ਸੁਨੇਹੇ ਭੇਜ ਕੇ ਦਹਿਸ਼ਤਵਾਦ ਦੀ "ਰਹਿਨੁਮਾਈ" ਕਰ ਰਿਹਾ ਹੈ। ਬੇਸ਼ੱਕ ਅਮਰੀਕੀ ਨੇਤਾ ਆਪਣੇ ਭਾਸ਼ਨਾਂ ਵਿੱਚ ਜਿੰਨਾ ਮਰਜ਼ੀ ਕਹੀ ਜਾਣ ਕਿ ਉਹ ਅਫਗਾਨਿਸਤਾਨ ਵਿੱਚ ਜਿੱਤ ਰਹੇ ਹਨ ਪਰ ਸਚਾਈ ਇਸ ਤੋਂ ਉਲਟ ਜਾਪਦੀ ਹੈ। ਲਾਸ ਏਂਜਲਸ ਟਾਇਮਜ਼ ਵਿੱਚ ਛਪੇ ਆਰਟੀਕਲ ਅਨੁਸਾਰ, "ਪਿੰਡ ਤੋਂ ਪਿੰਡ, ਕਬੀਲੇ ਤੋਂ ਕਬੀਲੇ ਅਤੇ ਸੂਬੇ ਤੋਂ ਸੂਬੇ ਤੱਕ ਅਲਕਾਇਦਾ ਵਾਪਸ ਆ ਰਹੀ ਹੈ।" ਸ਼ਾਇਦ ਇਸ ਹੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਅਫਗਾਨਿਸਤਾਨ ਦੇ ਪ੍ਰੈਜ਼ੀਡੈਂਟ ਕਰਜ਼ਾਈ ਤਾਲਿਬਾਨਾਂ ਨਾਲ ਗੱਲਬਾਤ ਕਰਨ ਦੇ ਬਿਆਨ ਦੇ ਰਹੇ ਹਨ।

**ਲੋਕਤੰਤਰ ਸਰਕਾਰ ਸਥਾਪਤ ਕਰਨਾ:** ਅਮਰੀਕਾ ਵਲੋਂ ਇਹ ਗੱਲ ਕਹੀ ਜਾ ਰਹੀ ਹੈ ਕਿ ਅਫਗਾਨਿਸਤਾਨ ਲੋਕਤੰਤਰ ਵਲ ਨੂੰ ਵੱਧ ਰਿਹਾ ਹੈ। ਆਪਣੀ ਧਾਰਨਾ ਦੇ ਹੱਕ ਵਿੱਚ ਸਬੂਤ ਦਿੰਦਿਆਂ ਉਹ ਕਹਿੰਦੇ ਹਨ ਕਿ ਸੰਨ 2004 ਤੋਂ ਅਫਗਾਨਿਸਤਾਨ ਵਿੱਚ ਨਵਾਂ ਸਵਿੰਧਾਨ ਸਥਾਪਤ ਹੋ ਗਿਆ ਹੈ ਅਤੇ ਮੌਜੂਦਾ ਪ੍ਰੈਜ਼ੀਡੈਂਟ ਹਮੀਦ ਕਰਜ਼ਾਈ ਵੋਟਾਂ ਰਾਹੀਂ ਚੁਣੇ ਗਏ ਹਨ ਅਤੇ 2005 ਵਿੱਚ ਅਫਗਾਨਿਸਤਾਨ ਵਿੱਚ ਪਾਰਲੀਮੈਂਟਰੀ ਅਤੇ ਸੂਬਾਈ ਚੋਣਾਂ ਹੋਈਆਂ ਹਨ। ਪਰ ਜੇ ਅਸੀਂ ਇਹ ਦੇਖੀਏ ਕਿ ਇਸ ਸਮੇਂ ਅਫਗਾਨਿਸਤਾਨ ਦੀ ਸਰਕਾਰ ਨੂੰ ਕਿਹੜੇ ਲੋਕ ਕੰਟਰੋਲ ਕਰ ਰਹੇ ਹਨ ਤਾਂ

ਅਫਗਾਨਿਸਤਾਨ ਵਿੱਚ ਲੋਕਤੰਤਰ ਦੀ ਸਥਾਪਨਾ ਵਲ ਵਧ ਰਹੇ ਕਦਮਾਂ ਦੀ ਧਾਰਨਾ ਦਾ ਖੋਖਲਾਪਣ ਇਕਦਮ ਸਪਸ਼ਟ ਹੋ ਜਾਂਦਾ ਹੈ।

ਅਫਗਾਨਿਸਤਾਨ ਬਾਰੇ ਆ ਰਹੀਆਂ ਵੱਖ ਵੱਖ ਰੀਪੋਰਟਾਂ ਅਨੁਸਾਰ, ਇਸ ਸਮੇਂ ਅਫਗਾਨਿਸਤਾਨ ਦੀ ਸਰਕਾਰ ਵਿੱਚ ਬਹੁਗਿਣਤੀ ਨੌਰਦਰਨ ਅਲਾਇੰਸ ਨਾਲ ਸੰਬੰਧ ਰੱਖਦੇ ਮੁਜ਼ਾਹਾਦੀਨਾਂ ਦੀ ਹੈ, ਜਿਹੜੇ ਮੂਲਵਾਦ, ਲੋਕਤੰਤਰ ਦੇ ਵਿਰੋਧ ਅਤੇ ਤਾਨਾਸ਼ਾਹੀ ਵਰਤਾਰੇ ਵਿੱਚ ਤਾਲਿਬਾਨਾਂ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹਨ। ਤਾਲਿਬਾਨਾਂ ਤੋਂ ਪਹਿਲਾਂ 1992-96 ਦੇ ਸਮੇਂ ਦੌਰਾਨ ਉਹ ਅਫਗਾਨਿਸਤਾਨ ਉੱਪਰ ਹਾਵੀ ਰਹੇ ਸਨ। ਇਸ ਸਮੇਂ ਦੌਰਾਨ ਅਫਗਾਨਿਸਤਾਨੀ ਲੋਕਾਂ ਉੱਪਰ ਵਾਪਰੇ ਜ਼ੁਲਮਾਂ ਦੀਆਂ ਕਹਾਣੀਆਂ ਤਾਲਿਬਾਨਾਂ ਦੇ ਸਮੇਂ ਦੌਰਾਨ ਵਾਪਰੇ ਜ਼ੁਲਮਾਂ ਦੇ ਬਰਾਬਰ ਹੀ ਹਨ। ਉਸ ਵੇਲੇ ਅਫਗਾਨਿਸਤਾਨ ਵਿੱਚ ਔਰਤਾਂ ਦੀ ਸਥਿਤੀ ਦਾ ਬਿਆਨ ਕਰਦੀ ਇਕ ਰੀਪੋਰਟ ਵਿੱਚ ਕਿਹਾ ਗਿਆ ਹੈ ਕਿ ਹਥਿਆਰਬੰਦ ਫੌਜੀ ਘਰਾਂ ਵਿੱਚ ਜਾਂਦੇ ਸਨ ਅਤੇ ਨੌਜਵਾਨ ਕੁੜੀਆਂ ਨੂੰ ਆਪਣੇ ਨਾਲ ਚੱਲਣ ਲਈ ਕਹਿੰਦੇ ਸਨ। ਜੇ ਉਹ ਕੁੜੀਆਂ ਇਹਨਾਂ ਫੌਜੀਆਂ ਦੇ ਨਾਲ ਜਾਣੋ ਇਨਕਾਰ ਕਰਦੀਆਂ ਸਨ ਤਾਂ ਉਹਨਾਂ ਨੂੰ ਉੱਥੇ ਹੀ ਗੋਲੀ ਮਾਰ ਦਿੱਤੀ ਜਾਂਦੀ ਸੀ।

ਮਨੁੱਖੀ ਅਧਿਕਾਰਾਂ ਦੀ ਸੰਸਥਾਂ ਹਿਊਮਨ ਰਾਈਟਸ ਵਾਚ ਅਨੁਸਾਰ, ਅਫਗਾਨਿਸਤਾਨ ਦੀ ਮੌਜੂਦਾ ਪਾਰਲੀਮੈਂਟ ਦੇ ਅੱਧੇ ਤੋਂ ਵੱਧ ਮੈਂਬਰਾਂ ਦੇ ਹਥਿਆਰਬੰਦ ਗਰੁੱਪਾਂ ਨਾਲ ਸੰਬੰਧ ਹਨ ਜਾਂ ਪਿਛਲੇ ਸਮੇਂ ਦੌਰਾਨ ਉਹਨਾਂ ਵਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣ ਕਰਨ ਦੇ ਰੀਕਾਰਡ ਹਨ। 10 ਅਪ੍ਰੈਲ 2007 ਨੂੰ ਲੌਸ ਐਂਜਲੈਸ ਦੀ ਯੂਨੀਵਰਸਿਟੀ ਵਿੱਚ ਅਫਗਾਨ ਪਾਰਲੀਮੈਂਟ ਦੀ ਇਕ ਔਰਤ ਮੈਂਬਰ ਮਲਾਲਾਇ ਜੋਇਆ ਨੇ ਅਫਗਾਨਿਸਤਾਨ ਦੀ ਮੌਜੂਦਾ ਸਰਕਾਰ ਵਿੱਚ ਕੁਝ ਉਹਨਾਂ ਤਾਕਤਵਰ ਲੋਕਾਂ ਦੇ ਨਾਂ ਲਏ ਜਿਹਨਾਂ ਵਿਰੁੱਧ ਅਫਗਾਨਿਸਤਾਨੀ ਲੋਕਾਂ ਵਿਰੁੱਧ ਜ਼ੁਲਮ ਢਾਹੁਣ ਦੇ ਦੋਸ਼ ਲੱਗਦੇ ਹਨ। ਜੋਇਆ ਅਨੁਸਾਰ:

- ਅਫਗਾਨਿਸਤਾਨ ਦਾ ਉੱਪ-ਰਾਸ਼ਟਰਪਤੀ ਕਰੀਮ ਖਲੀਲੀ, ਇਰਾਨ ਪੱਖੀ ਵਹਾਦਤ ਪਾਰਟੀ ਦਾ ਨੇਤਾ ਹੈ ਅਤੇ ਉਹ ਹਜ਼ਾਰਾਂ ਬੇਗੁਨਾਹ ਲੋਕਾਂ ਨੂੰ ਕਤਲ ਕਰਨ ਲਈ ਜ਼ਿੰਮੇਵਾਰ ਹੈ ਅਤੇ ਹਿਊਮਨ ਰਾਇਟਸ ਵਾਚ ਨੇ ਉਸ ਨੂੰ ਜੰਗੀ-ਅਪਰਾਧੀ (ਵਾਰ ਕਰਿਮਨਲ) ਕਰਾਰ ਦਿੱਤਾ ਹੈ।
- ਅਫਗਾਨਿਸਤਾਨ ਦੀ ਭ੍ਰਿਸ਼ਟਾਚਾਰ ਵਿਰੋਧੀ ਸੰਸਥਾ ਦਾ ਮੁਖੀ, ਇਜ਼ਾਜ਼ਤੁੱਲ੍ਹਾ ਵਸੀਫੀ, ਖੁਦ ਡਰੱਗ ਦਾ ਧੰਦਾ ਕਰਨ ਦਾ ਦੋਸ਼ੀ ਹੈ, ਅਤੇ ਉਹ ਅਮਰੀਕਾ ਦੇ ਸੂਬੇ ਨੇਵਾਦਾ ਵਿੱਚ 4 ਸਾਲ ਦੀ ਸਜ਼ਾ ਕੱਟ ਚੁੱਕਿਆ ਹੈ।
- ਡਰੱਗ ਵਿਰੋਧੀ ਮੁਹਿੰਮ ਦਾ ਇਨਚਾਰਜ, ਅਫਗਾਨਿਸਤਾਨ ਦਾ ਡਿਪਟੀ ਇੰਟੀਰੀਅਰ ਮਨਿਸਟਰ, ਜਨਰਲ ਮੁਹੰਮਦ ਦਾਊਦ, ਸਾਬਕਾ ਫੌਜੀ ਕਮਾਂਡਰ (ਵਾਰ ਲੌਰਡ) ਹੈ ਅਤੇ ਡਰੱਗ ਦਾ ਧੰਦਾ ਕਰਨ ਵਿੱਚ ਮਸ਼ਹੂਰ ਰਿਹਾ ਹੈ।
- ਅਫਗਾਨ ਫੌਜ ਦਾ ਚੀਫ ਆਫ ਸਟਾਫ, ਰਸ਼ੀਦ ਦੋਸਤਮ, ਇਕ ਜਾਲਮ ਹਤਿਆਰਾ ਹੈ ਅਤੇ ਉਸ ਨੂੰ ਹਿਊਮਨ ਰਾਈਟਸ ਵਾਚ ਨੇ ਜੰਗੀ ਅਪਰਾਧੀ ਘੋਸ਼ਿਤ ਕੀਤਾ ਹੈ।
- ਸਾਬਕਾ ਰੱਖਿਆ ਮੰਤਰੀ, ਅਤੇ ਮੌਜੂਦਾ ਸੈਨੇਟਰ ਅਤੇ ਪ੍ਰੈਜ਼ੀਡੈਂਟ ਕਰਜ਼ਾਈ ਦਾ ਸਲਾਹਕਾਰ , ਕਾਸਿਮ ਫਹੀਮ, ਨੌਰਦਰਨ ਅਲਾਇੰਸ ਦਾ ਸਭ ਤੋਂ ਤਾਕਤਵਰ ਫੌਜੀ ਕਮਾਂਡਰ (ਵਾਰ ਲੌਰਡ) ਹੈ ਅਤੇ ਉਸ ਉੱਪਰ ਜੰਗੀ-ਅਪਰਾਧਾਂ ਦੇ ਇਲਜ਼ਾਮ ਲੱਗਦੇ ਹਨ।

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ 29 ਸਾਲਾ ਮਲਾਲਾਇ ਜੋਇਆ ਅਜਿਹੀ ਅਫਗਾਨ ਐਮ ਪੀ ਹੈ, ਜੋ ਅਫਗਾਨਿਸਤਾਨ ਉੱਪਰ ਫੌਜੀ ਕਮਾਂਡਰਾਂ (ਵਾਰ ਲੌਰਡਜ਼) ਦੇ ਰਾਜ ਦੀ ਸਖਤ ਵਿਰੋਧੀ ਹੈ। ਇਸ ਦੇ ਨਤੀਜੇ ਵਜੋਂ ਉਸਨੂੰ ਅਫਗਾਨਿਸਤਾਨ ਦੀ ਪਾਰਲੀਮੈਂਟ ਵਿੱਚੋਂ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਉਸ ਉੱਪਰ ਚਾਰ ਕਾਤਲਾਨਾ ਹਮਲੇ ਹੋ ਚੁੱਕੇ ਹਨ। ਫੌਜੀ ਕਮਾਂਡਰਾਂ ਤੋਂ ਪਾਰਲੀਮੈਂਟ ਦੇ ਮੈਂਬਰ ਬਣੇ ਅਫਗਾਨਿਸਤਾਨੀ ਐਮ ਪੀ ਉਸ ਤੋਂ ਏਨੇ ਔਖੇ ਹਨ ਕਿ ਉਸ ਵਲੋਂ ਕਹੀ ਗੱਲ ਦੇ ਜੁਆਬ ਵਿੱਚ ਇਕ ਪਾਰਲੀਮੈਂਟ ਮੈਂਬਰ ਨੇ ਕਿਹਾ ਕਿ ਉਹ ਇਕ ਤਵਾਇਫ ਹੈ ਅਤੇ ਉਸ ਨੂੰ ਉੱਥੋਂ ਲਿਜਾ ਕੇ ਉਸ ਨਾਲ ਬਲਾਤਕਾਰ ਕਰਨਾ ਚਾਹੀਦਾ ਹੈ।

ਜਿਸ ਦੇਸ਼ ਦੀ ਪਾਰਲੀਮੈਂਟ ਦੇ ਅੱਧੇ ਤੋਂ ਵੱਧ ਮੈਂਬਰਾਂ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਇਲਜ਼ਾਮ ਲਗਦੇ ਹੋਣ ਅਤੇ ਜਿਸ ਪਾਰਲੀਮੈਂਟ ਵਿੱਚ ਇਕ ਔਰਤ ਐਮ ਪੀ ਦਾ ਬਲਾਤਕਾਰ ਕਰਨ ਦੀ ਧਮਕੀ ਦਿੱਤੀ ਗਈ ਹੋਵੇ, ਉਸ ਮੁਲਕ ਦੇ ਲੋਕਤੰਤਰ ਵਲ ਵਧਣ ਦੀ ਗੱਲ ਕਰਨਾ ਇਕ ਕੋਝੇ ਮਜਾਕ ਤੋਂ ਵੱਧ ਕੁਝ ਨਹੀਂ ਹੋ ਸਕਦੀ। ਇਥੇ ਇਹ ਗੱਲ ਵੀ ਸਪਸ਼ਟ ਕਰ ਲੈਣੀ ਚਾਹੀਦੀ ਹੈ ਕਿ ਅਫਗਾਨਿਸਤਾਨ ਵਿੱਚ "ਲੋਕਤੰਤਰ ਵਲ ਵਧਦੇ ਇਹ ਕਦਮ" ਅਮਰੀਕਾ ਦੀਆਂ ਨੀਤੀਆਂ ਦਾ ਨਤੀਜਾ ਹਨ। 2001 ਵਿੱਚ ਤਾਲਿਬਨ ਦੀ ਹਾਰ ਤੋਂ ਬਾਅਦ ਚਾਹੀਦਾ ਤਾਂ ਇਹ ਸੀ ਕਿ ਅਫਗਾਨਿਸਤਾਨ ਵਿੱਚ ਹਥਿਆਰਬੰਦ ਗਰੁੱਪਾਂ ਨੂੰ ਨਿਰ-ਹਥਿਆਰ ਕੀਤਾ ਜਾਂਦਾ ਅਤੇ ਅਫਗਾਨਿਸਤਾਨ ਦੇ ਪੁਲਿਸ ਅਤੇ ਸਿਕਿਉਰਟੀ ਬਲਾਂ ਨੂੰ ਮਜ਼ਬੂਤ ਕੀਤਾ ਜਾਂਦਾ ਤਾਂ ਕਿ ਅਫਗਾਨਿਸਤਾਨ ਲੋਕਾਂ ਨੂੰ ਇਹਨਾਂ ਹਥਿਆਰਬੰਦ ਫੌਜੀ ਕਮਾਂਡਰਾਂ (ਵਾਰ ਲੌਰਡਜ਼) ਤੋਂ ਛੁਟਕਾਰਾ ਮਿਲਦਾ। ਪਰ ਅਮਰੀਕਾ ਨੇ ਇਸ ਦੇ ਉਲਟ ਜਾਂਦਿਆਂ, ਤਾਲਿਬਾਨਾਂ ਨਾਲ ਲੜਨ ਲਈ ਹਥਿਆਰਬੰਦ ਫੌਜੀ ਗਰੁੱਪਾਂ ਨਾਲ ਗੱਠ-ਜੋੜ ਕੀਤਾ। ਜਿਸ ਦੇ ਨਤੀਜੇ ਵਜੋਂ ਹਥਿਆਰਬੰਦ ਹੋਰ ਤੱਕੜੇ ਹੋਏ। ਇਸ ਸਥਿਤੀ ਨੂੰ ਦੇਖਦਿਆਂ ਹੀ ਮਲਾਲਾਇ ਜੋਇਆ ਕਹਿੰਦੀ ਹੈ, "ਅਮਰੀਕੀ ਸਰਕਾਰ ਨੇ ਅਤਿ ਦੇ ਪਿਛਾਂਹਖਿਚੂ ਅਤੇ ਜਾਲਮ ਤਾਲਿਬਾਨਾਂ ਨੂੰ ਤਾਂ ਤਾਕਤ ਤੋਂ ਲਾਹ ਦਿੱਤਾ, ਪਰ ਅਫਗਾਨਿਸਤਾਨੀ ਲੋਕਾਂ ਉੱਪਰ ਨਿਰਭਰ ਹੋਣ ਦੀ ਥਾਂ, ਸਾਨੂੰ ਖੂਹ ਵਿੱਚੋਂ ਕੱਢ ਕੇ ਟੋਬੇ ਵਿੱਚ ਸੁੱਟ ਦਿੱਤਾ ਅਤੇ ਆਪਣੀ ਦੋਸਤੀ ਲਈ "ਨੌਰਦਰਨ ਅਲਾਇੰਸ" ਦੇ ਲੁੱਚੇ ਅਤੇ ਬਦਮਾਸ਼ ਅਪਰਾਧੀਆਂ ਨੂੰ ਚੁਣਿਆ, ਜਿਹੜੇ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੇ ਕੱਟੜ ਦੁਸ਼ਮਨ ਹਨ ਅਤੇ ਤਾਲਿਬਾਨਾਂ ਵਾਂਗ ਹੀ ਕਾਲੀ ਸੋਚ ਵਾਲੇ, ਬੁਰੇ ਅਤੇ ਜਾਲਮ ਹਨ।"

**ਅਫਗਾਨਿਸਤਾਨ ਦੇ ਲੋਕਾਂ ਲਈ ਸੁਰੱਖਿਅਤ ਜ਼ਿੰਦਗੀ:** ਅਫਗਾਨਿਸਤਾਨ ਵਿੱਚ ਹਿੰਸਕ ਖਾਨਾਜੰਗੀ ਦੇ ਮਾਹੌਲ ਵਿੱਚ ਅਫਗਾਨਿਸਤਾਨ ਦੇ ਆਮ ਲੋਕਾਂ ਉੱਪਰ ਮੌਤ ਦਾ ਸਾਇਆ ਹਮੇਸ਼ਾਂ ਲਟਕਦਾ ਰਹਿੰਦਾ ਹੈ। ਉਹਨਾਂ ਨੂੰ ਪਤਾ ਨਹੀਂ ਕਿ ਵੱਖ ਵੱਖ ਧਿਰਾਂ ਵਲੋਂ ਕੀਤੀਆਂ ਜਾ ਰਹੀਆਂ ਹਿੰਸਕ ਕਾਰਵਾਈਆਂ ਕਦੋਂ ਉਹਨਾਂ ਦੀ ਮੌਤ ਦਾ ਕਾਰਨ ਬਣ ਜਾਣ। ਇੰਗਲੈਂਡ ਤੋਂ ਛਪਦੇ ਇੰਡੀਪੈਂਡਿਟ ਅਖਬਾਰ ਵਿੱਚ 6 ਅਕਤੂਬਰ ਨੂੰ ਛਪੀ ਇਕ ਰੀਪੋਰਟ ਮੁਤਾਬਕ 2007 ਦੇ ਪਹਿਲੇ ਨੌਂ ਮਹੀਨਿਆਂ ਦੌਰਾਨ ਆਤਮਘਾਤੀ ਬੰਬਾਂ, ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਦੀਆਂ ਫੌਜਾਂ ਵਲੋਂ ਕੀਤੇ ਹਵਾਈ

ਹਮਲਿਆਂ, ਵੱਖ ਵੱਖ ਧਿਰਾਂ ਵਿਚਕਾਰ ਹੋਈਆਂ ਹਥਿਆਰਬੰਦ ਝੜਪਾਂ ਅਤੇ ਸੜਕਾਂ 'ਤੇ ਫਟੇ ਬੰਬਾਂ ਕਾਰਨ 5100 ਲੋਕ ਮਾਰੇ ਗਏ ਹਨ। ਪਿਛਲੇ ਸਾਲ ਇਸ ਹੀ ਸਮੇਂ ਦੌਰਾਨ 3200 ਦੇ ਕਰੀਬ ਲੋਕ ਮਾਰੇ ਗਏ ਸਨ।

ਹਿੰਸਕ ਖਾਨਾਜੰਗੀ ਦੇ ਹਾਲਤਾਂ ਦਾ ਅਗਲਾ ਅਸਰ ਇਹ ਹੈ ਕਿ ਅਫਗਾਨਿਸਤਾਨ ਦੇ ਬਹੁਤ ਸਾਰੇ ਲੋਕਾਂ ਨੂੰ ਆਪਣੀ ਜਾਨ-ਮਾਲ ਦੀ ਰਾਖੀ ਲਈ ਆਪਣਾ ਘਰ-ਬਾਰ ਛੱਡਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਜੁਲਾਈ 2006 ਵਿੱਚ ਯੂ ਐਸ ਕਮੇਟੀ ਫਾਰ ਰਿਫਿਊਜੀਜ਼ ਐਂਡ ਇੰਮੀਗਰੈਂਟਸ ਨੇ ਅੰਦਾਜ਼ਾ ਲਾਇਆ ਸੀ ਕਿ 22 ਲੱਖ ਅਫਗਾਨਿਸਤਾਨੀ ਲੋਕ ਆਪਣਾ ਦੇਸ਼ ਛੱਡ ਕੇ ਸ਼ਰਨਾਰਥੀ ਬਣ ਗਏ ਹਨ ਅਤੇ ਡੇਢ ਲੱਖ ਦੇ ਕਰੀਬ ਅਫਗਾਨਿਸਤਾਨ ਦੇ ਅੰਦਰ ਹੀ ਆਪਣੇ ਘਰਾਂ ਤੋਂ ਉੱਜੜ ਚੁੱਕੇ ਹਨ।

ਕਹਿਣ ਨੂੰ ਤਾਂ ਕਰਜ਼ਾਈ ਸਰਕਾਰ ਦੇਸ਼ 'ਤੇ ਹਕੂਮਤ ਕਰ ਰਹੀ ਹੈ, ਪਰ ਇਹ ਦੇਸ਼ ਦੇ ਬਹੁਤੇ ਹਿੱਸਿਆਂ ਵਿੱਚ ਅਮਨ ਅਮਾਨ ਕਾਇਮ ਕਰ ਸਕਣ ਦੇ ਯੋਗ ਨਹੀਂ। ਇਸ ਗੱਲ ਦੀ ਸਚਾਈ ਵੱਖ ਵੱਖ ਸੂਤਰਾਂ ਵਲੋਂ ਮੰਨੀ ਜਾ ਰਹੀ ਹੈ। 5 ਅਕਤੂਬਰ 2007 ਨੂੰ ਅਮਰੀਕਾ ਦੀ ਹਾਊਸ ਕਮੇਟੀ ਔਨ ਫੌਰਨ ਅਫੇਅਰਜ਼ ਦੀ ਇਕ ਸੁਣਵਾਈ ਦੌਰਾਨ, ਨਿਊਯਾਰਕ ਦੇ ਡੈਮੋਕਰੇਟ ਸੈਨੇਟਰ ਡੇਵਿਡ ਐਕਰਮੈਨ ਨੇ ਕਿਹਾ, "ਦੇਸ਼ ਦੇ ਬਹੁਤੇ ਹਿੱਸੇ ਵਿੱਚ ਕੋਈ ਸੁਰੱਖਿਆ ਨਹੀਂ। ਕੇਂਦਰੀ ਸਰਕਾਰ ਦੀ ਪਹੁੰਚ ਕਾਬਲ ਦੀਆਂ ਹੱਦਾਂ ਤੋਂ ਅਗਾਂਹ ਨਹੀਂ ਜਾਂਦੀ।" ਸ਼ਾਇਦ ਇਸ ਲਈ ਹੀ ਕਈ ਲੋਕ ਕਰਜ਼ਾਈ ਨੂੰ ਅਫਗਾਨਿਸਤਾਨ ਦੇ ਪ੍ਰੈਜ਼ੀਡੈਂਟ ਦੀ ਥਾਂ ਕਾਬਲ ਦਾ ਮੇਅਰ ਕਹਿੰਦੇ ਹਨ। ਸਰਕਾਰ ਦੀ ਇਸ ਕਮਜ਼ੋਰੀ ਕਾਰਨ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਤੇ ਫੌਜੀ ਕਮਾਂਡਰਾਂ (ਵਾਰ ਲੌਰਡਜ਼) ਦਾ ਗਲਬਾ ਹੈ ਅਤੇ ਉੱਥੇ ਉਹਨਾਂ ਦਾ ਕਾਨੂੰਨ ਚਲਦਾ ਹੈ। ਰੈਵੂਲੂਸ਼ਨਰੀ ਐਸੋਸੀਏਸ਼ਨ ਆਫ ਦੀ ਵਿਮਨਜ਼ ਆਫ ਅਫਗਾਨਿਸਤਾਨ ਦੇ ਵੈੱਬਸਾਈਟ 'ਤੇ ਲੱਗੀ ਇੰਸਟੀਚਿਊਟ ਫਾਰ ਵਾਰ ਐਂਡ ਪੀਸ ਰੀਪੋਰਟਿੰਗ ਦੀ 13 ਸਤੰਬਰ, 2007 ਦੀ ਰਿਪੋਰਟ ਵਿੱਚ ਅਫਗਾਨਿਸਤਾਨ ਦੇ ਇਕ ਉੱਤਰੀ ਸੂਬੇ ਤੱਖਰ ਦਾ ਇਕ ਵਸ਼ਿੰਦਾ ਇਸ ਸਥਿਤੀ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ, "ਸਰਕਾਰ ਝੂਠ ਬੋਲ ਰਹੀ ਹੈ ਕਿ ਉਸ ਦਾ ਦੇਸ਼ 'ਤੇ ਕੰਟਰੋਲ ਹੈ। ਇਥੇ ਕੋਈ ਸਰਕਾਰ ਨਹੀਂ, ਸਿਰਫ ਸਥਾਨਕ ਕਮਾਂਡਰ ਹਨ, ਜੋ ਸਾਡੀ ਹੋਣੀ ਨੂੰ ਕੰਟਰੋਲ ਕਰਦੇ ਹਨ। ਨੇਟੋ ਅਤੇ ਇੰਟਰਨੈਸ਼ਨਲ ਸਿਕਿਉਰਟੀ ਅਸਿਸਟੈਂਸ ਫੋਰਸ, ਦੱਖਣ ਵਿੱਚ ਰੁਝੀਆਂ ਹੋਈਆਂ ਹਨ, ਅਤੇ ਉਹਨਾਂ ਨੇ ਸਾਨੂੰ ਸਥਾਨਕ ਕਮਾਂਡਰਾਂ ਦੇ ਚੁੰਗਲ ਵਿੱਚ ਛੱਡ ਦਿੱਤਾ ਹੈ, ਜਿਹੜੇ ਤਾਲਿਬਾਨਾਂ ਨਾਲੋਂ ਜ਼ਿਆਦਾ ਖਤਰਨਾਕ ਹਨ।"

ਆਮ ਲੋਕਾਂ ਉੱਪਰ ਆਪਣਾ ਦਾਬਾ ਕਾਇਮ ਰੱਖਣ ਲਈ ਇਹ ਫੌਜੀ ਕਮਾਂਡਰ (ਵਾਰ ਲੌਰਡਜ਼) ਹਰ ਤਰ੍ਹਾਂ ਦੇ ਜ਼ੁਲਮ ਦਾ ਸਹਾਰਾ ਲੈਂਦੇ ਹਨ। ਇੰਸਟੀਚਿਊਟ ਫਾਰ ਵਾਰ ਐਂਡ ਪੀਸ ਰੀਪੋਰਟਿੰਗ ਦੀ 13 ਸਤੰਬਰ 2007 ਦੀ ਇਕ ਰੀਪੋਰਟ ਮੁਤਾਬਕ, ਤੱਖਰ ਸੂਬੇ ਦੇ ਇਕ ਵਸ਼ਿੰਦੇ ਹਬੀਬ ਰਸੂਲ ਦਾ ਕਹਿਣਾ ਹੈ ਕਿ ਜਦੋਂ ਉਹ ਆਪਣੇ ਬੀਮਾਰ ਭਰਾ ਦੀ ਤੀਮਾਰਦਾਰੀ ਕਰਨ ਕਾਬਲ ਗਿਆ ਤਾਂ ਉਸ ਦੀ ਗੈਰ-ਹਾਜ਼ਰੀ ਵਿੱਚ ਇਕ ਸਥਾਨਕ ਕਮਾਂਡਰ ਨੇ ਉਸ ਦੀ ਪਤਨੀ ਨੂੰ ਅਗਵਾ ਕਰ ਲਿਆ ਅਤੇ ਕਈ ਮਹੀਨਿਆਂ ਬਾਅਦ ਵੀ ਉਸ ਨੂੰ ਪਤਾ ਨਹੀਂ ਕਿ ਉਸ ਦੀ ਪਤਨੀ ਕਿੱਥੇ ਹੈ। ਇਸ ਹੀ ਸੂਬੇ ਦੇ ਇਕ ਹੋਰ ਆਦਮੀ ਨੇ ਦੋਸ਼ ਲਾਇਆ ਹੈ ਕਿ ਸਥਾਨਕ ਕਮਾਂਡਰ ਨੇ ਉਸ ਦੇ 6 ਅਤੇ 8 ਸਾਲਾਂ ਦੇ ਦੋ ਪੁੱਤਰਾਂ ਨੂੰ ਅਗਵਾ ਕਰਕੇ ਕਤਲ ਕਰ ਦਿੱਤਾ। ਇਹਨਾਂ ਦੋਹਾਂ ਵਿਅਕਤੀਆਂ ਦਾ ਕਹਿਣਾ ਹੈ ਸਥਾਨਕ ਕਮਾਂਡਰ ਨੇ ਉਹਨਾਂ

ਵਿਰੁੱਧ ਅਜਿਹੀਆਂ ਕਾਰਵਾਈਆਂ ਤਾਂ ਕੀਤੀਆਂ ਕਿਉਂਕਿ ਉਹ ਸਥਾਨਕ ਕਮਾਂਡਰਾਂ ਦੀ ਹਕੂਮਤ ਦਾ ਵਿਰੋਧ ਕਰਦੇ ਸਨ। ਇਸ ਹੀ ਰੀਪੋਰਟ ਵਿੱਚ ਇਕ ਚਾਲੀ ਸਾਲਾ ਔਰਤ ਦੌਲਤ ਬੀਬੀ ਨੇ ਕਿਹਾ ਹੈ ਕਿ ਇਕ ਸਥਾਨਕ ਕਮਾਂਡਰ ਦੇ 13 ਆਦਮੀਆਂ ਨੇ ਉਸ ਨਾਲ ਬਲਾਤਕਾਰ ਕੀਤਾ ਜਿਸ ਕਾਰਨ ਉਸ ਨੂੰ ਡੇਢ ਮਹੀਨੇ ਲਈ ਹਸਪਤਾਲ ਰਹਿਣਾ ਪਿਆ। ਦੌਲਤ ਬੀਬੀ ਦਾ ਕਹਿਣਾ ਹੈ ਕਿ ਉਹ ਇਸ ਬਾਰੇ ਸ਼ਿਕਾਇਤ ਕਰਨ ਲਈ ਜ਼ਿਲ੍ਹੇ ਦੇ ਗਵਰਨਰ ਦੇ ਦਫਤਰ ਗਈ, ਪਰ ਉਸ ਦੀ ਕਿਸੇ ਨੇ ਵੀ ਨਹੀਂ ਸੁਣੀ। ਉਸ ਅਨੁਸਾਰ, ਦੂਸਰੇ ਲੋਕਾਂ ਨੇ ਉਸ ਇਹ ਸਭ ਕੁਝ ਭੁੱਲਣ ਦੀ ਸਲਾਹ ਦਿੱਤੀ ਕਿਉਂਕਿ ਉਹਨਾਂ ਅਨੁਸਾਰ ਅਫਗਾਨਿਸਤਾਨ ਵਿੱਚ ਕੋਈ ਵੀ ਅਜਿਹਾ ਕਾਨੂੰਨ ਨਹੀਂ ਹੈ ਜੋ ਇਹਨਾਂ ਫੌਜੀ ਕਮਾਂਡਰਾਂ (ਵਾਰ ਲੌਰਡਜ਼) ਵਿਰੁੱਧ ਕੁਝ ਕਰ ਸਕੇ। ਇਸ ਤਰ੍ਹਾਂ ਦੀਆਂ ਹੋਰ ਵੀ ਬਹੁਤ ਰੀਪੋਰਟਾਂ ਹਨ ਜੋ ਅਫਗਾਨਿਸਤਾਨ ਦੇ ਲੋਕਾਂ ਵਿਰੁੱਧ ਫੌਜੀ ਕਮਾਂਡਰਾਂ ਦੇ ਜੁਲਮਾਂ ਦੀਆਂ ਕਹਾਣੀਆਂ ਦਸਦੀਆਂ ਹਨ ਪਰ ਥਾਂ ਦੀ ਘਾਟ ਕਾਰਨ ਉਹਨਾਂ ਸਾਰੀਆਂ ਦਾ ਇਥੇ ਜ਼ਿਕਰ ਕਰਨਾ ਅਸੰਭਵ ਹੈ।

ਫੌਜੀ ਕਮਾਂਡਰਾਂ ਵਲੋਂ ਅਫਗਾਨਿਸਤਾਨ ਦੇ ਲੋਕਾਂ ਉੱਪਰ ਜੁਲਮ ਢਾਹੁਣ ਦੀਆਂ ਘਟਨਾਵਾਂ ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਵਲੋਂ ਅਫਗਾਨਿਸਤਾਨ ਉੱਪਰ ਕੀਤੇ ਹਮਲੇ ਤੋਂ ਇਕਦਮ ਬਾਅਦ ਵਿੱਚ ਹੀ ਸ਼ੁਰੂ ਹੋ ਗਈਆਂ ਸਨ। ਇਸ ਹੀ ਲਈ ਸੰਨ 2003 ਵਿੱਚ ਹਿਊਮਨ ਰਾਈਟਸ ਵਾਚ ਨੇ ਇਸ ਬਾਰੇ ਇਕ ਲੰਮੀ ਰੀਪੋਰਟ ਲਿਖੀ ਸੀ। ਉਸ ਸਮੇਂ ਹਿਊਮਨ ਰਾਈਟਸ ਵਾਚ ਦੀ ਏਸ਼ੀਆ ਡਿਵੀਜ਼ਨ ਦੇ ਡਾਇਰੈਕਟਰ ਬਰੈਡ ਐਡਮਜ਼ ਦਾ ਕਹਿਣਾ ਸੀ, ਕਿ ਅਫਗਾਨਿਸਤਾਨ ਵਿੱਚ ਤਾਲਿਬਾਨਾਂ ਦੀ ਹਾਰ ਤੋਂ ਬਾਅਦ ਅਮਰੀਕਾ ਅਤੇ ਉਹਨਾਂ ਦੇ ਮਿੱਤਰ ਦੇਸ਼ਾਂ ਦੀ ਸਹਾਇਤਾ ਨਾਲ ਤਾਕਤ ਵਿੱਚ ਆਏ ਬੰਦੂਕਧਾਰੀਆਂ ਅਤੇ ਫੌਜੀ ਕਮਾਂਡਰਾਂ (ਵਾਰ ਲੌਰਡਜ਼) ਵਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ।

ਇਹਨਾਂ ਫੌਜੀ ਕਮਾਂਡਰਾਂ ਵਿਰੁੱਧ ਕਿਸੇ ਕਿਸਮ ਦਾ ਐਕਸ਼ਨ ਲੈਣ ਦੀ ਥਾਂ ਕਰਜ਼ਾਈ ਸਰਕਾਰ ਉਹਨਾਂ ਨਾਲ ਨਰਮੀ ਵਰਤ ਰਹੀ ਹੈ। ਇਸ ਸਥਿਤੀ ’ਤੇ ਟਿੱਪਣੀ ਕਰਦਿਆਂ, ਅਫਗਾਨਿਸਤਾਨ ਦੀ ਇਕ ਅਖਬਾਰ ਜਹਾਨੇ-ਏ-ਨਉ ਦੇ ਸੰਪਾਦਕ ਕਿਆਮ ਬਾਬਕ ਦਾ ਕਹਿਣਾ ਹੈ ਕਿ “ਹਰ ਇਕ ਨੂੰ ਪਤਾ ਹੈ ਕਿ (ਪ੍ਰੈਜ਼ੀਡੈਂਟ ਕਰਜ਼ਾਈ) ਦੀ ਸਰਕਾਰ ਪਿਛਲੇ ਛੇ ਸਾਲਾਂ ਤੋਂ ਸਥਾਨਕ ਕਮਾਂਡਰਾਂ ਨਾਲ ਨਰਮੀ ਵਰਤ ਰਹੀ ਹੈ ਅਤੇ ਇਸ ਨਾਲ ਉਹ ਆਪਣੀ ਗੁਆਚੀ ਤਾਕਤ ਦੁਬਾਰਾ ਹਾਸਲ ਕਰਨ ਲਈ ਉਤਸ਼ਾਹਿਤ ਹੋਏ ਹਨ। ਇਹ ਕਮਾਂਡਰ ਕਰਜ਼ਾਈ ਦੀ ਨਰਮੀ ਦਾ ਫਾਇਦਾ ਉਠਾਉਂਦੇ ਹੋਏ ਕੈਂਸਰ ਦੀ ਤਰ੍ਹਾਂ ਵੱਧ ਗਏ ਹਨ। ਉਹ ਕਰਜ਼ਾਈ ਸਰਕਾਰ ਨੂੰ ਖਤਮ ਕਰ ਦੇਣਗੇ।”

ਆਮ ਅਫਗਾਨਿਸਤਾਨੀ ਲੋਕਾਂ ਲਈ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਕਰਨ ਸਕਣਾ ਮੁਸ਼ਕਿਲ ਹੈ। ਸਯੁੰਕਤ ਰਾਸ਼ਟਰ ਦੀ 2007 ਦੀ ਹਿਊਮਨ ਡਿਵੈਲਪਮੈਂਟ ਦੀ ਰੀਪੋਰਟ ਅਨੁਸਾਰ ਅਫਗਾਨਿਸਤਾਨ ਵਿੱਚ 66 ਲੱਖ ਲੋਕ ਘੱਟੋ ਘੱਟ ਲੋੜੀਂਦੇ ਖਾਣੇ ਦੀ ਆਪਣੀ ਲੋੜ ਵੀ ਪੂਰੀ ਨਹੀਂ ਕਰ ਸਕਦੇ। ਇਕ ਹੋਰ ਰੀਪੋਰਟ ਅਨੁਸਾਰ, ਹਰ ਰੋਜ਼ 700 ਦੇ ਕਰੀਬ ਬੱਚਿਆਂ ਅਤੇ 50-70 ਦੇ ਕਰੀਬ ਔਰਤਾਂ ਦੀ ਸਿਹਤ ਸੇਵਾਵਾਂ ਦੀ ਘਾਟ ਕਾਰਨ ਮੌਤ ਹੋ ਜਾਂਦੀ ਹੈ। ਅਫਗਾਨਿਸਤਾਨ ਦੀਆਂ ਸਿਰਫ 12 ਫੀਸਦੀ ਔਰਤਾਂ ਪੜ੍ਹ-ਲਿਖ ਸਕਦੀਆਂ ਹਨ ਜਦੋਂ ਕਿ ਮਰਦਾਂ ਵਿੱਚ ਇਹ ਦਰ 32.4 ਫੀਸਦੀ ਹੈ। ਭਵਿੱਖ ਵਿੱਚ ਇਸ ਸਥਿਤੀ ਦੇ ਸੁਧਾਰ ਦੇ ਕੋਈ ਆਸਾਰ ਦਿਖਾਈ ਨਹੀਂ ਦਿੰਦੇ ਕਿਉਂਕਿ ਦੇਸ਼

ਵਿੱਚ ਵਿਦਿਅਕ ਪ੍ਰਬੰਧ ਨਾ ਹੋਇਆਂ ਬਰਾਬਰ ਹੈ। ਅਮਨ ਅਤੇ ਕਾਨੂੰਨ ਦੀ ਭੈੜੀ ਸਥਿਤੀ ਅਤੇ ਵਸੀਲਿਆਂ ਦੀ ਘਾਟ ਕਾਰਨ ਸਰਕਾਰ ਲੋਕਾਂ ਲਈ ਵਿਦਿਆ, ਸਿਹਤ ਅਤੇ ਅਜਿਹੀਆਂ ਹੋਰ ਮੁਢਲੀਆਂ ਸਹੂਲਤ ਪ੍ਰਦਾਨ ਕਰਨ ਤੋਂ ਅਸਮਰੱਥ ਹੈ। ਜਿਹੜੀ ਥੋੜ੍ਹੀ ਬਹੁਤ ਮਾਇਕ ਸਹਾਇਤਾ ਬਾਹਰਲੇ ਦੇਸ਼ਾਂ ਤੋਂ ਇਹਨਾਂ ਕੰਮਾਂ ਲਈ ਮਿਲਦੀ ਹੈ ਉਸ ਦਾ ਵੱਡਾ ਹਿੱਸਾ ਸਰਕਾਰ ਦੇ ਭ੍ਰਿਸ਼ਟਾਚਾਰ ਮੈਂਬਰਾਂ ਦੀਆਂ ਜੇਬਾਂ ਵਿੱਚ ਚਲੇ ਜਾਂਦਾ ਹੈ।

ਲੋਕਾਂ ਵਿੱਚ ਅਥਾਹ ਦੀ ਗਰੀਬੀ ਅਤੇ ਉਹਨਾਂ ਦੀਆਂ ਮੁਢਲੀਆਂ ਲੋੜਾਂ ਦੀ ਅਣਪੂਰਤੀ ਉਹਨਾਂ ਨੂੰ ਮੂਲਵਾਦੀ ਤਾਲਿਬਾਨਾਂ ਦੇ ਘੇਰੇ ਵੱਲ ਧੱਕ ਰਹੀ ਹੈ। ਅਮਰੀਕਾ ਵਿੱਚ ਸਥਿੱਤ ਸੈਂਟਰ ਫਾਰ ਸਟਰੈਟੀਜਕ ਐਂਡ ਇੰਟਰਨੈਸ਼ਨਲ ਸਟੱਡੀਜ਼ ਦੀ ਇਕ ਰਿਪੋਰਟ ਅਨੁਸਾਰ, ਤਾਲਿਬਾਨ ਬੇਰੁਜ਼ਗਾਰ ਲੋਕਾਂ ਨੂੰ ਆਪਣੇ ਲੜਾਕਿਆਂ ਵਜੋਂ ਭਰਤੀ ਕਰਕੇ ਲੋਕਾਂ ਲਈ ਨੌਕਰੀ ਦਾ ਸਾਧਨ ਬਣ ਰਹੇ ਹਨ। ਅਫਗਾਨਿਸਤਾਨ ਦੇ ਸੂਬੇ ਨੂਰੀਸਤਾਨ ਬਾਰੇ 9 ਸਤੰਬਰ 2007 ਨੂੰ ਛਪੀ ਇਕ ਰੀਪੋਰਟ ਵਿੱਚ ਦੱਸਿਆ ਗਿਆ ਹੈ ਕਿ ਜਦੋਂ ਕਿ ਇਸ ਸੂਬੇ ਵਿੱਚ ਸਰਕਾਰ ਵਲੋਂ ਚਲਾਏ ਜਾਂਦੇ ਸਕੂਲ ਨਾ ਦੇ ਬਰਾਬਰ ਹਨ, ਉਸ ਸਮੇਂ ਸਾਉਦੀ ਅਰਬ ਵਿੱਚਲੀ ਵਰਲਡ ਮੁਸਲਿਮ ਲੀਗ ਅਤੇ ਅਰਬ ਦੇਸ਼ਾਂ ਵਿਚਲੀਆਂ ਹੋਰ ਫਾਉਂਡੇਸ਼ਨਾਂ ਮੌਲਾਣਿਆਂ, ਮਿਸ਼ਨਰੀਆਂ ਅਤੇ ਮਦਰੱਸਿਆਂ ਦੇ ਅਧਿਆਪਕਾਂ ਦੀ ਤਨਖਾਹਾਂ ਦੇ ਰਹੀਆਂ ਹਨ। ਸਰਕਾਰੀ ਸਕੂਲਾਂ ਦੀ ਅਣਹੋਂਦ ਕਾਰਨ ਆਪਣੇ ਬੱਚਿਆਂ ਨੂੰ ਪੜ੍ਹਾਉਣ ਦੇ ਚਾਹਵਾਨ ਲੋਕਾਂ ਕੋਲ ਆਪਣੇ ਬੱਚਿਆਂ ਨੂੰ ਇਹਨਾਂ ਮਦਰੱਸਿਆਂ ਵਿੱਚ ਭੇਜਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ। ਪਰ ਇਹਨਾਂ ਮਦਰੱਸਿਆਂ ਵਿੱਚ ਪੜ੍ਹਨ ਗਏ ਵਿਦਿਆਰਥੀਆਂ ਨੂੰ ਬਹੁਪੱਖੀ ਪੜ੍ਹਾਈ ਕਰਵਾਉਣ ਦੀ ਥਾਂ ਮੂਲਵਾਦ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਨਤੀਜੇ ਵਜੋਂ ਉਹ ਤਾਲਿਬਾਨਾਂ ਅਤੇ ਦੂਸਰੇ ਮੂਲਵਾਦੀਆਂ ਲਈ ਭਰਤੀ ਦਾ ਸ੍ਰੋਤ ਬਣ ਜਾਂਦੇ ਹਨ।

**ਅਫਗਾਨਿਸਤਾਨ ਵਿੱਚ ਔਰਤਾਂ:** ਅਮਰੀਕਾ ਵਲੋਂ ਅਫਗਾਨਿਸਤਾਨ 'ਤੇ ਕੀਤੇ ਹਮਲੇ ਨੂੰ ਸਹੀ ਠਹਿਰਾਉਣ ਲਈ ਇਕ ਗੱਲ ਆਮ ਕਹੀ ਜਾਂਦੀ ਹੈ ਕਿ ਤਾਲਿਬਾਨਾਂ ਤੋਂ ਬਾਅਦ ਦਾ ਨਿਜਾਮ ਅਫਗਾਨਿਸਤਾਨੀ ਔਰਤਾਂ ਲਈ ਜ਼ਿੰਦਗੀ ਜਿਉਣ ਦੇ ਚੰਗੇਰੇ ਮੌਕੇ ਲੈ ਕੇ ਆਵੇਗਾ। ਪਰ ਅਫਗਾਨਿਸਤਾਨ ਤੋਂ ਮਿਲਦੀਆਂ ਤਾਜ਼ਾ ਰੀਪੋਰਟਾਂ ਤੋਂ ਇਸ ਤਰ੍ਹਾਂ ਦੇ ਕੋਈ ਸਬੂਤ ਨਹੀਂ ਮਿਲਦੇ ਕਿ ਅਫਗਾਨਿਸਤਾਨੀ ਔਰਤਾਂ ਦੀ ਜ਼ਿੰਦਗੀ ਸੁਧਰ ਰਹੀ ਹੈ। ਅਫਗਾਨਿਸਤਾਨੀ ਔਰਤਾਂ ਨਾਲ ਅਗਵਾ ਅਤੇ ਜ਼ਬਰ-ਜਿਨਾਹ ਦੀਆਂ ਘਟਨਾਵਾਂ ਦਾ ਵਾਪਰਨਾ ਆਮ ਗੱਲ ਹੈ। ਉਹਨਾਂ ਨੂੰ ਪਸ਼ੂਆਂ ਵਾਂਗ ਵੇਚਿਆ ਅਤੇ ਖ੍ਰੀਦਿਆ ਜਾ ਰਿਹਾ ਹੈ। ਪਾਰਲੀਮੈਂਟ ਮੈਂਬਰ ਮਲਾਲਾਇ ਜੋਇਆ ਨੇ ਲੌਸ ਐਂਜਲੈਸ ਵਿੱਚ ਦੱਸਿਆ ਕਿ ਇਕ ਫੌਜੀ ਕਮਾਂਡਰ ਨੇ ਇਕ 11 ਸਾਲਾਂ ਦੀ ਲੜਕੀ ਨੂੰ ਅਗਵਾ ਕਰਕੇ ਪਹਿਲਾਂ ਉਸ ਨਾਲ ਬਲਾਤਕਾਰ ਕੀਤਾ ਅਤੇ ਫਿਰ ਉਸ ਨੂੰ ਇਕ ਕੁੱਤੇ ਦੇ ਵੱਟੇ ਵਟਾ ਲਿਆ। ਕਾਬਲ ਵਰਗੇ ਸ਼ਹਿਰਾਂ ਵਿੱਚ ਜ਼ਿੰਦਾ ਰਹਿਣ ਲਈ ਔਰਤਾਂ ਨੂੰ ਆਪਣਾ ਜਿਸਮ ਵੇਚਣਾ ਪੈ ਰਿਹਾ ਹੈ। ਔਰਤਾਂ ਦੀ ਹਾਲਤ ਏਨੀ ਭੈੜੀ ਹੈ ਕਿ ਉਹ ਆਪਣੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਆਤਮਹੱਤਿਆਵਾਂ ਕਰ ਰਹੀਆਂ ਹਨ। ਸੰਨ 2006 ਵਿੱਚ ਇਕੱਲੇ ਕੰਧਾਰ ਸ਼ਹਿਰ ਵਿੱਚ ਅੱਠ ਮਹੀਨਿਆਂ ਵਿੱਚ 100 ਦੇ ਕਰੀਬ ਔਰਤਾਂ ਨੇ ਆਪਣੇ ਆਪ ਨੂੰ ਅੱਗ ਲਾ ਕੇ ਜਾਂ ਜ਼ਹਿਰ ਖਾ ਕੇ ਆਤਮਹੱਤਿਆਵਾਂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਸਯੁੰਕਤ ਰਾਸ਼ਟਰ ਦੇ ਔਰਤਾਂ ਦੇ ਵਿਕਾਸ ਲਈ ਸਥਾਪਤ ਫੰਡ ਅਨੁਸਾਰ ਕਾਬਲ ਦੀਆਂ 50,000 ਵਿਧਵਾਵਾਂ ਵਿੱਚੋਂ 65

ਫੀਸਦੀ ਆਤਮਹੱਤਿਆ ਨੂੰ ਆਪਣੇ ਦੁੱਖਾਂ ਤੋਂ ਛੁਟਕਾਰਾ ਪਾਉਣ ਦਾ ਇਕੋ ਇਕ ਰਾਹ ਸਮਝਦੀਆਂ ਹਨ। ਇਹਨਾਂ ਕੁਝ ਤੱਥਾਂ ਤੋਂ ਇਹ ਬਹੁਤ ਸਪਸ਼ਟ ਹੈ ਕਿ ਤਾਲਿਬਾਨਾਂ ਤੋਂ ਬਾਅਦ ਦੇ ਅਫਗਾਨਿਸਤਾਨ ਵਿੱਚ ਵੀ ਔਰਤਾਂ ਦੀ ਸਥਿਤੀ ਵਿੱਚ ਕੋਈ ਬਹੁਤਾ ਫਰਕ ਨਹੀਂ ਪਿਆ।

**ਸਿੱਟਾ:** ਇਹ ਗੱਲ ਬਹੁਤ ਸਪਸ਼ਟ ਹੈ ਕਿ ਅਫਗਾਨਿਸਤਾਨ ’ਤੇ ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਦਾ ਹਮਲਾ ਨਾ ਤਾਂ ਉੱਥੋਂ ਦਹਿਸ਼ਤਵਾਦ ਦਾ ਖਾਤਮਾ ਕਰ ਸਕਿਆ ਹੈ ਅਤੇ ਨਾ ਹੀ ਲੋਕਤੰਤਰ ਸਥਾਪਤ ਕਰ ਸਕਿਆ ਹੈ ਅਤੇ ਨਾ ਹੀ ਅਫਗਾਨਿਸਤਾਨੀ ਲੋਕਾਂ ਦੀ ਜ਼ਿੰਦਗੀ ਵਿੱਚ ਕੋਈ ਸੁਧਾਰ ਕਰ ਸਕਿਆ ਹੈ। ਇਸ ਕਾਰਨ ਜੇ ਕੋਈ ਤਬਦੀਲੀ ਹੋਈ ਹੈ ਤਾਂ ਉਹ ਇਹ ਹੈ ਕਿ ਅਫਗਾਨਿਸਤਾਨੀ ਲੋਕ ਤਾਲਿਬਾਨਾਂ ਦੇ ਸ਼ਿਕੰਜੇ ਵਿੱਚੋਂ ਨਿਕਲ ਕੇ ਨੌਰਦਰਨ ਅਲਾਇੰਸ ਅਤੇ ਦੂਸਰੇ ਮੁਜਾਹਦੀਨ ਗਰੁੱਪਾਂ ਦੇ ਕਮਾਂਡਰਾਂ (ਵਾਰ ਲੌਰਡਜ਼) ਦੇ ਸ਼ਿਕੰਜੇ ਵਿੱਚ ਆ ਫਸੇ ਹਨ। ਅਫਗਾਨਿਸਤਾਨ ਦੇ ਨਵੇਂ ਹਾਕਮ ਮੂਲਵਾਦ, ਲੋਕਤੰਤਰ ਵਿਰੋਧ ਅਤੇ ਔਰਤਾਂ ਦੇ ਹੱਕਾਂ ਦੇ ਵਿਰੋਧ ਵਿੱਚ ਤਾਲਿਬਾਨਾਂ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਅਫਗਾਨਿਸਤਾਨ ਦੀ ਸਥਿਤੀ ਤੋਂ ਇਹ ਹੀ ਨਤੀਜਾ ਨਿਕਲਦਾ ਹੈ ਕਿ ਅਫਗਾਨਿਸਤਾਨ ਵਿੱਚ ਅਮਰੀਕਾ ਦੀਆਂ ਨੀਤੀਆਂ ਮੁਕੰਮਲ ਤੌਰ ’ਤੇ ਫੇਲ ਹੋ ਰਹੀਆਂ ਹਨ।

ਫਿਰ ਸਵਾਲ ਉੱਠਦਾ ਹੈ ਕਿ ਅਫਗਾਨਿਸਤਾਨ ਵਿੱਚ ਕੀ ਹੋਣਾ ਚਾਹੀਦਾ ਹੈ? ਅਫਗਾਨਿਸਤਾਨ ਦੇ ਲੋਕਾਂ ਦੀ ਸਥਿਤੀ ਤਾਂ ਹੀ ਬਦਲੇਗੀ ਜੇ ਉੱਥੋਂ ਦੇ ਹਥਿਆਰਬੰਦ ਗਰੁੱਪਾਂ (ਵਾਰ ਲੌਰਡਜ਼) ਨੂੰ ਨਿਰ-ਹਥਿਆਰ ਕੀਤਾ ਜਾਵੇ ਅਤੇ ਅਮਰੀਕਾ ਪੱਖੀ ਅਤੇ ਅਮਰੀਕਾ ਵਿਰੋਧੀ ਦਹਿਸ਼ਤਗਰਦਾਂ ਨੂੰ ਅਫਗਾਨਿਸਤਾਨ ਦੇ ਸਿਆਸੀ ਦ੍ਰਿਸ਼ ਤੋਂ ਲਾਂਭੇ ਕੀਤਾ ਜਾਵੇ। ਹਥਿਆਰਬੰਦ ਗਰੁੱਪਾਂ (ਵਾਰ ਲੌਰਡਜ਼) ਦੀ ਥਾਂ ਲੋਕਤੰਤਰ ਅਤੇ ਇਨਸਾਫ ਲਈ ਕੰਮ ਕਰਦੇ ਅਫਗਾਨਿਸਤਾਨੀ ਲੋਕਾਂ ਨੂੰ ਸਮੱਰਥਨ ਦੇ ਕੇ ਉਹਨਾਂ ਨੂੰ ਤੱਕੜਾ ਕੀਤਾ ਜਾਵੇ ਕਿਉਂਕਿ ਕਿਸੇ ਵੀ ਦੇਸ਼ ਦੇ ਜ਼ਾਲਮ ਹੁਕਮਰਾਨਾਂ ਨੂੰ ਬਦਲਣ ਦਾ ਕਾਰਜ ਸਹੀ ਰੂਪ ਵਿੱਚ ਉਸ ਦੇਸ਼ ਦੇ ਲੋਕ ਹੀ ਕਰ ਸਕਦੇ ਹਨ।●●●

***

ਸਥਾਈ ਕਾਲਮ

# ਪੁਸਤਕ ਰੀਵੀਊ

## ਬਲਦੇ ਸਿਵਿਆਂ ਦਾ ਸੇਕ – ਸਾਮਰਾਜੀ ਮਗਰਮੱਛ ਦੇ ਜਬਾੜੇ ਵਿਚ ਮੇਖ਼ ਗੱਡਣ ਦਾ ਯਤਨ

ਪ੍ਰੋ: ਹਰਭਜਨ ਸਿੰਘ ਪਿੰਡ ਕਾਲਾ ਸੰਘਿਆ (ਜਿਲ੍ਹਾ ਕਪੂਰਥਲਾ, ਪੰਜਾਬ) ਦੇ ਜੰਮਪਲ ਹਨ ਅਤੇ ਉਨ੍ਹਾਂ ਨੇ ਉਚੇਰੀ ਪੜ੍ਹਾਈ ਭੌਤਿਕ ਵਿਗਿਆਨ ਦੇ ਖੇਤਰ ਵਿਚ ਕੀਤੀ ਹੈ। 1970 ਤੋਂ 1973 ਤੱਕ ਉਹ ਗੁਰੂ ਨਾਨਕ ਕਾਲਜ ਨਕੋਦਰ ਵਿਖੇ ਫਿਜਿਕਸ ਪੜ੍ਹਾਉਂਦੇ ਰਹੇ ਅਤੇ ਉਸ ਸਮੇਂ ਚਲ ਰਹੀ ਕਮਿਉਨਿਸਟ ਇਨਕਲਾਬੀ ਲਹਿਰ ਤੋਂ ਪ੍ਰਭਾਵਿਤ ਵੀ ਹੋ ਗਏ ਅਤੇ ਲੈਕਚਰਾਰਸ਼ਿਪ ਛੱਡ ਕੇ ਮਜਦੂਰਾਂ ਕਿਸਾਨਾਂ ਵਿਚ ਕੰਮ ਕਰਨ ਲਈ ਭੂਮੀਗਤ ਵੀ ਹੋ ਗਏ। ਤਕਰੀਬਨ ਵੀਹ ਸਾਲ ਯੂਪੀ ਦੇ ਭੂਮੀਹੀਨਾਂ ਤੇ ਗਰੀਬ ਕਿਸਾਨਾਂ ਵਿਚ ਰਹਿਣ ਤੋਂ ਬਾਅਦ 1994 ਵਿਚ ਪੰਜਾਬ ਪਰਤੇ ਤਾਂ ਚੰਡੀਗੜ੍ਹ ਵਿਚ ਆਪਣਾ ਕੰਪਿਊਟਰ ਇੰਸਟੀਚਿਊਟ ਖੋਲ੍ਹ ਲਿਆ ਅਤੇ ਫਿਰ ਜੁਲਾਈ 1998 ਵਿਚ ਅਮਰੀਕਾ ਚਲੇ ਗਏ। ਉਨ੍ਹਾਂ ਦੀਆਂ ਹੁਣ ਤੱਕ ਇਸ ਨਾਵਲ ਤੋਂ ਇਲਾਵਾ ਇਕ ਕਾਵਿ ਸੰਗ੍ਰਿਹ, ਤਿੰਨ ਕਹਾਣੀ ਸੰਗ੍ਰਿਹ, ਇੱਕ ਤ੍ਰੈਲੜੀ ਨਾਵਲ, ਤਿੰਨ ਵਾਰਤਕ ਦੀਆਂ ਪੁਸਤਕਾਂ ਛਪ ਚੁੱਕੀਆਂ ਹਨ ਅਤੇ ਕੁਝ ਪੁਸਤਕਾਂ ਅਤੇ ਰਸਾਲਿਆਂ ਦਾ ਸੰਪਾਦਨ ਵੀ ਕੀਤਾ ਹੈ। ਸਾਹਿਤ ਨਾਲ ਉਨ੍ਹਾਂ ਦਾ ਪਿਆਰ ਮੁੱਢ ਤੋਂ ਹੀ ਸੀ ਪਰ ਕਦੇ ਰਾਜਨੀਤਿਕ ਗਤੀਵਿਧੀਆਂ ਉਪਰ ਦੀ ਪੈ ਜਾਂਦੀਆਂ ਸਨ ਅਤੇ ਕਦੇ ਹੋਰ ਰੁਝੇਵੇਂ ਪੈ ਜਾਂਦੇ ਰਹੇ ਪਰ ਪਿਛਲੇ ਕੁਝ ਸਮੇਂ ਤੋਂ ਉਹ ਨਿਰੋਲ ਸਾਹਿਤ ਨੂੰ ਹੀ ਸਮਰਪਤ ਹਨ।

"ਬਲਦੇ ਸਿਵਿਆਂ ਦਾ ਸੇਕ" ਪ੍ਰੋ: ਹਰਭਜਨ ਸਿੰਘ ਦਾ ਤਰਤਾਲੀ ਕਾਂਡਾਂ ਵਿਚ ਵੰਡਿਆ 250 ਸਫਿਆਂ ਦਾ ਨਵਾਂ ਨਾਵਲ ਹੈ। ਇਹ ਨਾਵਲ ਇਕ ਤੋਂ ਵੱਧ ਗੱਲਾਂ ਕਾਰਨ ਮਹੱਤਵਪੂਰਨ ਹੈ। ਸਭ ਤੋਂ ਪਹਿਲੀ ਅਤੇ ਮਹੱਤਵਪੂਰਨ ਗੱਲ ਤਾਂ ਇਹ ਹੈ ਕਿ ਇਹ ਨਾਵਲ ਇਕ ਅਜਿਹੇ ਵਿਅਕਤੀ ਵਲੋਂ ਲਿਖਿਆ ਗਿਆ ਹੈ ਜੋ ਵਿਚਾਰਧਾਰਕ ਪੱਖ ਤੋਂ ਭਾਰਤ ਦੇ ਅੰਦਰ ਕਮਿਊਨਿਸਟ ਵਿਚਾਰਾਂ ਅਤੇ ਕਮਿਊਨਸਟ ਵਿਚਾਰਾਂ ਵਿਚੋਂ ਵੀ ਇਨਕਲਾਬੀ ਵਿਚਾਰਧਾਰਾ ਵਾਲਿਆਂ ਨਾਲ ਜੁੜਿਆ ਰਿਹਾ ਹੈ। ਇਸ ਵਿਚਾਰਧਾਰਾ ਅਨੁਸਾਰ ਅਮਰੀਕਾ ਇਕ ਸਾਮਰਾਜ ਹੈ ਜੋ ਦੁਨੀਆਂ ਭਰ ਦੇ ਲੋਕਾਂ ਨੂੰ ਲੁੱਟ ਰਿਹਾ ਹੈ। ਅਮਰੀਕਾ ਨੂੰ ਸਾਮਰਾਜ ਮੰਨਣ ਵਾਲਾ ਖੁਦ ਇਹ ਲੇਖਕ ਅਤੇ ਉਸਦੇ ਪਾਤਰ ਉਸੇ ਦੇਸ ਚਲੇ ਜਾਂਦੇ ਹਨ ਜਿਸ ਨੂੰ ਉਹ ਇਕ ਧੌਂਸਮੂਲਕ ਮੁਲਕ ਸਮਝਦੇ ਹਨ। ਅਜਿਹੇ ਸਮੇਂ ਦੂਹਰਾ ਵਰਤਾਰਾ ਵਾਪਰ ਸਕਦਾ ਹੈ ਕਿ ਜਾਂ ਤਾਂ ਉਹ ਸਰਮਾਏਦਾਰੀ ਵਿਚਾਰ ਪ੍ਰਬੰਧ ਅੰਦਰ ਪੂਰਨ ਤੌਰ ਤੇ ਗੋਡੇ ਟੇਕ ਦੇਣ ਅਤੇ ਪਿਛਲੇ ਨੂੰ ਭੁੱਲ ਕੇ ਨਵੇਂ ਸਿਰਿਉਂ ਸਧਾਰਨ ਜਿੰਦਗੀ ਜਿਉਣੀ ਸ਼ੁਰੂ ਕਰ ਦੇਣ ਜਿਸ ਵਿਚ ਰਾਜਨੀਤਿਕ ਵਿਚਾਰਧਾਰਾ ਨੂੰ ਭੁੱਲ ਜਾਣ ਜਾਂ ਭੁੱਲੇ ਹੋ ਜਾਣ ਦਾ ਪਾਖੰਡ ਕਰ ਲੈਣ; ਅਤੇ ਜਾਂ ਫਿਰ ਇਸਦੀਆਂ ਮਨਮਾਨੀਆਂ ਤੇ ਧੌਂਸਪੂਰਨ ਕਾਰਵਾਈਆਂ ਵਿਰੁੱਧ ਕਿਸੇ ਨ ਕਿਸੇ ਰੂਪ ਵਿਚ ਸਰਗਰਮ ਹੋ ਜਾਣ। ਪ੍ਰੋ: ਹਰਭਜਨ ਸਿੰਘ ਇਹ ਦੂਸਰਾ ਰਸਤਾ ਅਖਤਿਆਰ ਕਰਦਾ ਹੈ, ਉਹ ਅਮਰੀਕਾ ਵਰਗੇ ਸਾਮਰਾਜੀ ਮੁਲਕ ਵਿਚ ਰਹਿੰਦਾ ਵੀ ਹੈ ਅਤੇ ਵਿਚਾਰਧਾਰਕ ਅਤੇ ਸਾਹਿਤਕ ਪੱਖ ਤੋਂ ਸਰਗਰਮ ਵੀ ਹੈ।

ਬਲਦੇ ਸਿਵਿਆਂ ਦਾ ਸੇਕ ਨਾਵਲ ਉਪਰ ਚਰਚਾ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਉਸਦੀ ਸੰਖੇਪ ਕਹਾਣੀ ਬਿਆਨ ਕੀਤੀ ਜਾਵੇ। ਨਾਵਲ ਦੀ ਸਾਰੀ ਕਹਾਣੀ ਦੋ ਧਰਾਤਲਾਂ ਉਪਰ ਵਿਚਰਦੀ ਹੈ। ਬਿਰਤਾਂਤਕ ਤੌਰ ਤੇ ਘਟਨਾਵਾਂ ਦਾ ਵਾਪਰਨ ਸਥਾਨ ਅਮਰੀਕਾ ਹੈ ਅਤੇ ਉਸਦੇ ਪਿਛੋਕੜ ਵਿਚ ਵਾਪਰ ਰਹੀਆਂ ਘਟਨਾਵਾਂ ਦਾ ਵਾਪਰਨ ਸਥਾਨ ਭਾਰਤ ਹੈ। ਜਿਥੇ ਅਮਰੀਕਾ ਵਿਚ ਵਾਪਰਦੀਆਂ ਘਟਨਾਵਾਂ ਦਾ ਬਿਆਨ ਸਿੱਧਾ ਹੈ ਉਥੇ ਭਾਰਤ ਵਿਚ ਵਾਪਦੀਆਂ ਘਟਨਾਵਾਂ ਦੀ ਸੂਚਨਾ ਹੀ ਉਥੇ ਰਹਿੰਦੇ ਪਾਤਰਾਂ ਤੱਕ ਪੁੱਜਦੀ ਹੈ।

ਕਹਾਣੀ ਅਮਰੀਕਾ ਦੇ ਇਕ ਸ਼ਹਿਰ ਵਿਚ ਵਾਪਰਦੀ ਹੈ।

ਮੋਹਨ ਸਿੰਘ ਪੰਨੂ ਜੱਟ ਹੈ ਅਤੇ ਟੈਕਸੀ ਚਲਾਉਂਦਾ ਹੈ। ਉਹ ਆਪਣੇ ਗੁਆਂਢੀ ਪਿਆਰਾ ਸਿੰਘ ਦੀ ਕੁੜੀ ਰੰਮੀ ਨੂੰ ਪਿਆਰ ਕਰਨ ਲੱਗ ਪੈਂਦਾ ਹੈ। ਕੁੜੀ ਦੇ ਘਰਵਾਲੇ ਵੀ ਉਸਦੇ ਚੰਗੇ ਸੁਭਾਅ ਕਾਰਨ ਕੋਈ ਇਤਰਾਜ ਨਹੀਂ ਕਰਦੇ ਪਰ ਰੰਮੀ ਵਿਆਹ ਨਾ ਕਰਵਾਉਣ ਤੇ ਅੜ ਜਾਂਦੀ ਹੈ। ਉਹ ਆਪਣਾ ਕੈਰੀਅਰ ਬਣਾਉਣਾ ਚਾਹੁੰਦੀ ਹੈ ਅਤੇ ਆਪਣੀਆਂ ਸਾਥਣਾਂ ਵਿਚ ਪ੍ਰਵਾਨਗੀ ਤੇ ਚੌਧਰ ਸਥਾਪਿਤ ਕਰਨ ਲਈ ਬਿਨ੍ਹਾਂ ਵਿਆਹ ਤੋਂ ਹੀ ਸਰੀਰਕ ਸਬੰਧ ਬਣਾਉਂਦੀ ਹੈ ਅਤੇ ਗਰਭ ਧਾਰਨ ਕਰਦੀ ਹੈ। ਜਿਥੇ ਭਾਰਤੀ ਸਭਿਆਚਾਰ ਅਨੁਸਾਰ ਕੁੜੀ ਦਾ ਬੁਆਏ ਫਰਿੰਡ ਹੋਣਾ ਨਮੋਸ਼ੀ ਦਾ ਕਾਰਨ ਹੈ ਅਤੇ ਇਹ ਮਾਂ ਪਿਉ ਤੋਂ ਲੁਕਾ ਕੇ ਰੱਖਣ ਵਾਲੀ ਗੱਲ ਹੈ ਉਥੇ ਪੱਛਮੀ ਸਭਿਆਚਾਰ ਵਿਚ ਬੁਆਏ ਫਰਿੰਡ ਨਾ ਹੋਣਾ ਨਮੋਸ਼ੀ ਦਾ ਕਾਰਨ ਹੈ ਅਤੇ ਇਸੇ ਕਾਰਨ ਭਾਰਤੀ ਬੱਚੇ ਉਥੋਂ ਦੇ ਸਭਿਆਚਾਰ ਵਿਚ ਰਚਣ ਮਿਚਣ ਦੇ ਯਤਨਾਂ ਵਿਚ ਵਧਵੀਆਂ ਕਾਰਵਾਈਆਂ ਵੀ ਕਰ ਜਾਂਦੇ ਹਨ। ਰੰਮੀ ਦੀ ਭੈਣ ਵੀ ਕਿਸੇ ਗੋਰੇ ਕਾਰਨ ਘਰੇ ਤਣਾਅ ਪੈਦਾ ਹੋਣ ਤੇ ਘਰ ਛੱਡ ਗਈ ਸੀ। ਉਸਦੀ ਮਾਂ ਇਹ ਗੱਲਾਂ ਸਹਿਣ ਨਹੀਂ ਕਰ ਸਕਦੀ ਅਤੇ ਦਿਮਾਗੀ ਤੌਰ 'ਤੇ ਪਰੇਸ਼ਾਨ ਹੋ ਜਾਂਦੀ ਹੈ ਅਤੇ ਕੁੜੀਆਂ ਨਾਲੋਂ ਸਬੰਧ ਤੋੜ ਲੈਂਦੀ ਹੈ।

ਮੋਹਨ ਦੇ ਮਾਤਾ ਪਿਤਾ ਦਿੱਲੀ ਰਹਿੰਦੇ ਹਨ ਅਤੇ ਉਸਦਾ ਪਿਤਾ ਸਟੇਟਸਮੈਨ ਅਖਬਾਰ ਦਾ ਪੱਤਰਕਾਰ ਹੈ। ਮੋਹਨ ਦੇ ਮਾਮਾ-ਮਾਮੀ ਯੂਪੀ ਵਿਚ ਰਹਿੰਦੇ ਹਨ ਜਿੱਥੇ ਅਤਿਵਾਦੀਆਂ ਨਾਲ ਸਬੰਧ ਜੁੜਨ ਕਾਰਨ ਪਹਿਲਾਂ ਉਨ੍ਹਾਂ ਦੇ ਵੱਡੇ ਮੁੰਡੇ ਬਲਵੀਰ ਨੂੰ ਘਰੋਂ ਭੱਜਣਾ ਪੈਂਦਾ ਹੈ ਤੇ ਫਿਰ ਛੋਟਾ ਗੁਰਵੀਰ ਵੀ ਆਤੰਕਵਾਦੀਆਂ ਨਾਲ ਰਲ ਕੇ ਪਿੰਡ ਦੇ ਇਕ ਹਿੰਦੂ ਗਰਾਮ ਪ੍ਰਧਾਨ ਦਾ ਕਤਲ ਕਰਨ ਤੋਂ ਬਾਅਦ ਖਾੜਕੂਆਂ ਨਾਲ ਹੀ ਰਲ ਜਾਂਦਾ ਹੈ ਅਤੇ ਪੁਲਸ ਹੱਥੋਂ ਮਾਰਿਆ ਜਾਂਦਾ ਹੈ। ਉਸ ਦੀ ਮਾਂ ਉਸਦੀ ਲਾਸ਼ ਦੇਖਣ ਤੋਂ ਬਾਅਦ ਖੁਦਕੁਸ਼ੀ ਕਰ ਲੈਂਦੀ ਹੈ ਤੇ ਪਹਿਲਾਂ ਤੋਂ ਹੀ ਪੁਲਸ ਦਾ ਸਤਾਇਆ ਬਾਪ ਪਾਗਲਪਣ ਦੇ ਭਿਆਨਕ ਦੌਰੇ ਦਾ ਸ਼ਿਕਾਰ ਹੋ ਜਾਂਦਾ ਹੈ। ਬਲਵੀਰ ਗੁਰਵੀਰ ਨੂੰ ਲੱਭਣ ਗਿਆ ਅਪ੍ਰੇਸ਼ਨ ਕਾਲੀ ਗਰਜ ਦੇ ਦੌਰਾਨ ਹਰਮੰਦਿਰ ਸਾਹਿਬ ਵਿਚ ਫਸ ਜਾਂਦਾ ਹੈ ਅਤੇ ਪੁਲਸ ਦੀ ਭਾਰੀ ਕੁੱਟ ਦਾ ਸ਼ਿਕਾਰ ਹੋਣ ਬਾਅਦ ਜੇਲ ਵਿਚ ਸੁਟ ਦਿੱਤਾ ਜਾਂਦਾ ਹੈ। ਜੇਲ੍ਹ ਵਿਚ ਕਿਸਾਨ ਸੰਘਰਸ਼ ਵਾਲੇ ਕਾਮਰੇਡਾਂ ਵੱਲ ਦੇਖ ਕੇ ਅਤੇ ਉਨ੍ਹਾਂ ਤੋਂ ਲੈ ਕੇ ਕਿਤਾਬਾਂ ਪੜ੍ਹ ਕੇ ਕਮਿਊਨਿਸਟ ਵਿਚਾਰਧਾਰਾ ਵੱਲ ਪ੍ਰੇਰਤ ਹੋ ਜਾਂਦਾ ਹੈ। ਅਸਲ ਵਿਚ ਮੋਹਨ ਦੇ ਮਾਮਾ ਮਾਮੀ ਦੀ ਕਹਾਣੀ ਖਾੜਕੂਆਂ ਅਤੇ ਪੁਲਸ ਦੇ ਦੂਹਰੇ ਜ਼ਬਰ ਨੂੰ ਦਰਸਾਉਂਦੀ ਹੈ।

ਦੂਜਾ ਪ੍ਰਮੁਖ ਪਾਤਰ ਬਚਿੱਤਰ ਸਿੰਘ ਇਕ ਕਬੱਡੀ ਟੀਮ ਦੇ ਨਾਲ ਅਮਰੀਕਾ ਵਿਚ ਦਾਖਲ ਹੋਇਆ ਹੈ ਤੇ ਕੁਲਦੀਪ ਦੁਆਰਾ ਦਿੱਤੀ ਝੂਠੀ ਕਹਾਣੀ ਸੁਣਾ ਕੇ ਰਾਜਨੀਤਕ ਸ਼ਰਨ ਲੈ ਕੇ ਪੱਕਾ ਹੋ ਜਾਂਦਾ ਹੈ। ਭਾਰਤ ਵਿਚ ਉਸਦਾ ਪੱਪੀ ਨਾਂ ਦੀ ਕੁੜੀ ਨਾਲ ਪਿਆਰ ਚਲ ਰਿਹਾ ਸੀ ਤੇ ਉਹ ਸੱਚੇ ਆਸ਼ਕਾਂ ਵਾਂਗ ਉਸਨੂੰ ਯਾਦ ਕਰਦਾ ਰਹਿੰਦਾ ਹੈ। ਕਬੱਡੀ ਦਾ ਚੰਗਾ ਖਿਡਾਰੀ ਰਿਹਾ ਹੈ ਤੇ ਬੀ.ਐਸ.ਸੀ. ਤੱਕ ਪੜ੍ਹਾਈ ਕੀਤੀ ਹੋਈ ਹੈ ਪਰ ਛੋਟੀ ਨੌਕਰੀ ਵਿਚ ਟਿਕ ਨਹੀਂ ਸਕਦਾ ਅਤੇ ਮੰਦਵਾੜੇ ਦੇ ਦਿਨਾਂ ਵਿਚ ਲਗਾਤਾਰ ਨੌਕਰੀਆਂ ਤੋਂ ਜੁਆਬ ਮਿਲਦਾ ਰਹਿੰਦਾ ਹੈ। ਅੱਤਵਾਦੀ ਪੱਪੀ ਤੇ ਉਸਦੇ ਸਾਰੇ ਪਰਿਵਾਰ ਨੂੰ ਮਾਰ ਜਾਂਦੇ ਹਨ ਕਿਉਂਕਿ ਪੱਪੀ ਦਾ ਪਿਉ ਪੁਲੀਸ ਵਿਚ ਥਾਣੇਦਾਰ ਹੈ। ਬਚਿੱਤਰ ਦੀ ਕਹਾਣੀ ਇਕ ਅਜਿਹੇ ਵਿਅਕਤੀ ਦੀ ਕਹਾਣੀ ਹੈ ਜੋ ਸੱਚਾ ਸੁੱਚਾ ਵੀ ਰਹਿਣਾ ਚਾਹੁੰਦਾ ਹੈ ਪਰ ਹਾਲਾਤ ਉਸਨੂੰ ਝੂਠ ਬੋਲਣ ਲਈ ਵੀ ਮਜ਼ਬੂਰ ਕਰਦੇ ਹਨ। ਨਾਵਲਕਾਰ ਨੇ ਨਾਵਲੀ ਜੁਗਤ ਰਾਹੀਂ ਉਸ ਨੂੰ ਉਸ ਸਥਿਤੀ ਵਿਚੋਂ ਤਾਂ ਕੱਢ ਦਿੱਤਾ ਹੈ ਜਿਸ ਵਿਚ ਉਹ ਆਪਣੇ ਆਪ ਨੂੰ ਸ਼ਰਨ ਲੈਣ ਖਾਤਰ ਨਕਲੀ ਅੱਤਵਾਦੀ ਬਣਨ ਤੋਂ ਗੁਰੇਜ਼ ਕਰਦਾ ਹੈ ਪਰ ਇਸ ਨਾਲ ਉਸਦੀ ਡਾਂਵਾਂਡੋਲ ਮਾਨਸਿਕਤਾ ਨੂੰ ਅਵੱਸ਼ ਪ੍ਰਗਟਾ ਦਿੱਤਾ ਹੈ। ਬਚਿੱਤਰ ਦੀ ਕਹਾਣੀ ਨਾਲ ਭਾਰਤ ਵਿਚ ਜੁੜਦੀ ਤੰਦ ਅੱਤਵਾਦੀਆਂ ਵੱਲੋਂ ਕੀਤੇ ਕਤਲਾਂ ਨਾਲ ਜੁੜਦੀ ਹੈ।

ਤੀਜਾ ਪ੍ਰਮੱਖ ਪਾਤਰ ਕੁਲਦੀਪ ਵਕਾਲਤ ਦੀ ਪੜ੍ਹਾਈ ਕਰਦਾ ਹੈ ਅਤੇ ਬਹੁਤ ਸਾਰੇ ਪ੍ਰਵਾਸੀਆਂ ਦੇ ਰਾਜਨੀਤਕ ਸ਼ਰਨ ਦੇ ਕੇਸ ਪਾਸ ਕਰਵਾਉਂਦਾ ਹੈ। ਉਹ ਪਹਿਲਾਂ ਵਿਆਹਿਆ ਹੋਇਆ ਸੀ ਤੇ ਇਕ ਬੱਚੇ ਦਾ ਬਾਪ ਹੈ। ਉਹਦੀ ਪਤਨੀ ਕੈਨੇਡੀਅਨ ਨਾਗਰਿਕ ਸੀ ਤੇ ਕੁਲਦੀਪ ਉਸਦੇ ਨਾਲ ਵਿਆਹ ਕਰਵਾ ਕੇ ਉਧਰ ਪਹੁੰਚਿਆ ਸੀ। ਉਸਦੀ ਪਤਨੀ ਪੱਛਮੀ ਮਾਹੌਲ ਵਿਚ ਪਲੀ ਹੋਈ ਸੀ ਅਤੇ ਉਹ ਉਸਦੇ ਬੌਸ ਨਾਲ ਉਸਦੇ ਸਬੰਧਾਂ ਨੂੰ ਬਰਦਾਸ਼ਤ ਨਹੀਂ ਕਰ ਸਕਿਆ, ਇਸ ਲਈ ਉਹਨੂੰ ਕੁੱਟ ਮਾਰ ਕੇ ਤੇ ਭੱਜ ਕੇ ਅਮਰੀਕਾ ਆ ਵੜਿਆ। ਇੱਥੇ ਆ ਕੇ ਉਸਦਾ ਵਕਾਲਤ ਦੀ ਪੜ੍ਹਾਈ ਸਮੇਂ ਇਕ ਅਰਬੀ ਮੁਸਲਮ ਔਰਤ ਨਾਲ ਜੋ ਇਕ ਕੁੜੀ ਦੀ ਮਾਂ ਹੈ, ਪਿਆਰ ਸਬੰਧ ਬਣ ਜਾਂਦਾ ਹੈ ਤੇ ਉਹ ਕੁਲਦੀਪ ਕਦੀਮ ਬਣ ਕੇ ਉਸਦਾ ਬਿਜਨਸ ਪਾਰਟਨਰ ਤੇ ਲਾਈਫ ਪਾਰਟਨਰ ਬਣ ਕੇ ਸੌਖੀ ਜ਼ਿੰਦਗੀ ਜਿਉਣ ਵਿਚ ਸਫਲ ਹੋ ਜਾਂਦਾ ਹੈ।

ਚੌਥਾ ਪਾਤਰ ਵਰਿੰਦਰ ਕੁਮਾਰ ਸ਼ਰਮਾ ਪੜ੍ਹਿਆ ਲਿਖਿਆ ਹੁਨਰਮੰਦ ਤਕਨੀਕੀ ਕਾਮਾ ਹੈ ਜੋ ਮੰਦਵਾੜੇ ਦੇ ਦਿਨਾਂ ਵਿਚ ਬੇਕਾਰ ਹੋ ਜਾਂਦਾ ਹੈ ਅਤੇ ਅਨਪੜ੍ਹਾਂ ਵਾਲੀ ਨੌਕਰੀ ਕਰਨੀ ਆਪਣੀ ਤੌਹੀਨ ਸਮਝਦਾ ਹੈ। ਬੇਕਾਰੀ ਕਾਰਨ ਅਤੇ ਮਹਿੰਗਾ ਇਲਾਕਾ ਹੋਣ ਕਰਕੇ ਉਹ ਸਿਲੀਕੋਨ ਵੈਲੀ ਤੋਂ ਬਦਲ ਕੇ ਨਿਊਯਾਰਕ ਸ਼ਿਫਟ ਹੋ ਜਾਣ ਦਾ ਫੈਸਲਾ ਕਰਦਾ ਹੈ ਜਿਥੇ ਉਸਦੀ ਭੂਆ ਦੀ ਕੁੜੀ ਦਾ ਕਾਰੋਬਾਰ ਹੈ। ਉਸਦੀ ਸੱਜ ਵਿਆਹੀ ਪਤਨੀ ਅਨੁਨੀਤਾ ਵੀ ਅਮਰੀਕਾ ਪਹੁੰਚਣ ਵਾਲੀ ਹੈ।

"ਬਲਦੇ ਸਿਵਿਆਂ ਦਾ ਸੇਕ" ਨਾਵਲ ਪੰਜਾਬ ਦੀ ਨਕਸਲਾਈਟ ਮੂਵਮੈਂਟ ਦੇ ਪ੍ਰਭਾਵ, ਖਾਲਿਸਤਾਨੀ ਦਹਿਸ਼ਤਗਰਦੀ, ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਅਮਰੀਕਾ ਦੇ ਇਕੋ ਇਕ ਵਿਸ਼ਵ ਸ਼ਕਤੀ ਬਣਨ, ਯੂਪੀ ਦੇ ਤਰਾਈ ਇਲਾਕੇ ਦੇ ਸਿੱਖਾਂ ਦੀ ਸਥਿਤੀ ਅਤੇ ਕਈ ਕੁਝ ਹੋਰ ਨੂੰ ਵੀ ਕਲੇਵਰ ਵਿਚ ਲੈਂਦਾ ਹੈ ਅਤੇ ਨਾਂਹ ਨਾਂਹ ਕਰਦੇ

ਵੀ ਲੇਖਕ ਵੱਖ ਵੱਖ ਪਾਤਰਾਂ ਰਾਹੀਂ ਬਿਰਤਾਂਤਕ ਕਹਾਣੀ ਵਿਚ ਖੁਦ ਦਖਲਅੰਦਾਰੀ ਕਰਦਾ ਨਜ਼ਰ ਆਉਂਦਾ ਹੈ। ਕਦੇ ਉਹ ਪ੍ਰੋਫੈਸਰ ਹਰਮਨ ਦੇ ਰੂਪ ਵਿਚ ਮੌਜੂਦ ਹੁੰਦਾ ਹੈ ਜੋ ਪ੍ਰੋ: ਹਰਭਜਨ ਸਿੰਘ ਦਾ ਹੀ ਗਲਪੀ ਰੂਪ ਜਾਪਦਾ ਹੈ, ਤੇ ਕਦੇ ਉਸਦੀ ਸੋਚ ਨੂੰ ਅੱਗੇ ਤੋਰਨ ਵਾਲੇ ਬਚਿੱਤਰ ਜਾਂ ਬਲਵੀਰ ਦਾ ਰੂਪ ਲੈ ਜਾਂਦਾ ਹੈ। ਬਿਰਤਾਂਤਕ ਪੱਖ ਤੋਂ ਲੇਖਕ ਦੀ ਦਖਲਅੰਦਾਜ਼ੀ ਨਾਵਲ ਨੂੰ ਕਮਜ਼ੋਰ ਕਰ ਰਹੀ ਹੈ ਪਰ ਇਹੀ ਦਖਲਅੰਦਾਜੀ ਉਸਨੂੰ ਵਿਚਾਰਧਾਰਕ ਪੱਖੋਂ ਸਪਸ਼ਟਤਾ ਦੇ ਰਹੀ ਹੈ।

ਵਿਚਾਰਧਾਰਕ ਪੱਖ ਤੋਂ ਇਹ ਨਾਵਲ ਪੂਰਵਲੇ ਪ੍ਰਵਾਸੀ ਨਾਵਲਾਂ ਦੇ ਉਦਰੇਵੇਂ ਤੋਂ ਲੱਗਭਗ ਮੁਕਤ ਹੈ ਅਤੇ ਇਸਦੇ ਬਹੁਤੇ ਪਾਤਰ ਵੀ ਵਿਚਾਰਧਾਰਕ ਤੌਰ ਤੇ ਸਪੱਸ਼ਟ ਹਨ ਅਤੇ ਉਹ ਮਾਨਵ ਹਿਤੈਸ਼ੀ ਰੂਪ ਵਿਚ ਹੀ ਸਾਹਮਣੇ ਆਉਂਦੇ ਹਨ। ਨਾਵਲਕਾਰ ਇਹ ਵੀ ਦਰਸਾਉਣਾ ਚਾਹੁੰਦਾ ਹੈ ਕਿ ਬਹੁ ਗਿਣਤੀ ਨੂੰ ਆਪਣੀ ਚੰਗੀ ਜ਼ਿੰਦਗੀ ਲਈ ਹਰ ਥਾਂ ਹੀ ਸੰਘਰਸ਼ ਕਰਨਾ ਪੈਂਦਾ ਹੈ ਅਤੇ ਕਰਨਾ ਚਾਹੀਦਾ ਹੈ। ਉਸਦੇ ਪਾਤਰ ਇਉਂ ਨਿਰੰਤਰ ਸੰਘਰਸ਼ ਦੇ ਰਾਹ ਤੁਰੇ ਰਹਿੰਦੇ ਹਨ। ਅਜਿਹਾ ਉਤਸ਼ਾਹ ਵਰਧਕ ਨਾਵਲ ਜਸਵੰਤ ਸਿੰਘ ਕੰਵਲ ਤੋਂ ਬਾਅਦ ਮੁੜ ਪ੍ਰੋ: ਹਰਭਜਨ ਸਿੰਘ ਨੇ ਲਿਖਿਆ ਹੈ।

ਇਕ ਮਿਸਾਲ ਵਜੋਂ ਬਚਿਤਰ ਨੂੰ ਸਮਝਾਉਂਦਾ ਗੁਰਇਕਬਾਲ ਆਖਦਾ ਹੈ:

"ਇਹ ਪੂੰਜੀਵਾਦ ਦੀ ਫਿਰ ਚੜ੍ਹਤ ਦਾ ਦੌਰ ਹੈ, ਪਿਆਰੇ! ਇਸ ਦੌਰ ਦਾ ਮੁਕਾਬਲਾ ਕਰਨ ਲਈ, ਹਰ ਸ਼ਖਸ ਨੂੰ ਸਮਝਦਾਰ, ਸੰਤੁਲਿਤ ਅਤੇ ਬਹਾਦੁਰ ਹੋਣਾ ਚਾਹੀਦਾ ਹੈ ... ਇੰਨਾ ਸਮਝਦਾਰ ਕਿ ਇਸ ਸਿਸਟਮ ਦੀ ਹਰ ਬਰਬਰਤਾ, ਬੇਇਨਸਾਫੀ ਅਤੇ ਵਿਤਕਰੇ ਨੂੰ ਸਮਝ ਸਕਦਾ ਹੋਵੇ ... ਇੰਨਾ ਸੰਤੁਲਿਤ ਕਿ ਹਰ ਸਦਮੇ, ਤ੍ਰਾਸਦੀ ਤੇ ਬੇਕਦਰੀ ਨੂੰ ਝੱਲ ਸਕਦਾ ਹੋਵੇ ... ਅਤੇ ਇੰਨਾ ਬਹਾਦੁਰ ਕਿ ਇਸਨੂੰ ਬਦਲਣ ਲਈ, ਆਪਣਾ ਬਣਦਾ ਹਿੱਸਾ ਪਾ ਸਕਦਾ ਹੋਵੇ ..."

ਇਸ ਨਾਵਲ ਵਿਚ ਔਰਤ ਦੀ ਬਦਲ ਰਹੀ ਸਥਿਤੀ ਦਾ ਬੋਧ ਵੀ ਹੁੰਦਾ ਹੈ। ਪੱਛਮੀ ਮੁਲਕਾਂ ਵਿਚ ਰਹਿ ਰਹੀ ਪੰਜਾਬੀ ਔਰਤ ਵੀ ਬਦਲ ਰਹੀ ਹੈ। ਇਹ ਬਦਲ ਰਹੀ ਸਥਿਤੀ ਕੁਲਦੀਪ ਦੀ ਕੈਨੇਡੀਅਨ ਪਤਨੀ ਵਾਂਗ ਨਾਂਹਵਾਚਕ ਰੂਪ ਵਿਚ ਵੀ ਚਿਤਰਤ ਹੋਈ ਹੈ ਅਤੇ ਮੋਹਨ ਅਤੇ ਰੰਮੀ ਦੇ ਰੂਪ ਵਿਚ ਹਾਂਵਾਚਕ ਰੂਪ ਵਿਚ ਵੀ ਚਿਤਰਤ ਹੋਈ ਹੈ। ਸਮੁੱਚੇ ਨਾਵਲ ਵਿਚ ਇਕ ਗੱਲ ਅਵੱਸ਼ ਸਪਸ਼ਟ ਹੁੰਦੀ ਹੈ ਕਿ ਨਾਵਲਕਾਰ ਅਨੁਸਾਰ ਵਿਆਹ ਸੰਸਥਾ ਦਾ ਭਵਿੱਖ ਕੋਈ ਬਹੁਤਾ ਉਜਵਲ ਨਹੀਂ ਹੈ। ਨਾਵਲ ਵਿਚੋਂ ਲੁਕਵੇਂ ਰੂਪ ਵਿਚ ਪੇਸ਼ ਇਹ ਵਿਚਾਰ ਭਾਰਤੀ ਪ੍ਰਸੰਗ ਵਿਚ ਪੁਨਰ ਵਿਚਾਰ ਦੀ ਮੰਗ ਕਰਦਾ ਹੈ। ਮੇਰੀ ਸਮਝ ਅਨੁਸਾਰ ਸ਼ਾਇਦ ਪੰਜਾਬੀ ਨਾਵਲ ਵਿਚ ਪਹਿਲੀ ਵਾਰੀ ਵਿਆਹ ਸੰਸਥਾ ਨੂੰ ਇਸ ਦ੍ਰਿਸ਼ਟੀ ਤੋਂ ਵੇਖਿਆ ਗਿਆ ਹੈ।

ਨਸਲੀ ਵਿਤਕਰਾ ਹਰ ਪ੍ਰਵਾਸੀ ਨੂੰ ਹੀ ਕਿਸੇ ਨਾ ਕਿਸੇ ਪੜਾਅ ਉਪਰ ਜ਼ਾਹਰਾ ਜਾਂ ਲੁਕਵੇਂ ਰੂਪ ਉਪਰ ਅਵੱਸ਼ ਭੁਗਤਣਾ ਪੈਂਦਾ ਹੈ। ਨਾਵਲ ਵਿਚ ਇਸਦਾ ਬਿਰਤਾਂਤ ਵੀ ਹਾਜ਼ਰ ਹੈ। ਕੀਤੂ ਦੀ ਗੋਰੀ ਗਰਲ ਫਰੈਂਡ ਦੇ ਪਰਿਵਾਰ ਨੂੰ ਉਹਨਾਂ ਦੇ ਸਬੰਧਾਂ ਉਪਰ ਜਿਨਸੀ ਦੀ ਬਜਾਏ ਨਸਲੀ ਕਾਰਨਾਂ ਕਰਕੇ ਇਤਰਾਜ਼ ਹੈ। ਇਸੇ ਕਾਰਨ ਉਹ ਰੰਗਦਾਰ ਲੋਕਾਂ

ਦੇ ਇਲਾਕੇ ਵਿਚੋਂ ਨਿਕਲ ਜਾਂਦੇ ਹਨ। ਉਸਦੀ ਗਰਲ ਫਰੈਂਡ ਦੀ ਮਾਂ ਆਪਣੇ ਪਤੀ ਨਾਲ ਗੱਲ ਕਰਦੀ ਹੋਈ ਕਹਿੰਦੀ ਹੈ:

"ਆਪਾਂ ਨੂੰ ਇਥੋਂ ਤਾਂ ਜਾਣਾ ਹੀ ਪੈਣਾ। ਭਾਵੇਂ ਕਿਤੇ ਹੋਰ ਕੋਈ ਘਰ ਲੈ ਲਈਏ... ਇਸ ਗੰਦ ਚੋਂ ਤਾਂ ਨਿਕਲੀਏ। ਇਥੇ ਤਾਂ ਹੁਣ ਸਾਰੇ ਭੂਰੇ ਪੀਲੇ ਕਾਲੇ ਭਰ ਗਏ ਆ ... ਆਲ ਡਰਟੀ ਸੱਕ ਮੀਨ ਕਲਰਡ ਇੰਮੀਗਰਿੰਟਸ ਬਾਸਟਰਡਜ਼..."

ਨਾਵਲ ਦੇ ਚਾਰ ਪਾਤਰ ਜਿਸ ਅਪਾਰਟਮੈਂਟ ਵਿਚ ਰਹਿੰਦੇ ਹਨ ਉਹ ਅਸਲ ਵਿਚ ਤਾਂ ਪੰਜਾਬ ਦਾ ਹੀ ਪ੍ਰਤੀਕ ਹੈ। ਉਹਨਾਂ ਕੋਲ ਖੱਟਾ ਮਿੱਠਾ ਅਤੀਤ ਵੀ ਹੈ, ਉਹ ਉਜੜੇ ਪੁਜੜੇ ਵੀ ਹਨ ਅਤੇ ਉਹ ਮੁੜ ਸਥਾਪਤ ਹੋਣ ਦੇ ਆਹਰ ਵਿਚ ਵੀ ਹਨ। ਇਸ ਮੁੜ ਸਥਾਪਿਤ ਹੋਣ ਦੇ ਆਹਰ ਵਿਚ ਉਨ੍ਹਾਂ ਨੂੰ ਆਂਸ਼ਿਕ ਸਫਲਤਾ ਵੀ ਮਿਲਦੀ ਹੈ ਪਰ ਅਜੇ ਵੀ ਉਸ ਵਿਚ ਦੁਨਿਆਵੀ ਤੌਰ ਤੇ ਵਧੇਰੇ ਕਾਮਯਾਬੀ ਕੁਲਦੀਪ ਵਰਗੇ ਵਿਅਕਤੀ ਨੂੰ ਹੀ ਮਿਲਦੀ ਹੈ ਜੋ ਹਰ ਸਥਿਤੀ ਨੂੰ ਆਪਣੇ ਪੱਖ ਵਿਚ ਕਰਨ ਲਈ ਹਰ ਹਰਬਾ ਵਰਤ ਲੈਂਦਾ ਹੈ। ਇਸਦੇ ਉਲਟ ਬਚਿੱਤਰ ਵਰਗਾ ਪਾਤਰ ਆਪਣਾ ਦੇਸ਼, ਪ੍ਰੇਮਿਕਾ ਅਤੇ ਖੇਡ ਹੀ ਨਹੀਂ ਗਵਾ ਬੈਠਦਾ ਸਗੋਂ ਇਕ ਸਧਾਰਨ ਮਜਦੂਰ ਬਣ ਕੇ ਰਹਿ ਜਾਂਦਾ ਹੈ।

ਲੇਖਕ ਨੇ ਅਮਰੀਕਾ ਲਈ ਮਗਰਮੱਛ ਦਾ ਬਿੰਬ ਸਿਰਜਿਆ ਹੈ। ਮਗਰਮੱਛ ਜੋ ਸਾਰੇ ਸੰਸਾਰ ਨੂੰ ਖਾਣ ਲੱਗਿਆ ਹੋਇਆ ਹੈ। ਲੇਖਕ ਅਮਰੀਕਾ ਵਿਚ ਵਸਦੇ ਸੰਘਰਸ਼ਸ਼ੀਲ ਪ੍ਰਵਾਸੀਆਂ ਨੂੰ ਉਨ੍ਹਾਂ ਵਿਅਕਤੀਆਂ ਨਾਲ ਤੁਲਨਾਉਂਦਾ ਹੈ ਜੋ ਮਗਰਮੱਛ ਦੇ ਜਬਾੜੇ ਵਿਚ ਬੈਠ ਕੇ ਮੇਖਾਂ ਗੱਡਣ ਦਾ ਪ੍ਰਯਾਸ ਕਰਦੇ ਹਨ। ਬਚਿੱਤਰ ਦੇ ਸੁਪਨੇ ਵਿਚ ਪ੍ਰੋ: ਹਰਮਨ ਉਸਨੂੰ ਸਮਝਾਉਂਦਾ ਹੋਇਆ ਆਖਦਾ ਹੈ -

"ਨਹੀਂ, ਬਚਿੱਤਰ, ਨਹੀਂ! ਤੇਰੀ ਏਥੇ ਬਹੁਤ ਲੋੜ ਹੈ... ਤੂੰ ਆਪਣੀ ਲੋੜ ਨੂੰ ਮਹਿਸੂਸ ਕਰ ਅਤੇ ਦੁਨੀਆਂ ਦੇ ਸਭ ਤੋਂ ਖਤਰਨਾਕ ਮਗਰਮੱਛ ਦੇ ਜਬਾੜੇ ਵਿਚ ਬੈਠ ਕੇ, ਇਸਦੇ ਜਬਾੜੇ ਵਿਚ ਮੇਖਾਂ ਗੱਡਣ ਦਾ ਕੰਮ ਕਰ; ਸਹੀ ਵਿਚਾਰਾਂ ਦੀਆਂ ਮੇਖਾਂ ... ਅਤੇ ਉਠ ਕੇ ਖੜ੍ਹਾ ਹੋ ਜਾਅ! ਦੇਖ, ਦੁਨੀਆ ਭਰ ਦੇ ਲੋਕ ਦੇਖ ਰਹੇ ਹਨ ਕਿ ਬਚਿੱਤਰ ਖੜ੍ਹਾ ਹੈ ਕਿ ਬੈਠਾ? ਰੋਂਦਾ ਏ ਕਿ ਹੱਸਦਾ?"

ਨਾਵਲ ਦੀ ਭਾਸ਼ਾ ਵਿਚ ਕਿਤੇ ਕਿਤੇ ਖੂਬਸੂਰਤ ਭਾਸ਼ਾ ਪ੍ਰਯੋਗ ਦਿਖਾਈ ਦਿੰਦਾ ਹੈ ਜਿਵੇਂ ਹੱਥਾਂ ਵਿਚ ਤਾਜ਼ਾ ਤਾਜ਼ਾ ਬਾਰ-ਬੀਕਿਊ ਕੀਤੇ ਚਿਕਨ ਪੀਸ ਨੱਚ ਰਹੇ ਸਨ। ... ਪਤਝੜ ਜਵਾਨ ਹੋ ਰਹੀ ਸੀ।

ਨਾਵਲਕਾਰ ਨੇ ਕਈ ਥਾਵਾਂ ਤੇ ਤੁਲਨਾ ਦੀ ਵਿਧੀ ਵੀ ਵਰਤੀ ਹੈ। ਇਹ ਤੁਲਨਾ ਕਦੇ ਤਾਂ ਪੰਜਾਬ ਵਿਚ ਭਈਆਂ ਦੀ ਸਥਿਤੀ ਨੂੰ ਅਮਰੀਕਾ ਵਿਚ ਰਹਿੰਦੇ ਪੰਜਾਬੀਆਂ ਨਾਲ ਤੁਲਨਾਉਂਦੀ ਹੈ ਅਤੇ ਕਦੇ ਇਹ ਪੱਛਮੀ ਸਭਿਆਚਾਰ ਦੀ ਭਾਰਤੀ ਸਭਿਆਚਾਰ ਨਾਲ ਤੁਲਨਾ ਕਰਦੀ ਹੈ। ਪੰਨਾ 18 ਉਪਰ ਇਕ ਥਾਂ ਵਰਿੰਦਰ ਆਖਦਾ ਹੈ:

"ਸਾਡਾ ਹਾਲ ਤਾਂ ਭਈਆਂ ਤੋਂ ਵੀ ਮਾੜਾ ਹੈ। ਆਹ ਪੂਰਾ ਹਫਤਾ ਮੈਂ ਸੋਲਾਂ-ਸੋਲਾਂ ਘੰਟੇ ਕੰਮ ਕੀਤਾ ਹੈ ..."

ਇਸੇ ਤਰ੍ਹਾਂ ਦੀ ਤੁਲਨਾ ਪੰਨਾ 121 ਉਪਰ ਵੀ ਦਰਜ ਹੈ – "ਅਸੀਂ ਵੀ ਤਾਂ ਭਈਆਂ ਨੂੰ ਇੰਝ ਹੀ ਮਜ਼ਾਕ ਕਰੀਦੇ ਸੀ ..."

ਦੂਸਰੇ ਪਾਸੇ ਕਿਤੇ ਕ੍ਰਿਸਮਸ ਸਮੇਂ ਦੀਵਾਲੀ ਯਾਦ ਆਉਂਦੀ ਹੈ ਅਤੇ ਕਿਤੇ ਕੋਈ ਈਸਾ ਮਸੀਹ ਨਾਲ ਹਨੂੰਮਾਨ ਨੂੰ ਜੋੜਦਾ ਹੈ।

ਨਾਵਲਕਾਰ ਬਹੁਤੇ ਥਾਵਾਂ ਤੇ ਸਿੱਧੇ ਰੂਪ ਵਿਚ ਅਤੇ ਕਿਤੇ ਕਿਤੇ ਅਸਿੱਧੇ ਰੂਪ ਵਿਚ ਅਮਰੀਕੀ ਪ੍ਰਬੰਧ ਦੇ ਸ਼੍ਰੇਸ਼ਟ ਹੋਣ ਦੀ ਮਿਥ ਦਾ ਵਿਸਫੋਟ ਵੀ ਕਰਦਾ ਹੈ। ਉਹ ਸਪਸ਼ਟ ਕਰਦਾ ਹੈ ਕਿ ਅਮਰੀਕਾ ਵਿਚ ਵੀ ਸਾਰਿਆਂ ਕੋਲ ਹੀ ਪੈਸੇ ਨਹੀਂ ਹਨ ਸਗੋਂ ਉਥੇ ਵੀ ਗਰੀਬ ਲੋਕ ਤੰਗੀ ਤੁਰਸ਼ੀ ਦਾ ਜੀਵਨ ਬਤੀਤ ਕਰਦੇ ਹਨ ਅਤੇ ਬੇਰੁਜਗਾਰੀ ਵੀ ਵੱਡੀ ਪੱਧਰ ਉਪਰ ਹੈ। ਉਹ ਇਕ ਤਰ੍ਹਾਂ ਨਾਲ ਅਮੀਰ ਸ਼ਾਸ਼ਕ ਅਮਰੀਕਾ ਅਤੇ ਆਮ ਗਰੀਬ ਅਮਰੀਕੀ ਜਨਤਾ ਦਰਮਿਆਨ ਭੇਦ ਦਰਸਾਉਂਦਾ ਹੈ।

ਨਾਵਲ ਦੀ ਗੋਂਦ ਪੱਖੋਂ ਵਚਿੱਤਰ ਸਥਿਤੀ ਹੈ ਕਿ ਚਾਰੇ ਮੁੱਖ ਪਾਤਰਾਂ ਅੰਦਰ ਸਾਂਝਾ ਰਹਿਣ ਸਥਾਨ ਅਤੇ ਪਿਛੋਕੜ ਤੋਂ ਇਲਾਵਾ ਬਾਕੀ ਪ੍ਰਵਾਰਕ ਤੰਦਾਂ ਸਾਂਝੀਆਂ ਨਹੀਂ ਹਨ ਇਸ ਕਾਰਨ ਇਹ ਨਾਵਲ ਇਕ ਕਹਾਣੀ ਬਣਨ ਦੀ ਥਾਂ ਅਲੱਗ ਅਲੱਗ ਚਾਰ ਕਹਾਣੀਆਂ ਦਾ ਜੋੜ ਬਣ ਜਾਂਦਾ ਹੈ। ਸ਼ਾਇਦ ਇਸਦਾ ਕਾਰਨ ਤਕਨੀਕ ਪੱਖੋਂ ਪ੍ਰੋ: ਹਰਭਜਨ ਸਿੰਘ ਦਾ ਕਹਾਣੀਕਾਰ ਹੋਣਾ ਵੀ ਹੋ ਸਕਦਾ ਹੈ। ਇਹ ਨਾਵਲ ਦੇ ਘਟਨਾ ਸਥਾਨ ਦੀ ਮਜ਼ਬੂਰੀ ਵੀ ਹੋ ਸਕਦੀ ਹੈ। ਇਹ ਅਮਰੀਕੀ ਪੰਜਾਬੀ ਪਰਵਾਸੀਆਂ ਦਾ ਜੀਵਨ ਸੱਚ ਵੀ ਹੋ ਸਕਦਾ ਹੈ ਪਰ ਇਸ ਨਾਲ ਰਵਾਇਤੀ ਗਲਪੀ ਰਸ ਨਾਲ ਬੱਝੇ ਪਾਠਕ ਨੂੰ ਅਟਪਟਾ ਮਹਿਸੂਸ ਹੁੰਦਾ ਹੈ। ਸ਼ਾਇਦ ਹੁਣ ਨਵਾਂ ਗਲਪ ਇਸੇ ਰੂਪ ਵਿਚ ਹੀ ਲਿਖਿਆ ਜਾਵੇਗਾ।

ਸਮੁੱਚੇ ਰੂਪ ਵਿਚ "ਬਲਦੇ ਸਿਵਿਆਂ ਦਾ ਸੇਕ" ਨਾਵਲ ਵਿਚਾਰਧਾਰਕ ਪੱਖ ਤੋਂ ਕਮਿਊਨਿਸਟ ਵਿਚਾਰਧਾਰਾ ਦੇ ਪ੍ਰਗਤੀਵਾਦੀ ਦਾਇਰੇ ਅੰਦਰ ਹੀ ਵਿਚਰਦਾ ਹੈ। ਸੰਸਾਰ ਪੱਧਰ ਉਪਰ ਸੋਵੀਅਤ ਯੂਨੀਅਨ ਦੇ ਟੁੱਟਣ ਅਤੇ ਅਮਰੀਕੀ ਸਾਮਰਾਜ ਦੀ ਚੜ੍ਹ ਮੱਚਣ ਦੇ ਬਾਵਜੂਦ ਲੇਖਕ ਦਾ ਆਪਣੀ ਵਿਚਾਰਧਾਰਾ ਤੇ ਅਡਿੱਗ ਰਹਿਣਾ ਇਸਦਾ ਹਾਸਲ ਹੈ। ਇਸ ਨਾਵਲ ਨੂੰ ਰਵਾਇਤੀ ਨਾਵਲ ਵਾਂਗ ਨਹੀਂ ਪੜ੍ਹਿਆ ਜਾ ਸਕਦਾ ਕਿਉਂਕਿ ਇਹ ਨਾਵਲ ਆਦਰਸ਼ ਪ੍ਰੇਰਿਤ ਨਾਵਲਾਂ ਦੀ ਕੋਟੀ ਵਿਚ ਆਉਂਦਾ ਹੈ। ਘਟਨਾਵਾਂ ਦੀ ਅੰਦਰਲੀ ਤਰਕ ਵਿਉਂਤ ਅਨੁਸਾਰ ਇਹ ਨਾਵਲ ਵੱਖਰੀ ਵਿਉਂਤ ਬੁਣਦਾ ਹੈ ਜਿਸ ਨਾਲ ਪੰਜਾਬੀ ਪਾਠਕ ਅਜੇ ਸਹਿਜ ਨਹੀਂ ਹੋਇਆ। ਇਸ ਦੇ ਬਾਵਜੂਦ ਇਹ ਨਾਵਲ ਅਮਰੀਕੀ ਪੰਜਾਬੀ ਨਾਵਲ ਵਿਚ ਇਕ ਮਹੱਤਵਪੂਰਨ ਵਾਧਾ ਹੈ।

– ਡਾ: ਰਜਿੰਦਰ ਪਾਲ ਸਿੰਘ ਬਰਾੜ (ਰੀਡਰ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ)

# ਕਨੇਡਾ ਦਾ ਪੰਜਾਬੀ ਸਾਹਿਤ

(ਅਸੀ ਕਨੇਡਾ ਦੇ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਦੀ ਸੂਚੀ ਤਿਆਰ ਕਰ ਰਹੇ ਹਾਂ ਜੋ ਲੜੀ ਵਾਰ ਵਤਨ ਦੇ ਅੰਕਾਂ ਵਿਚ ਛਾਪੀ ਜਾਵੇਗੀ। ਇਸ ਵਾਰ ਕਨੇਡੀਅਨ ਪੰਜਾਬੀ ਲੇਖਕਾਂ ਵਲੋਂ ਲਿਖੀਆਂ ਵਾਰਤਕ ਦੀਆਂ ਕਿਤਾਬਾਂ ਦੀ ਸੂਚੀ ਛਾਪ ਰਹੇ ਹਾਂ। ਕੋਸ਼ਸ਼ ਦੇ ਬਾਵਜੂਦ ਇਹ ਸੰਭਵ ਹੈ ਕਿ ਸਾਡੀ ਸੂਚੀ ਅਧੂਰੀ ਹੋਵੇ। ਕਿਰਪਾ ਕਰ ਕੇ ਆਪਣੀ ਜਾਂ ਕਿਸੇ ਹੋਰ ਲੇਖਕ ਦੀ ਇਸ ਸੂਚੀ ਵਿੱਚੋਂ ਰਹਿ ਗਈ ਪੁਸਤਕ ਬਾਰੇ ਸਾਨੂੰ ਜਾਣਕਾਰੀ ਭੇਜੋ। ਇਹ ਜਾਣਕਾਰੀ ਤੁਸੀਂ ਹਰਪ੍ਰੀਤ ਸੇਖਾ ਦੇ ਧਿਆਨ-ਹਿਤ ਭੇਜ ਸਕਦੋ ਹੋ। ਧੰਨਵਾਦ।)

## ਵਾਰਤਕ ਤੇ ਹੋਰ ਕਿਤਾਬਾਂ

**ਅਜਮੇਰ ਰੋਡੇ**
ਵਿਸ਼ਵ ਦੀ ਨੁਹਾਰ, 1966, ਪੰਜਾਬੀ ਯੂਨੀਵਰਿਸਟੀ ਪਬਲੀਕੇਸ਼ਨਜ਼, ਪਟਿਆਲਾ

**ਅਮਰਜੀਤ ਸੂਫੀ**
ਪੰਜਾਬੀਅਤ ਦੇ ਨਾਂ 'ਤੇ ਵੱਖਵਾਦ ਦੀ ਵਕਾਲਤ, ਅਨੁਪਮ ਪ੍ਰੈਸ, ਜਲੰਧਰ
ਪੰਜਾਬ ਸਮੱਸਿਆ ਇੱਕ ਵਿਸ਼ਲੇਸ਼ਣ, 1992, ਲਾਹੌਰ ਬੁੱਕ ਸ਼ਾਪ, ਲੁਧਿਆਣਾ
ਹੋ ਚੀ ਮਨ ਦੀ ਜੀਵਨੀ, 1996, ਚਿਰਾਗ ਪ੍ਰਕਾਸ਼ਨ
ਸ਼ਹੀਦ ਭਗਤ ਸਿੰਘ ਦੀ ਨਾਸਤਿਕਤਾ, 2003, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
ਸਵੈ-ਜੀਵਨੀ ਕਾਮਰੇਡ ਏ।ਕੇ। ਗੁਪਾਲਨ (ਅੰਗ੍ਰੇਜ਼ੀ ਤੋਂ ਅਨੁਵਾਦ), 2005, ਦੇਸ਼ ਸੇਵਕ ਪ੍ਰਕਾਸ਼ਨ ਚੰਡੀਗੜ੍ਹ

**ਅਰਵਿੰਦਰ ਕੌਰ**
ਨੈਣ ਕਿਣੋ-ਕਿਣ ਰੋਏ, 2003, ਕੁਕਨਸ ਪ੍ਰਕਾਸ਼ਨ, ਜਲੰਧਰ

**ਇਕਬਾਲ ਮਾਹਲ**
ਸੁਰਾਂ ਦੇ ਸੁਦਾਗਰ (ਗਾਇਕਾਂ ਦੇ ਰੇਖਾ-ਚਿੱਤਰ), 1998, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ

**ਪ੍ਰਿੰਸੀਪਲ ਸਰਵਨ ਸਿੰਘ**
ਕਬੱਡੀ ਕਬੱਡੀ, 2007, ਚੇਤਨਾ ਪ੍ਰਕਾਸ਼ਨ, ਲੁਧਿਆਣਾ
***ਬਹੁਤ ਸਾਰੀਆਂ ਹੋਰ ਵਾਰਤਕ ਦੀਆਂ ਕਿਤਾਬਾਂ***

**ਸਾਧੂ ਸਿੰਘ (ਡਾ:)**
ਪੂਰਨ ਸਿੰਘ ਦਾ ਕਾਵਿ ਸਿਧਾਂਤ( ਅਲੋਚਨਾ), ਚੇਤਨਾ ਪ੍ਰਕਾਸ਼ਨ, ਲੁਧਿਆਣਾ,
ਗਦਰ ਪਾਰਟੀ ਦਾ ਇਤਿਹਾਸ ( ਸੋਹਣ ਸਿੰਘ ਜੋਸ਼, ਅੰਗ੍ਰੇਜ਼ੀ ਤੋਂ ਅਨੁਵਾਦ), 2007, ਚੇਤਨਾ ਪ੍ਰਕਾਸ਼ਨ, ਲੁਧਿਆਣਾ

**ਸਾਧੂ ਬਿਨਿੰਗ**
ਬਡ ਢਿੱਲੋਂ ਅਤੇ ਤੋਤੇ ਦੀ ਚੁੰਝ - ਜੀਵਨੀ, ਕਰਤਾਰ ਢਿੱਲੋਂ, ਅਨੁਵਾਦ), 2002, ਕੁਕਨਸ ਪ੍ਰਕਾਸ਼ਨ, ਜਲੰਧਰ

**ਸਾਧੂ ਬਿਨਿੰਗ- ਸੁਖਵੰਤ ਹੁੰਦਲ**
ਭਾਰਤੀਆਂ ਨੇ ਕਨੇਡਾ ਵਿੱਚ ਵੋਟ ਦਾ ਹੱਕ ਕਿਸ ਤਰ੍ਹਾਂ ਲਿਆ: ਪੰਜਾਹਵੀਂ ਵਰ੍ਹੇ-ਗੰਢ ਸਮੇਂ ਵਿਸ਼ੇਸ਼, 1997, ਸੱਥ ਪਬਲੀਕੇਸ਼ਨਜ਼, ਵੈਨਕੂਵਰ

ਸੰਘਰਸ਼ ਦੇ ਸੌ ਵਰ੍ਹੇ: ਕਨੇਡਾ ਵਿੱਚ ਪੰਜਾਬੀ ਪ੍ਰਗਤੀਸ਼ੀਲ ਲਹਿਰ, 2000, ਚੇਤਨਾ ਪ੍ਰਕਾਸ਼ਨ, ਲੁਧਿਆਣਾ

**ਸੁਦਾਗਰ ਸਿੰਘ ਬਰਾੜ ਲੰਡੇ**
ਢਾਈ ਸਦੀਆਂ ਦਾ ਹਾਣੀ ਪਿੰਡ , ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006

**ਸੁੱਚਾ ਸਿੰਘ ਕਲੇਰ**
ਜੱਗ ਬੀਤੀਆਂ, 1997, ਲਾਹੌਰ ਬੁੱਕ ਸ਼ਾਪ, ਲੁਧਿਆਣਾ

**ਸੁਪਨਦੀਪ ਸੰਧੂ**
ਜਾਣੇ-ਅਣਜਾਣੇ ਸਫ਼ਰ (ਸਫ਼ਰਨਾਮਾ), 2001, ਕੁਕਨਸ ਪ੍ਰਕਾਸ਼ਨ, ਜਲੰਧਰ

**ਸੁਰਜਨ ਜ਼ੀਰਵੀ**
ਇਹ ਹੈ ਬਾਰਬੀ ਸੰਸਾਰ, ਚੇਤਨਾ ਪ੍ਰਕਾਸ਼ਨ, 2005, ਲੁਧਿਆਣਾ

**ਸੁਰਜੀਤ ਕਲਸੀ**
ਰੋਮਾਂਸ ਤੋਂ ਯਥਾਰਥ-ਮੋਹਨ ਸਿੰਘ ਤੇ ਫੈਜ਼ ਅਹਿਮਦ ਫ਼ੈਜ, 2003, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

**ਹਰਜੀਤ ਦੌਧਰੀਆ**
ਦਰਸ਼ਨ (ਦਰਸ਼ਨ ਸਿੰਘ ਕਨੇਡੀਅਨ ਦਾ ਜੀਵਨ ਅਤੇ ਦੇਣ - ਸੰਪਾਦਨ), 2004, ਦਰਸ਼ਣ ਸਿੰਘ ਸੰਘਾ 'ਕਨੇਡੀਅਨ' ਹੈਰੀਟੇਜ਼ ਫਾਊਂਡੇਸ਼ਨ

**ਕੇਸਰ ਸਿੰਘ (ਗਿਆਨੀ)**
ਗਦਰੀ ਤੇ ਕਾਮਾ (ਬਾਬਾ ਨਿਰੰਜਨ ਸਿੰਘ ਢਿੱਲੋਂ ਬਾਰੇ - ਸੰਪਾਦਨ), ਅਵਾਮੀ ਪ੍ਰਿੰਟਿੰਗ ਪ੍ਰੈਸ, ਜਲੰਧਰ

**ਪ੍ਰੋ: ਗੁਰਮੀਤ ਸਿੰਘ ਟਿਵਾਣਾ**
ਧਰਮ ਬਨਾਮ ਮਾਰਕਸਵਾਦ, 2005, ਚੇਤਨਾ ਪ੍ਰਕਾਸ਼ਨ, ਲੁਧਿਆਣਾ
ਅੱਖੀ ਡਿੱਠਾ ਸਮਾਜਵਾਦੀ ਕਿਊਬਾ, 2005, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ
ਇਤਿਹਾਸ ਮੈਨੂੰ ਸਹੀ ਸਾਬਤ ਕਰੇਗਾ, ਫਿਡੇਲ ਕਾਸਟਰੋ ਦਾ ਲੰਮਾ ਭਾਸ਼ਨ, ਅਨੁਵਾਦ, 2005, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ

**ਜਰਨੈਲ ਸਿੰਘ ਸੇਖਾ**
ਦੁੱਲੇ ਦੀ ਬਾਰ ਤੱਕ (ਸਫ਼ਰਨਾਮਾ), 2005, ਚੇਤਨਾ ਪ੍ਰਕਾਸ਼ਨ, ਲੁਧਿਆਣਾ

**ਜਰਨੈਲ ਸਿੰਘ ਚਿੱਤਰਕਾਰ**
ਪੰਜਾਬੀ ਚਿੱਤਰਕਾਰ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ

**ਜੁਗਿੰਦਰ ਸਿੰਘ ਸੰਘਾ**
ਜੀਵਨ ਕਸਵੱਟੀ, 2007, ਚੇਤਨਾ ਪ੍ਰਕਾਸ਼ਨ, ਲੁਧਿਆਣਾ

**ਜੋਗਿੰਦਰ ਸ਼ਮਸ਼ੇਰ**
ਲੰਡਨ ਤੋਂ ਦਿੱਲੀ ਕਾਰ ਰਾਹੀਂ (ਸਫ਼ਰਨਾਮਾ), 1972 ਨਵਯੁਗ ਪਬਲਿਸ਼ਰਜ਼, ਦਿੱਲੀ

ਲੰਡਨ ਦੇ ਸ਼ਹੀਦ, 1992, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
ਬਰਤਾਨੀਆ ਵਿੱਚ ਪੰਜਾਬੀ ਜੀਵਨ 'ਤੇ ਸਾਹਿਤ (ਨਿਬੰਧ), 1992, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
1919 ਦਾ ਪੰਜਾਬ (ਇਤਿਹਾਸ), 1992, ਨਵਯੁਗ ਪਬਲਿਸ਼ਰਜ਼ ਦਿੱਲੀ
ਮੈਨੀਟੋਬਾ ਦਾ ਇਤਿਹਾਸ, 2003, ਕੁਕਨੁਸ ਪਬਲਿਸ਼ਰਜ਼, ਜਲੰਧਰ
ਚੀਨ ਵਿੱਚ 22 ਦਿਨ (ਡਾਇਰੀ), 2007, ਮਨਪ੍ਰੀਤ ਪ੍ਰਕਾਸ਼ਨ, ਦਿੱਲੀ
ਪਾਰਵਤੀ ਦੇ ਕੰਢੇ ਕੰਢੇ (ਸਫ਼ਰਨਾਮਾ), 2007, ਮਨਪ੍ਰੀਤ ਪ੍ਰਕਾਸ਼ਨ, ਦਿੱਲੀ
ਫ਼ੈਜ਼ ਅਹਿਮਦ ਫ਼ੈਜ਼ ਦੇ ਖਤ ਬੇਗਮ ਸਰਫ਼ਰਾਜ਼ ਇਕਬਾਲ ਦੇ ਨਾਂ, ਅਨੁਵਾਦ 2002, ਕੁਕਨੁਸ ਪਬਲਿਸ਼ਰਜ਼, ਜਲੰਧਰ
ਸਵੈ ਜੀਵਨੀ ਰਾਲਫ਼ ਰਸਲ, ਅਨੁਵਾਦ 2007, ਕੁਕਨੁਸ ਪਬਲਿਸ਼ਰਜ਼, ਜਲੰਧਰ
ਕਿੱਥੇ ਗਿਆ ਮੇਰਾ ਸ਼ਹਿਰ ਲਾਹੌਰ (ਸੋਮ ਆਨੰਦ ਦੀਆਂ ਯਾਦਾਂ), ਅਨੁਵਾਦ 2007, ਨਵਯੁੱਗ ਪਬਲਿਸ਼ਰਜ਼ ਦਿੱਲੀ

**ਤਾਰਾ ਸਿੰਘ ਹੇਅਰ**
ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, (ਸੰਪਾਦਿਤ) 1984
ਮੁੱਢਲੇ ਕਦਮ, 1994
ਸੰਘਰਸ਼ ਦੇ ਵਰ੍ਹੇ, 1995
ਰੰਗ ਬਦਲਦੇ ਮੌਸਮ, 1996
ਨਵੇਂ ਦਿਸਹੱਦੇ, 1996
ਕਠਨ ਮੋੜ, 1997
ਸਹਿਜ ਤੋਰ, 1997
ਮਨ ਪ੍ਰਦੇਸੀ, 1998
ਦੇਸ ਪਰਾਇਆ, 1999
ਇੱਕਵੀਂ ਸਦੀ ਤੇ ਸਿੱਖ, 1999
ਪੱਚੀ ਸਾਲਾਂ ਪਿੱਛੋਂ ਅੱਖੀਂ ਡਿੱਠਾ ਪੰਜਾਬ (ਸਫ਼ਰਨਾਮਾ) 1996

**ਡਾਕਟਰ ਦਰਸ਼ਨ ਗਿੱਲ**
ਪੰਜਾਬੀ ਭਾਸ਼ਾ: ਕੌਮੰਤਰੀ ਪਰਿਪੇਖ, 2005, ਚੇਤਨਾ ਪ੍ਰਕਾਸ਼ਨ ਲੁਧਿਆਣਾ
ਕਨੇਡਾ ਵਿੱਚ ਪੰਜਾਬੀ ਕਵਿਤਾ (ਪੰਜਾਬੀ ਸਭਿਆਚਾਰ ਦੇ ਸੰਦਰਭ ਵਿੱਚ), 1998, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

**ਦਲਜੀਤ ਸਿੰਘ ਰਖਰਾ**
ਮਨੁੱਖੀ ਪ੍ਰਾਪਤੀ ਦੇ ਸਿਖਰ, ਮੇਪਲ ਲੀਫ਼ ਰਾਈਟਰਜ਼ ਫਾਊਂਡੇਸ਼ਨ, 2005, ਐਡਮਿੰਟਨ
ਸੱਚ ਦੀ ਭਾਲ, ਮੇਪਲ ਲੀਫ਼ ਰਾਈਟਰਜ਼ ਫਾਊਂਡੇਸ਼ਨ, 2006, ਐਡਮਿੰਟਨ

**ਨਵਦੀਪ ਸਿੰਘ ਸਿੱਧੂ**
ਮਾਲਵੇ ਦੀਆਂ ਬਾਤਾਂ, 2001, ਏਸ਼ੀਆ ਵਿਜ਼ਿਨ, ਲੁਧਿਆਣਾ
ਮਾਲਵੇ ਦੀਆਂ ਲੋਕ-ਕਹਾਣੀਆਂ, 2004, ਚੇਤਨਾ ਪ੍ਰਕਾਸ਼ਨ, ਲੁਧਿਆਣਾ

**ਪੰਜਾਬੀ ਲੇਖਕ ਮੰਚ ਵੈਨਕੂਵਰ**
ਕੈਨੇਡੀਅਨ ਪੰਜਾਬੀ ਸਾਹਿਤ ਅਤੇ ਸਭਿਆਚਾਰ, 1990, ਥਰਡ ਆਈ ਪਬਲੀਕੇਸ਼ਨ, ਲੰਡਨ, ਕੈਨੇਡਾ

**ਪ੍ਰਕਾਸ਼ ਸਿੰਘ ਜੰਮੂ**
ਜਾਤ ਪ੍ਰਣਾਲੀ ਤੇ ਪੰਜਾਬੀ ਸਮਾਜ

**ਪੂਰਨ ਸਿੰਘ ਪਾਂਧੀ**
ਵਿਸਾਖੀ ਤੇ ਸਿੱਖ, ਸਵੈਨ ਪ੍ਰੈਸ, 1999, ਟਰਾਂਟੋ
ਗੁਰੂ ਅੰਗਦ ਦੇਵ ਜੀ, 2004, ਸਾਨਾ ਪਰਿੰਟਿੰਗ ਪ੍ਰੈਸ, ਟਰਾਂਟੋ
ਸਿਰ ਨੀਵਾਂ ਕਰ ਦੇਖ, 2006, ਚੇਤਨਾ ਪ੍ਰਕਾਸ਼ਨ, ਲੁਧਿਆਣਾ
ਤੇਰੀਆਂ ਗੱਲਾਂ ਤੇਰੇ ਨਾਲ, 2006, ਚੇਤਨਾ ਪ੍ਰਕਾਸ਼ਨ, ਲੁਧਿਆਣਾ

**ਬਰਜਿੰਦਰ ਕੌਰ ਢਿੱਲੋਂ**
ਦਹਿਸ਼ਤ 1947, (2007) ਚੇਤਨਾ ਪ੍ਰਕਾਸ਼ਨ, ਲੁਧਿਆਣਾ

**ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ**
ਰੰਗ ਕਨੇਡਾ ਦੇ

**ਡਾਕਟਰ ਬਲਬੀਰ ਸਿੰਘ ਪੂਨੀ**
ਕਨੇਡੀਅਨ ਪੰਜਾਬੀ ਕਵਿਤਾ: ਸੰਵਾਦ ਅਤੇ ਸਮਾਲੋਚਨਾ, 2005, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ
***ਦਰਜਨ ਤੋਂ ਉੱਪਰ ਹੋਰ ਵਾਰਤਕ ਦੀਆਂ ਕਿਤਾਬਾਂ***

**ਬਲਵੀਰ ਕੌਰ ਸੰਘੇੜਾ**
ਪ੍ਰਛਾਈਆਂ ਦੇ ਓਹਲੇ, 2002, ਚੇਤਨਾ ਪ੍ਰਕਾਸ਼ਨ, ਲੁਧਿਆਣਾ

**ਭੁੰਮਣ ਸਿੰਘ ਵੈਦ**
ਸੱਤ ਚੇਹਰੇ, 2006, ਤ੍ਰਲੋਚਨ ਪਬਲਿਸ਼ਰਜ, ਚੰਡੀਗੜ੍ਹ

**ਡਾ। ਮਹਿੰਦਰ ਸਿੰਘ**
ਇੰਡੋ-ਕਨੇਡੀਅਨ ਝੇਡਾਂ(ਹਾਸ-ਵਿਅੰਗ), 2007, ਚੇਤਨਾ ਪ੍ਰਕਾਸ਼ਨ, ਲੁਧਿਆਣਾ

**ਮਨਜੀਤ ਸਿੰਘ ਸਿੱਧੂ**
ਵੰਨ-ਸਵੰਨ, 2007, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ

**ਮੇਜਰ ਮਾਂਗਟ**
ਆਹਮਣੇ-ਸਾਹਮਣੇ (ਮੁਲਾਕਾਤਾਂ), 2003, ਚੇਤਨਾ ਪ੍ਰਕਾਸ਼ਨ, ਲੁਧਿਆਣਾ

**ਰਵਿੰਦਰ ਰਵੀ**
ਮੇਰੀ ਸਾਹਿਤਕ ਸਵੈ-ਜੀਵਨੀ, 1994, ਪੰਜਾਬ ਸਾਹਿਤ ਅਕੈਡਮੀ, ਚੰਡੀਗੜ੍ਹ
ਸਿਮਰਤੀਆਂ ਦੇ ਦੇਸ਼,(ਸਫ਼ਰਨਾਮਾ) 1979, ਧਨਪਤ ਰਾਏ ਐਂਡ ਸੰਨਜ਼, ਜਲੰਧਰ

**ਰੂਪੀ ਧਾਲੀਵਾਲ**
ਬੱਚਿਆਂ ਦੀ ਪਰਵਰਿਸ਼ ਕਿਵੇਂ ਕਰੀਏ?, 2005, ਚੇਤਨਾ ਪ੍ਰਕਾਸ਼ਨ, ਲੁਧਿਆਣਾ

***

# ਸੂਚਨਾਵਾਂ

## ਮਾਸਿਕ ਸੀਰਤ

'ਮਾਸਿਕ 'ਸੀਰਤ' ਨੂੰ ਇੰਟਰਨੈੱਟ ਤੇ ਪੜ੍ਹਣ ਲਈ Google ਜਾਂ yahoo 'ਤੇ ਜਾ ਕੇ www.seerat.ca 'ਤੇ ਕਲਿਕ ਕਰੋ ਅਤੇ ਪਿਛਲੇ ਚੌਦਾਂ ਅੰਕ ਪੜ੍ਹੋ । ਆਪਣੇ ਸੰਬੰਧੀਆਂ ਸਨੇਹੀਆਂ ਨੂੰ ਪੜ੍ਹਣ ਦੀ ਦੱਸ ਵੀ ਪਾਓ। ਪੜ੍ਹੋ ਜ਼ਿੰਦਗੀ ਦੇ ਹਲੂਣਵੇਂ ਤਜਰਬੇ। ਵੇਖੋ ਸ਼ਬਦਾਂ ਦੀ ਹੁਨਰ ਮੰਦੀ ਦਾ ਕਮਾਲ। 'ਸੀਰਤ' ਦੇ ਅੰਗ-ਸੰਗ ਨੇ ਪੰਜਾਬੀ ਦੇ ਸਿਰਮੌਰ ਲੇਖਕ। ਗੁਰਦਿਆਲ ਸਿੰਘ ਨਾਵਲਕਾਰ, ਸੁਰਜੀਤ ਪਾਤਰ, ਰਘਬੀਰ ਸਿੰਘ ਸਿਰਜਣਾ, ਸਾਧੂ ਸਿੰਘ, ਬਲਵਿੰਦਰ ਗਰੇਵਾਲ, ਬਲਜਿੰਦਰ ਨਸਰਾਲੀ, ਪਿਆਰਾ ਸਿੰਘ ਭੋਗਲ, ਹਰਨੇਕ ਸਿੰਘ ਘੜੂੰਆਂ, ਜੋਗਿੰਦਰ ਕੈਰੋਂ,ਕਿਰਪਾਲ ਕਜ਼ਾਕ, ਬਲਦੇਵ ਸਿੰਘ ਸੜਕਨਾਮਾ,ਕੇ ਐਲ ਗਰਗ, ਚਮਨ ਲਾਲ, ਸਵਰਨ ਚੰਦਨ, ਗਿਆਨੀ ਸੰਤੋਖ ਸਿੰਘ, ਬਲਦੇਵ ਧਾਲੀਵਾਲ ਅਤੇ ਹੋਰ ਬਹੁਤ ਸਾਰੇ ਚੋਟੀ ਦੇ ਲੇਖਕ ਆਪਣੀਆਂ ਕੀਮਤੀ ਰਚਨਾਵਾਂ ਨਾਲ ਹਰ ਮਹੀਨੇ ਹਾਜ਼ਰ ਹੁੰਦੇ ਹਨ। ਪਿਛਲੇ ਇੱਕ ਸਾਲ ਦੇ ਵਿਚ ਵਿਚ 'ਸੀਰਤ' ਨੇ ਆਪਣੀਆਂ ਲਿਖਤਾਂ ਦੀ ਸਾਰਥਿਕਤਾ ਸਦਕਾ ਪੰਜਾਬੀ ਪਾਠਕ-ਜਗਤ ਵਿਚ, ਦੇਸ਼ ਵਿਦੇਸ਼ ਵਿਚ, ਆਪਣੇ ਪ੍ਰਤੀ ਮਿਕਨਾਤੀਸੀ ਖਿੱਚ ਪੈਦਾ ਕਰ ਲਈ ਹੈ। ਤੁਸੀਂ ਪੜ੍ਹੋਗੇ ਤਾਂ ਸਾਡੇ ਬੋਲਾਂ ਦੀ ਸਦਾਕਤ ਆਪਣੇ ਆਪ ਨਜ਼ਰ ਆ ਜਾਵੇਗੀ। 'ਸੀਰਤ' ਕਨੇਡਾ ਤੋਂ ਪ੍ਰਕਾਸ਼ਿਤ ਵੀ ਹੁੰਦਾ ਹੈ। ਜੇ ਤੁਸੀਂ ਇਸਦੀ ਕਾਪੀ ਪ੍ਰਾਪਤ ਕਰਨਾ ਚਾਹੁੰਦੇ ਹੋਵੋ ਤਾਂ ਸੰਪਾਦਕ ਸੁਪਨ ਸੰਧੂ ਜਾਂ ਵਰਿਆਮ ਸਿੰਘ ਸੰਧੂ ਦੇ ਹੇਠ ਲਿਖੇ ਪਤੇ ਤੇ ਈ ਮੇਲ ਜਾਂ ਫ਼ੋਨ ਕਰ ਸਕਦੇ।

## ਅਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਪੰਜਾਬੀ ਸਾਹਿਤ ਦੀ ਸੰਪਾਦਨਾ

ਅਸਟ੍ਰੇਲੀਆ ਵਿੱਚ ਰਹਿ ਰਹੇ ਪੰਜਾਬੀ ਲੇਖਕ ਗਿਆਨੀ ਸੰਤੋਖ ਸਿੰਘ ਅਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਵਸਦੇ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਦੀ ਕਿਤਾਬ ਸੰਪਾਦਨ ਕਰਨ ਦੇ ਇੱਛੁਕ ਹਨ। ਉਹਨਾਂ ਦੀ ਬੇਨਤੀ ਹੈ ਕਿ ਇਹਨਾਂ ਦੋਹਾਂ ਦੇਸ਼ਾਂ ਦੇ ਪੰਜਾਬੀ ਲੇਖਕ (ਜੋ ਸਾਹਿਤ ਦੇ ਕਿਸੇ ਵੀ ਰੂਪ ਵਿੱਚ ਲਿਖਦੇ ਹੋਣ) ਆਪਣੀ ਇਕ ਰਚਨਾ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਹੇਠ ਲਿਖੇ ਪਤੇ ਉੱਪਰ ਭੇਜਣ ਦੀ ਕਿਰਪਾ ਕਰਨ।

166 Rooty Hill Road, Sydney, NSW, Australia 2766,
Phone: +61 2 9675 7025, Mob. 0410018427
E-Address: gianisantokhsingh@yahoo.com.au